# ਗੁਰਦੁਆਰਿਆਂ

# ਚ


## ਕੁਰੀਤੀਆ ਦਾ ਜਨਮ ਤੇ ਵਿਕਾਸ



**ਲੇਖਕ:-ਗੁਰਬਚਨ ਸਿੰਘ**
ਚੇਅਰਮੈਨ
ਗੋਬਿੰਦ ਸਦਨ,ਯੂ:ਐਸ:ਏ:
੧੩੪ ਗਰੇਵਜ਼ ਰੋਡ,ਸੈਂਟ੍ਰਲ ਸੁਕੇਅਰ,ਨੀਊ ਯਾਰਕ-੧੩੦੩੬

ਕੀਮਤ:-ਪੜ੍ਹਣਾ;ਵਿਚਾਰਣਾ;ਧਾਰਣਾ ਤੇ ਪਰਚਾਰਣਾ

# ਸਮਰਪਣ



ਤ੍ਰੈਦਰਿਸ਼ਟੀ ਦੇ ਮਾਲਕ, ਬ੍ਰਹਮ ਗਿਆਨੀ ,ਨੂਰਾਨੀ ਨੂਰ ਅਨਭਵ ਪ੍ਰਕਾਸ਼ੀ ਤੇ ਅਨਭਵ ਪ੍ਰਕਾਸ ਵੰਡਣ ਵਾਲੇ ਮਹਾਂ ਪੁਰਖ ਸ੍ਰੀ ਮਾਨ ਬਾਬਾ ਵਿਰਸਾ ਸਿੰਘ ਜੀ ਮਹਾਰਾਜ ਨੂੰ ਜਿਨ੍ਹਾਂ ਦੀ ਕਿਰਪਾ ਦਰਿਸ਼ਟੀ ਕਾਰਨ ਪੁਸਤਕ ਲਿਖਣ ਦੀ ਪ੍ਰੇਰਨਾ ਮਿਲੀ ।

ਦਾਸਨ ਦਾਸ,
ਲੇਖਕ

ਧ੍ਰਿਗ ਤਿਨਾ ਕਾ ਜੀਵਿਆ,

ਜਿ ਲਿਖਿ ਲਿਖਿ ਵੇਚਹਿ ਨਾਉ॥

(ਗੁਰੂ ਗ੍ਰੰਥ ਸਾਹਿਬ ਅੰਗ-੧੨੪੫)

# ਪਹਿਲਾ ਅਧਿਆਇ

‘ਚ

## ਕੁਰੀਤੀਆ ਦਾ ਜਨਮ ਤੇ ਵਿਕਾਸ

## ਥਤਕਰਾ


| | |
|---|---|
| ਗੁਰਦੁਆਰਿਆਂ ‘ਚ ਕੁਰੀਤੀਆਂ | ੮ |
| ਅੰਗਰੇਜ਼ਾਂ ਵਲੋਂ ਗੁਰਮਤਿ ਸਾਹਿਤ ਦਾ ਅਧਿਨਅਨ | ੨੩ |
| ਖਾਲਸੇ ਦੇ ਗੁਣ | ੪੦ |
| ਅੰਗਰੇਜ਼ ਸਰਕਾਰ ਵਲੋਂ ਹਰਿਮੰਦਰ ਸਾਹਿਬ ‘ਚ ਅਖੰਡ ਪਾਠ | ੬੬ |
| ਲੰਗਰ ਦੀ ਮਰਯਾਦਾ | ੬੭ |
| ਗੁਰਬਾਣੀ ਵਿੱਚ ਤਬਦੀਲੀ ਸ਼ੁਰੂ | ੭੦ |
| ਅਕਾਲ ਤਖਤ ਸਾਹਿਬ ਨੂੰ ਅਸ਼ਰਧਕ ਬਣਾਉਣ ਦੀ ਯੋਜਨਾ | ੭੪ |
| ਕਿਰਪਾਣ ਪਾਣ ਧਾਰੀਅੰ | ੭੮ |
| ਸੰਸਾਰ ਦੇ ਮੰਚ ਤੇ ਰਾਜਸੀ ਤਬਦੀਲੀਆਂ | ੮੦ |
| ਸ਼ਰੋਮਣੀ ਕਮੇਟੀ ਤੇ ਅਕਾਲੀ ਦਲ ਦੀ ਸਥਾਪਣਾ | ੮੬ |
| ਤਰਨਤਾਰਨ ਤੇ ਨਨਕਾਨਾ ਸਾਹਿਬ ਦੇ ਸਾਕੇ | ੮੭ |

| | |
|---|---|
| ਸਿੱਖ ਗੁਰਦੁਆਰਾ ਐਕਟ ੧੯੨੧ | ੯੪ |
| ਚਾਬੀਆਂ ਦਾ ਮੋਰਚਾ | ੯੬ |
| ਗੁਰੂ ਕੇ ਬਾਗ ਤੇ ਜੈਤੋ ਦੇ ਮੋਰਚੇ | ੧੦੩ |
| ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਐਕਟ ੧੯੨੫ | ੧੦੯ |
| ਕਨੀਘੰਮ ਤੇ ਮੈਕਾਲਫ ਦੇ ਅਧਿਅਨ ਦਾ ਪ੍ਰਭਾਵ | ੧੧੧ |
| ਗੁਰਦੁਆਰਾ ਚੋਣਾਂ | ੧੨੬ |
| ਰਹਿਤਨਾਮਾ–ਗੁਰੂ ਗੋਬਿੰਦ ਸਿੰਘ ਜੀ ਕਾ | ੧੩੦ |
| ਤਨਖਾਹ ਨਾਮਾ | ੧੩੮ |

# ਗੁਰਦੁਆਰਿਆਂ ‘ਚ
# ਕੁਰੀਤੀਆ ਦਾ ਜਨਮ ਤੇ ਵਿਕਾਸ

(ਗੁਰਬਚਨ ਸਿੰਘ)

ਹਰ ਸਿੱਖ ਦਾ ਗੁਰਦੁਆਰੇ ਨਾਲ ਸਰੀਰ ਤੇ ਆਤਮਾ ਦਾ ਸਬੰਧ ਹੈ । ਸਿੱਖ ਸੰਸਾਰ ਵਿਚ ਜਿਥੇ ਵੀ ਗਿਆ,ਉਥੇ ਹੀ ਉਸ ਨੇ ਆਪਣਾ ਆਤਮਕ ਕੇਂਦਰ ਗੁਰਦੁਆਰਾ ਸਥਾਪਤ ਕਰਨ ਦਾ ਯਤਨ ਕੀਤਾ ਜਿਸ ਕਾਰਨ ਸੰਸਾਰ ਦੇ ਬਹੁਤ ਸਾਰੇ ਦੇਸਾਂ ਖਾਸ ਕਰਕੇ ਇੰਗਲੈਂਡ,ਕੀਨੀਆ(ਅਫਰੀਕਾ) ਆਸਟਰੇਲੀਆ,ਅਮਰੀਕਾ ਅਤੇ ਕੈਨੇਡਾ ਦੇ ਬਹੁਤ ਸਾਰੇ ਸਹਿਰਾਂ ਵਿਚ ਕਈ ਕਈ ਗੁਰਦੁਆਰੇ ਇਕੇ ਸ਼ਹਿਰ ਵਿਚ ਸਥਾਪਤ ਹੋਏ ਦਿਖਾਈ ਦੇ ਰਹੇ ਹਨ । ਭਾਵੇਂ ਗੁਰਦੁਆਰੇ ਸਰਭ ਸਾਂਝੇ ਮੰਨੇ ਜਾਂਦੇ ਹਨ ਪਰ ਦੂਸਰੇ ਧਰਮਾਂ ਨੂੰ ਮੰਨਣ ਵਾਲਿਆ ਲਈ ਗੁਰਦੁਆਰੇ ਅਨੋਖੇ ਤੇ ਵਖਰੇ ਰੂਪ ਵਿਚ ਦਿਖਾਈ ਦੇਂਦੇ ਹਨ ਕਿਉਂ ਕਿ ਇਹਨਾਂ ਵਿਚ ਪੂਜਾ,ਪਾਠ,ਕੀਰਤਨ,ਕਥਾ ਆਦਿ ਦੁਜੇ ਧਰਮਾਂ ਅਥਵਾ ਮਜ਼ਹਬਾਂ ਦੇ ਧਾਰਮਿਕ ਅਸਥਾਨਾਂ ਨਾਲੋਂ ਵਖਰੇ ਤੇ ਅਨੋਖੇ ਹਨ,ਉਥੇ ਸਿੱਖ ਧਰਮ ਅਸਥਾਨਾਂ ਦੀ ਆਪਣੀ ਹੀ ਕਿਸਮ ਦੀ ਅਨੋਖੀ ਵਿਸ਼ੇਸਤਾ ਹੈ । ਹਰ ਗੁਰਦੁਆਰੇ ਵਿਚ ਭੋਗ ਸਮੇਂ ਪ੍ਰਸ਼ਾਦਿ(ਕੜਾਹ ਪ੍ਰਸ਼ਾਦਿ) ਵੰਡਣਾ ਤੇ ਫਿਰ ਲੰਗਰ ਦਾ ਚਾਲੂ ਹੋਣਾ ਪਛਮੀ ਦੁਨੀਆ ਦੇ ਲੋਕਾਂ ਲਈ ਬੜਾ ਹੀ ਅਨੋਖਾ ਹੈ । ਇਹੀ ਕਾਰਨ ਹੈ ਕਿ ਸਿੱਖ ਗੁਰਦੁਆਰਾ,ਈਸਾਈ ਚਰਚ,ਮੁਸਲਿਮ ਮਸਜਿੱਦ ਤੇ ਹਿੰਦੂ ਮੰਦਰ ਨਾਲੋਂ ਆਪਣੀ ਵਖਰੀ ਵਿਸ਼ੇਸਤਾ ਰਖਦਾ ਹੈ ਜਿਸ ਕਾਰਨ ਪਰਦੇਸਾਂ ਵਿਚ ਵਸਦੇ ਸਿੱਖਾਂ ਨੂੰ ਇਹ ਆਮ ਸਵਾਲ ਕੀਤਾ ਜਾਂਦਾ ਹੈ ਕਿ ਗੁਰਦੁਆਰਾ ਕਿਸ ਨੂੰ ਕਹਿੰਦੇ ਹਨ ? ਇਸ ਦਾ ਉਤਰ ਦੁਜਿਆਂ ਨੂੰ ਸਮਝਾਉਣ ਲਈ ਆਮ ਤੌਰ ਤੇ ਇਹੀ ਦਿਤਾ ਜਾਂਦਾ ਹੈ ਕਿ ਇਹ ਇਕ ਸਿੱਖ ਟੈਂਪਲ ਹੈ ਜਦ ਕਿ ਗੁਰਦੁਆਰੇ ਦੀ ਸਭ ਤੋਂ ਵੱਡੀ ਵਿਸ਼ੇਸਤਾ ਹੈ ਕਿ ਇਥੇ ਜੁਗੋ ਜੁੱਗ ਅਟੱਲ ਸ਼ਬਦ ਗੁਰੂ ਦੇ ਰੂਪ ਵਿਚ ਦਸਾਂ ਪਾਤਿਸ਼ਾਹੀਆਂ ਦੀ ਜੋਤ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਦਾ ਰਹਿਣ ਵਾਲੇ ਇਲਾਹੀ ਨੂਰ,ਜਾਗਤ ਜੋਤ ਜਿਉਂਦੇ ਜਾਗਦੇ ਹਾਜ਼ਰ ਹਜ਼ੂਰ ਗੁਰੂ ਦੇ ਰੂਪ ਵਿਚ ਮੰਨਿਆ,ਸਤਿਕਾਰਿਆ ਤੇ ਪੂਜਿਆ ਜਾਂਦਾ ਹੈ । ਇਸ ਵਿਚੋਂ ਲੀਤਾ ਗਿਆ ਹੁਕਮ ਅਰਥਾਤ ਵਾਕਿ ਜਿਉਂਦੇ ਜਾਗਦੇ ਗੁਰੂ ਦਾ ਇਲਾਹੀ ਫੁਰਮਾਨ ਸਮਝਿਆ ਤੇ ਮੰਨਿਆ ਜਾਦਾ ਹੈ ਜਿਸ ਦਾ ਅਰੰਭ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਸਮੇਂ ਦਰਬਾਰ ਸਾਹਿਬ ਅੰਮ੍ਰਿਤਸਰ

ਵਿਚ ਬਾਬਾ ਬੁਢਾ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਕ ਤੇ ਲੇਖਕ ਪੰਚਮ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ ਹਦਾਇਤਾਂ ਅਨੁਸਾਰ ਕੀਤਾ । ਇਸ ਪਹਿਲੇ ਹੁਕਮ ਦਾ ਜੋ ਸ਼ਬਦ ਸੀ ਉਸ ਦਾ ਵਰਨਣ ਸਿੱਖ ਇਤਹਾਸ ਵਿਚ ਮਿਲਦਾ ਹੈ ਕਿ

ਸੂਹੀ ਮਹਲਾ ੫॥
ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥
ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚ ਅੰਮ੍ਰਿਤ ਜਲੁ ਛਾਇਆ ਰਾਮ॥
ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ॥
ਜੈ ਜੈਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ॥
ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ॥
ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ॥੧॥(ਗੁਰੂ ਗ੍ਰੰਥ ਸਾਹਿਬ ਪੰਨਾ ੭੯੩)

ਪੰਚਮ ਨਾਨਕ ਸਾਹਿਬ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਬਾਬਾ ਬੁਢਾ ਜੀ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਪਹਿਲੇ ਗ੍ਰੰਥੀ ਥਾਪਿਆ ਕਿਉਂਕਿ ਗ੍ਰੰਥੀ ਲਈ ਇਹ ਜਰੂਰੀ ਕਰਾਰ ਦਿਤਾ ਗਿਆ ਕਿ ਜਦ ਤਕ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ ਉਹ ਗੁਰੂ ਮਹਾਰਾਜ ਜੀ ਦੀ ਹਜ਼ੂਰੀ ਵਿਚ ਰਹੇ ਤਾਂ ਕਿ ਸ਼ਰਧਾਲੂਆਂ ਨੂੰ ਵੀ ਅਟੈਂਡ ਕੀਤਾ ਜਾ ਸਕੇ । ਹਰਿਮੰਦਰ ਸਾਹਿਬ ਅੰਮ੍ਰਿਤਸਰ ਅਤੇ ਹੋਰ ਬਹੁਤ ਸਾਰੇ ਗੁਰਦੁਆਰਿਆਂ ਵਿਚ ਜਿਥੇ ਸੰਗਤ ਦੀ ਆਵਾਜਾਈ ਆਮ ਰਹਿੰਦੀ ਹੈ ਇਕ ਤੋਂ ਵੱਧ ਲੋੜ ਅਨੁਸਾਰ ਗ੍ਰੰਥੀਆਂ ਦੀ ਨਿਯੁਕਤੀ ਕੀਤੀ ਜਾਂਦੀ ਹੈ ।

ਗੁਰਦੁਆਰੇ ਦਾ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਆਮ ਲਿਖਿਆ ਹੋਇਆ ਮਿਲਦਾ ਹੈ ਜਿਸ ਵਿਚ ਗੁਰੂ ਮਹਾਰਾਜ ਜੀ ਇਸ ਸ਼ਬਦ ਦੇ ਭਾਵ ਨੂੰ ਥਾਂ ਥਾਂ ਉਜਾਗਰ ਕਰਦੇ ਹਨ ਕਿ

“ਭਾਂਡਾ ਹੱਛਾ ਸੋਇ ਜੋ ਤਿਸ ਭਾਵਸੀ॥
ਭਾਂਡਾ ਅਤਿ ਮਲੀਣੁ ਧੋਤਾ ਹੱਛਾ ਨ ਹੋਇਸੀ॥
ਗੁਰੂਦੁਆਰੈ ਹੋਇ ਸੋਝੀ ਪਾਇਸੀ॥
ਏਤੁ ਦੁਆਰੈ ਧੋਇ ਹੱਛਾ ਹੋਇਸੀ॥

ਗੁਰਦੁਆਰੇ ਦਾ ਸ਼ਬਦ ਦੋ ਸ਼ਬਦਾਂ ਗੁਰੂ ਅਤੇ ਦੁਆਰ ਤੋਂ ਬਣਦਾ ਹੈ ਜਿਸ ਦਾ ਅਰਥ ਗੁਰੂ ਦਾ ਦਰ ਜਾਂ ਦਰਵਾਜ਼ਾ ਅਥਵਾ ਘਰ ਕੀਤਾ ਜਾਂਦਾ ਹੈ । ਕਈ ਵਿਦਵਾਨ ਇਸ ਦਾ ਅਰਥ ਗੁਰੂ ਰਾਹੀਂ ਵੀ ਕਰਦੇ ਹਨ । ਗੁਰਬਾਣੀ ਵਿਚ ਕਈ ਥਾਵਾਂ ਤੇ ਇਸ ਸ਼ਬਦ ਦੀ ਵਰਤੋਂ ਇਹੋ

ਜਹੇ ਪਵਿਤਰ ਅਸਥਾਨ ਲਈ ਕੀਤੀ ਗਈ ਹੈ ਜਿਥੇ ਗੁਰੂ ਦੇ ਦਰਸਾਏ ਹੋਏ ਮਾਰਗ ਅਨੁਸਾਰ ਵਾਹਿਗੁਰੂ ਅਕਾਲ ਪੁਰਖ ਨਾਲ ਮਿਲਣ ਲਈ ਲਿਵ ਲਗਾਉਣ ਦੀ ਸੋਝੀ ਪੈਂਦੀ ਹੈ ।

"ਗੁਰਦੁਆਰੈ ਨਾਉ ਪਾਈਐ,ਬਿਨੁ ਸਤਿਗੁਰ ਪਲੈ ਨ ਪਾਇ॥
ਸਤਿਗੁਰ ਕੈ ਭਾਣੈ ਮਨਿ ਵਸੈ,ਤਾਂ ਅਹਿਨਿਸ ਲਿਵ ਲਾਇ॥

ਗੁਰਦੁਆਰੇ ਵਿਚ ਲਿਵ ਲਗਾਉਣ ਲਈ ਕਿਹੜੇ ਨਾਮ ਦੀ ਪਰਾਪਤੀ ਹੁੰਦੀ ਹੈ ? ਇਸ ਸਬੰਧੀ ਗੁਰੂ ਨਾਨਕ ਦੇਵ ਜੀ ਦਸਦੇ ਹਨ ਕਿ

"ਗਿਆਨੁ ਧਿਆਨੁ ਲੇ ਸਮਸਰਿ ਰਹੈ॥
ਗੁਰਮੁਖਿ ਏਕੋ ਵਿਰਲਾ ਕੋ ਲਹੈ॥
ਜਿਸ ਨੋ ਦੇਇ ਕਿਆ ਤੇ ਸੁਖੁ ਪਾਇ॥
ਗੁਰੂਦੁਆਰੇ ਆਖਿ ਸੁਣਾਇ॥

ਤੀਸਰੇ ਪਾਤਿਸ਼ਾਹ ਗੁਰੂ ਅਮਰਦਾਸ ਜੀ ਮਹਾਰਾਜ ਆਪਣੀ ਬਾਣੀ ਆਨੰਦ ਸਾਹਿਬ ਵਿਚ ਬੜੀ ਸੁੰਦਰਤਾ ਨਾਲ ਗੁਰਦੂਆਰੇ ਨੂੰ ਦਸਵੇਂ ਦੁਆਰ ਦੀ ਪ੍ਰਾਪਤੀ ਦਾ ਅਸਥਾਨ ਦਸਦੇ ਹਨ ਕਿ

ਵਜਾਇਆ ਵਾਜਾ ਪਉਣ ਨਉ ਦੁਆਰੈ ਪ੍ਰਗਟ ਕੀਏ ਦਸਵਾਂ ਗੁਪਤ ਰਖਾਇਆ॥
ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾਂ ਦੁਆਰ ਦਿਖਾਇਆ॥

ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ ਆਪਣੀ ਪੁਸਤਕ "ਮਹਾਨ ਕੋਸ਼" ਵਿਚ ਗੁਰਦੁਆਰੇ ਸਬੰਧੀ ਲਿਖਦੇ ਹਨ ਕਿ ਗੁਰਦੂਆਰਾ;ਗੁਰੂ ਦਾ ਦੁਆਰ;ਗੁਰੂ ਦਾ ਘਰ;ਸਿੱਖਾਂ ਦਾ ਧਰਮ ਮੰਦਰ ਹੈ;ਗੁਰੂ ਨਾਨਕ ਸਾਹਿਬ ਤੋਂ ਗੁਰੂ ਅਰਜਨ ਸਾਹਿਬ ਜੀ ਦੇ ਸਮੇ ਤਕ ਇਸ ਪਵਿਤਰ ਅਸਥਾਨ ਦਾ ਨਾਮ ਧਰਮਸਾਲ ਪਰਸਿੱਧ ਸੀ ਪਰ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ ਹੁਣ ਤਕ ਇਸ ਅਸਥਾਨ ਦਾ ਨਾਮ ਗੁਰਦੂਆਰਾ ਕਰਕੇ ਪ੍ਰਸਿਧ ਤੁਰਿਆ ਆ ਰਿਹਾ ਹੈ;ਗੁਰਦੁਆਰਾ ਵਿਦਿਆਰਥੀਆਂ ਲਈ ਸਕੂਲ;ਆਤਮ ਜਗਿਯਾਸੁਆਂ ਲਈ ਗਿਆਨ ਉਪਦੇਸ਼ਕ ਆਚਾਰੀਆ;ਰੋਗੀਆਂ ਲਈ ਸਫਾਖਾਨਾ;ਭੁਖਿਆਂ ਲਈ ਅੰਨਪੂਰਣਾ;ਇਸਤ੍ਰੀ ਜ਼ਾਤ ਲਈ ਲੋਹ ਮਈ ਦੁਰਗ;ਮੁਸਾਫਰਾਂ ਲਈ ਵਿਸ਼ਰਾਮ ਘਰ ਹੈ।"

ਸਮੁਚੇ ਰੂਪ ਵਿਚ ਗੁਰਦੂਆਰਾ ਇਕ ਅਧਿਆਤਮਕ ਸਕੂਲ;ਕਾਲਜ ਜ਼ਾਂ ਯੁਨੀਵਰਸਿਟੀ ਹੈ ਜਿਥੇ ਹਰ ਪ੍ਰਾਣੀ ਨੂੰ ਬਿਨਾ ਕਿਸੇ ਜ਼ਾਤ ਪਾਤ ਅਥਵਾ ਲਿੰਗ ਦੇ ਵਿਤਕਰੇ ਦੇ ਆਤਮਕ,ਮਾਨਸਿਕ,ਆਰਥਿਕ ਅਥਵਾ ਰਾਜਨੀਤਕ ਅਗਵਾਈ ਪ੍ਰਾਪਤ ਹੁੰਦੀ ਹੈ ਤਾਂ ਕਿ ਹਰ

ਮਨੁਖ ਸਮਾਨਤਾ,ਬਰਾਬਰਤਾ,ਸਾਂਝੀਵਾਲਤਾ ਅਤੇ ਭਾਈਵਾਲਤਾ ਦਾ ਪਿਆਰ ਭਰਪੂਰ ਸੱਚ ਦਾ ਸੁਨੇਹਾ ਰੱਬੀ ਕਲਾਮ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੁਆਰਾ ਪ੍ਰਾਪਤ ਕਰ ਸਕੇ । ਸੰਸਾਰ ਦੇ ਸਭਨਾਂ ਗੁਰਦੂਆਰਿਆ ਦੇ ਅਗਵਾਈ ਕੇਂਦਰ ਹਰਿ ਮੰਦਰ ਸਾਹਿਬ(ਗੋਲਡਨ ਟੈਂਪਲ)ਅੰਮ੍ਰਿਤਸਰ ਵਿਚ ਗੁਰਮਰਯਾਦਾ ਕਾਇਮ ਕਰਨ ਲਈ ਕਲਗੀਧਰ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਨ ੧੬੯੯ ਦੀ ਵਿਸਾਖੀ ਤੇ ਜਿਥੇ ਖਾਲਸਾ ਪੰਥ ਦੀ ਸਿਰਜਨਾ ਕੀਤੀ ਉਹਥੇ ਉਸੇ ਹੀ ਸਾਲ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਸ਼ਹੀਦ ਨੂੰ ਸੰਗਤਾਂ ਦੀ ਮੰਗ ਤੇ ਅੰਮ੍ਰਿਤਸਰ ਭੇਜਿਆ । ਭਾਈ ਮਨੀ ਸਿੰਘ ਜੀ ਦੀ ੧੭ਵੀਂ-੧੮ਵੀਂ ਸਦੀ ਵਿਚ ਕਾਇਮ ਕੀਤੀ ਗਈ ਗੁਰ ਮਰਯਾਦਾ ਹੁਣ ਤਕ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਲਾਗੂ ਹੈ ਜਿਥੋਂ ਹਰ ਗੁਰਦੂਆਰਾ ਹਰ ਸਮੇ ਅਗਵਾਈ ਲੈਂਦਾ ਆ ਰਿਹਾ ਹੈ । ਭਾਈ ਮਨੀ ਸਿੰਘ ਜੀ ਆਨੰਦਪੁਰ ਸਾਹਿਬ ਤੋਂ ਇਕ ਨਿਸ਼ਾਨ ਸਾਹਿਬ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਇਕ ਬੀੜ ਗੁਰੂ ਗੋਬਿੰਦ ਸਿੰਘ ਜੀ ਤੋਂ ਪ੍ਰਾਪਤ ਕਰਕੇ ਅੰਮ੍ਰਿਤਸਰ ਪੁਜੇ ਸਨ।ਉਹਨਾਂ ਨਾਲ ਗੁਰੂ ਜੀ ਨੇ ਪੰਜ ਸਿੰਘ ਹੋਰ ਵੀ ਘਲੇ ਸਨ।

“ਪੰਜ ਸਿੱਖ ਗੈਲ ਕੀਏ ਤਿਆਰ॥
ਭੁਪਤ ਸਿੰਘ,ਔ ਸਿੰਘ ਗੁਲਜ਼ਾਰ॥
ਚੰਦਰਾ ਕੋਇਰ ਸਿੰਘ,ਸਿੰਘ ਦਾਨ॥
ਪੰਚਮ ਕੀਰਤਾਰ ਸਿੰਘ ਸੁਜਾਨ॥(ਸ਼ਹੀਦ ਬਿਲਾਸ ਭਾਈ ਸੇਵਾ ਸਿੰਘ ਜੀ)

ਭਾਈ ਮਨੀ ਸਿੰਘ ਜੀ ਅਤੇ ਉਹਨਾਂ ਨਾਲ ਅਮ੍ਰਿਤਸਰ ਆਏ ਹੋਏ ਪੰਜ ਸਿੰਘਾਂ,ਭਾਈ ਭੁਪਤ ਸਿੰਘ,ਭਾਈ ਗੁਲਜ਼ਾਰ ਸਿੰਘ,ਭਾਈ ਚੰਦਰਾ ਕੋਇਰ ਸਿੰਘ,ਭਾਈ ਦਾਨ ਸਿੰਘ ਤੇ ਭਾਈ ਕਰਤਾਰ ਸਿੰਘ ਜੀ ਨੇ ਗੁਰੂ ਮਹਾਰਾਜ ਜੀ ਦੇ ਹੁਕਮਾਂ ਅਨੁਸਾਰ ਸ੍ਰੀ ਅਕਾਲ ਤਖਤ ਸਾਹਿਬ ਜੀ ਤੇ ਪਹਿਲੀ ਵਾਰ ਅੰਮ੍ਰਿਤ ਪਾਨ ਕਰਨ ਦੀ ਮਰਯਾਦਾ ਕਾਇਮ ਕੀਤੀ ਜਿਹੜੀ ਕਿ ਹੁਣ ਤਕ ਉਥੇ ਚਾਲੂ ਹੈ । ਇਸੇ ਤਰਾਂ ਦਰਬਾਰ ਸਾਹਿਬ,ਅੰਮ੍ਰਿਤਸਰ ਅਤੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਪਾਵਨ ਅਸਥਾਨਾਂ ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਸਮੇਂ ਤੋਂ ਸੁਖਾਸਨ ਤਕ ਪੂਜਾ ਪਾਠ ਅਥਵਾ ਕੀਰਤਨ ਦੀ ਜੋ ਮਰਯਾਦਾ ਸਥਾਪਤ ਕੀਤੀ ਗਈ ਸੀ ਉਹ ਹੁਣ ਤਕ ਸੰਸਾਰ ਭਰ ਦੇ ਗੁਰਦੂਆਰਿਆ ਨੂੰ ਅਗਵਾਈ ਦੇਂਦੀ ਆ ਰਹੀ ਹੈ । ਇਥੇ ਹਰ ਸਮੇ ਹਰ ਯਾਤਰੂ ਨੂੰ ਬਿਨਾ ਕਿਸੇ ਵਿਤਕਰੇ ਦੇ ਗੁਰੂ ਜੀ ਦੀ ਬਖਸ਼ਿਸ ਦੇ ਰੂਪ ਵਿਚ ਗੁਰੂ ਨਾਨਕ ਸਾਹਿਬ ਜੀ ਵਲੋਂ ਧੁਰ ਦਰਗਾਹ ਤੋਂ ਲਿਆਂਦਾ ਹੋਇਆ ਪ੍ਰਸ਼ਾਦਿ ਦਿਤਾ ਜਾਂਦਾ ਹੈ ਤਾਂ ਕਿ ਹਰ ਪ੍ਰਾਣੀ ਦੇ ਮੰਨ ਵਿਚੋਂ ਨਫਰਤ ਦੀ ਕੁੜਤਣ ਨੂੰ ਦੂਰ ਕਰਕੇ ਪਿਆਰ ਦੀ ਮਿਠਾਸ ਭਰੀ ਜਾ ਸਕੇ ਭਾਵੇਂ ਅਜ ਕਲ ਕੁਰੀਤੀਆਂ ਦੇ ਕਾਰਨ ਬਹੁਤ ਸਾਰੇ ਗੁਰਦੂਆਰਿਆਂ ਵਿਚ ਸਾਡੇ ਆਪਸੀ ਝਗੜਿਆ ਕਾਰਨ ਹੋ ਇਸ ਦੇ ਬਿਲਕੁਲ ਉਲਟ ਰਿਹਾ ਹੈ ਜਿਸ ਕਾਰਨ ਹਰ ਸਿੱਖ ਦੇ ਮੰਨ ਅੰਦਰ ਇਹ ਸਵਾਲ ਉਭਰਨਾ

ਇਕ ਕੁਦਰਤੀ ਗਲ ਹੈ ਕਿ ਇਹ ਕੁਰੀਤੀਆਂ ਸਾਡੇ ਪ੍ਰਾਣਾਂ ਤੋਂ ਵੀ ਪਿਆਰੇ ਗੁਰਦੁਆਰਿਆ ਵਿਚ ਆ ਕਿਥੋਂ ਗਈਆਂ ?

ਗੁਰੂ ਕਲਗੀਧਰ ਪਿਤਾ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਬਾਬਾ ਬੰਦਾ ਸਿੰਘ ਜੀ ਬਹਾਦੁਰ ਦੀ ਅਗਵਾਈ ਵਿਚ ਸਿੱਖਾਂ ਨੇ ਜੋ ਕਾਰਨਾਮੇ ਭਾਰਤ ਦੇ ਉਤਰ ਪਛਮੀ ਇਲਾਕੇ ਵਿਚ ਵਿਖਾਏ ਉਸ ਨੇ ਸਾਰੇ ਭਾਰਤ ਦਾ ਧਿਆਨ ਸਿੱਖਾਂ ਦੀ ਬਹਾਦਰੀ, ਦਲੇਰੀ, ਸੂਰਬੀਰਤਾ, ਸ਼ਹਿਣਸ਼ੀਲਤਾ,ਸਿੱਦਕ ਤੇ ਭਰੋਸੇ ਦੇ ਕਾਰਨ ਜਾਨਣ ਵਲ ਖਿੱਚ ਲਿਆ ਖਾਸ ਕਰਕੇ ਬਾਬਾ ਬੰਦਾ ਸਿੰਘ ਜੀ ਬਹਾਦੁਰ ਤੇ ਉਹਨਾਂ ਦੇ ਸਾਥੀ ਸਿੰਘਾਂ ਦੀਆਂ ਸ਼ਹੀਦੀਆਂ ਨੇ ਤਾਂ ਭਾਰਤ ਭਰ ਵਿਚ ਸਿੰਘਾਂ ਲਈ ਇਕ ਅਨੋਖੀ ਥਾਂ ਬਣਾ ਲਈ ਜਿਸ ਦਾ ਵਰਨਣ ਉਹਨਾਂ ਅੰਗਰੇਜ਼ ਲਿਖਾਰੀਆਂ ਦੀਆਂ ਲਿਖਤਾਂ ਤੋਂ ਅਜ ਵੀ ਪਰਗਟ ਹੋ ਰਿਹਾ ਹੈ।ਉਸ ਸਮੇਂ ਦਿੱਲੀ ਦੇ ਬਾਦਸ਼ਾਹ ਫਾਰੁਖ ਸੀਅਰ ਦੇ ਦਰਬਾਰ ਵਿਚ ਦੋ ਅੰਗਰੇਜ਼ ਅਫਸਰ, ਜਾਨ ਸਰਮਨ ਤੇ ਐਡਵਰਡ ਸਟੀਫਸਨ ਅੰਗਰੇਜ਼ੀ ਸਿਫਾਰਤਾਖਾਨੇ ਦੇ ਮੈਂਬਰ ਸਨ।ਉਹਨਾਂ ਨੇ ਸਿੰਘਾਂ ਦੀਆਂ ਸ਼ਹੀਦੀਆਂ ਦੇ ਸਬੰਧ ਵਿਚ ਇਕ ਪੱਤਰ ਫੋਰਟ ਵਿਲਿਅਮ ਦੇ ਗਵਰਨਰ ਅਤੇ ਪ੍ਰੈਜ਼ੀਡੈਂਟ ਨੂੰ ਲਿਖਦਿਆਂ ਕਿਹਾ ਕਿ ਹਰ ਰੋਜ਼ ਇਕ ਸੌ ਸਿੱਖਾਂ ਨੂੰ ਕਤਲ ਕੀਤਾ ਜਾਂਦਾ ਸੀ । ਜਿਹੜਾ ਆਦਮੀ ਆਪਣਾ ਧਰਮ ਛੱਡਣਾ ਪਰਵਾਨ ਕਰਦਾ ਸੀ ਉਸ ਲਈ ਜਾਨ ਬਖਸ਼ੀ ਦਾ ਵਾਅਦਾ ਦਿਤਾ ਜਾਂਦਾ ਸੀ ਪਰ ਆਖਰੀ ਦਮ ਤਕ ਇਕ ਵੀ ਸਿੱਖ ਧਰਮ ਤੋਂ ਨਹੀ ਫਿਰਿਆ । ਇਕ ਹੋਰ ਲਿਖਾਰੀ ਅਰਵਨ ਲਿਖਦਾ ਹੈ ਕਿ "ਸਭ ਭਾਰਤੀ ਅਤੇ ਯੂਰਪੀਅਨ ਆਲੋਚਕ ਇਹ ਗੱਲ ਕਹਿਣ ਵਿਚ ਇਕ ਜ਼ਬਾਨ ਹਨ ਕਿ ਇਹਨਾਂ ਸਿੱਖਾਂ ਨੇ ਆਪਣੀ ਤਕਦੀਰ ਨੂੰ ਇਕ ਅਨੂਠੇ ਵਿਚ ਸਬਰ ਅਤੇ ਦ੍ਰਿੜਤਾ ਨਾਲ ਝਲਿਆ ਅਤੇ ਆਗੂ ਪ੍ਰਤੀ ਉਹਨਾਂ ਦੀ ਲਗਨ ਤੇ ਸ਼ਰਧਾ ਅਦਭੁੱਤ ਸੀ । ਉਹਨਾਂ ਨੂੰ ਮੌਤ ਦਾ ਕੋਈ ਭੈ ਨਹੀ ਸੀ । ਉਹ ਜੱਲਾਦ ਨੂੰ ਮੁਕਤੀ-ਦਾਤਾ ਕਹਿੰਦੇ ਸਨ ਅਤੇ ਬੜੀ ਖੁਸ਼ੀ ਤੇ ਚਾਅ ਨਾਲ ਉਚੀ ਉਚੀ ਅਵਾਜ਼ ਮਾਰਕੇ ਆਪਣੇ ਜੱਲਾਦ ਨੂੰ ਕਹਿੰਦੇ ਸਨ "ਓਏ ਮੁਕਤੀ ਦਾਤੇ ! ਪਹਿਲਾਂ ਮੈਨੂੰ ਮਾਰ ।" ਕਈ ਸਿੱਖ ਤਾਂ ਇਕ ਦੁਜੇ ਨਾਲ ਇਸ ਗਲ ਤੋਂ ਝਗੜਾ ਵੀ ਕਰਦੇ ਸਨ ਕਿ ਮਰਨ ਵਿਚ ਪਹਿਲ ਉਸ ਨੂੰ ਮਿਲਨੀ ਚਾਹੀਦੀ ਹੈ । ਬਾਬਾ ਬੰਦਾ ਸਿੰਘ ਜੀ ਬਹਾਦੁਰ ਦੀ ਸ਼ਖਸ਼ੀਅਤ ਬਾਰੇ ਇਕ ਮੁਸਲਿਮ ਲਿਖਾਰੀ ਗੁਲਾਮ ਹੁਸੈਣ ਖਾਂ ਆਪਣੀ ਪੁਸਤਕ "ਸੀਅਰ-ਉਲ-ਮੁਤਾਖਰੀਨ" ਵਿਚ ਇਹ ਲਿਖਦਾ ਹੈ ਕਿ ਜਿਸ ਸਮੇ ਬਾਬਾ ਬੰਦਾ ਸਿੰਘ ਜੀ ਨੂੰ ਸਹੀਦ ਕੀਤਾ ਜਾਣ ਲੱਗਾ ਤਾਂ ਇਕ ਸ਼ਾਹੀ ਅਧਿਕਾਰੀ ਮੁਹੰਮਦ ਅਮੀਨ ਖਾਂ ਉਸ ਦੇ ਲਾਗੇ ਖੜਾ ਸੀ।ਉਹ ਬਾਬਾ ਜੀ ਦੇ ਉਤਮ ਜਲਾਲ ਤੋਂ ਇਤਨਾ ਪਰਭਾਵਤ ਹੋਇਆ ਕਿ ਉਹ ਇਹ ਆਖਨ ਲਈ ਮਜ਼ਬੂਰ ਹੋ ਗਿਆ ਕਿ"ਇਹ ਹੈਰਾਨੀ ਵਾਲੀ ਗਲ ਹੈ ਕਿ ਉਸ ਮਨੁਖ ਨੇ,ਜਿਸ ਵਿਚ ਇਤਨੀ ਤੀਖਨਤਾ ਅਤੇ ਉਤਮਤਾ ਹੈ,ਦੁਨੀਆਂ ਨੂੰ ਇਤਨੇ ਕਸ਼ਟਾਂ ਵਿਚ ਅਤੇ ਆਪਣੇ ਆਪ ਨੂੰ ਇਤਨੀ ਮੁਸੀਬਤ ਵਿਚ ਪਾਇਆ ਹੋਵੇ ।"ਬੰਦਾ ਸਿੰਘ ਨੇ ਬੜੇ ਠਰ੍ਹਮੇ ਨਾਲ ਉਤਰ ਦਿਤਾ ਕਿ "ਜਦ ਮਨੁਖਾਂ ਵਿਚ ਮੰਦ ਕਰਮੀ ਸਭ ਹੱਦਾਂ ਟਪ ਜਾਂਦੀ ਹੈ ਤਾਂ ਉਹ ਬਦਲਾ ਸ਼ਕਤੀ ਇਖਲਾਕੋਂ ਡਿੱਗੀ ਦੁਨੀਆਂ ਨੂੰ ਸਜ਼ਾ ਦੇਣ ਲਈ ਮੇਰੇ(ਬਾਬਾ ਬੰਦਾ ਸਿੰਘ ਜੀ ਬਹਾਦੁਰ) ਜਹੀ ਸ਼ਕਤੀ ਨੂੰ ਪੈਦਾ ਕਰਦੀ ਹੈ ਪਰ ਪਿਛੋਂ ਉਹ

ਰੱਬ ਤੇਰੇ(ਅਮੀਨ ਖਾਂ) ਜਹੇ ਆਦਮੀਆਂ ਨੂੰ ਸ਼ਕਤੀ ਦੇਂਦਾ ਹੈ ਤਾਂ ਜੋ ਮੇਰੇ ਜਹਿਆਂ ਨੂੰ ਸਜ਼ਾ ਦਿਤੀ ਜਾ ਸਕੇ।''ਪਰ ਦੁਖ ਦੀ ਗਲ ਹੈ ਕਿ ਅਜ ਬਹੁਤ ਸਾਰੇ ਸਿੱਖ ਆਪਣੇ ਗੁਰਧਾਮਾ ਵਿਚ ਵੱਧ ਰਹੀ ਮੰਦ ਕਰਮੀ ਕਾਰਨ ਪਰੈਸ਼ਾਨ ਤਾਂ ਹਨ ਪਰ ਅਸੀਂ ਅਗਿਆਨਤਾ ਦੇ ਕਾਰਨ ਆਪਣੇ ਨਿਜੀ ਸਵਾਰਥਾਂ ਅਧੀਨ ਗੁਰਮਤ ਸਿਧਾਂਤ ਅਪਨਾਉਣ ਤੋਂ ਮਜਬੂਰ ਹਾਂ।

੧੮ਵੀਂ ਸਦੀ ਈਸਵੀ ਸਿੱਖਾਂ ਦੀਆਂ ਅਥਾਹ ਕੁਰਬਾਨੀਆ ਦੇ ਇਤਹਾਸ ਨਾਲ ਭਰੀ ਪਈ ਹੈ ਜਿਸ ਨੇ ਸੰਸਾਰ ਦੇ ਮੰਚ ਤੇ ਅਨੋਖੇ ਸਿੱਧਾਂਤਕ ਤੇ ਇਤਹਾਸਕ ਪੂਰਨਿਆ ਨੂੰ ਉਲੀਕਿਆ ਹੈ । ਜੇ ਕਰ ਇਸ ਦਾ ਵਰਨਣ ਕੀਤਾ ਜਾਵੇ ਤਾਂ ਇਕ ਵਖਰੀ ਪੁਸਤਕ ਦੀ ਲੋੜ ਹੈ ਜਦ ਕਿ ਹਰ ਸਿੱਖ ਬਾਬਾ ਬੰਦਾ ਸਿੰਘ ਜੀ ਬਹਾਦੁਰ ਦੀ ਸ਼ਹੀਦੀ ਤੋਂ ਪਿਛੋਂ ਦੇ ਬਹੁਤ ਸਾਰੇ ਹਾਲਾਤ ਤੋਂ ਜਾਣੂ ਹੈ ਕਿ ਕਿਸ ਤਰਾਂ ਭਾਈ ਮਨੀ ਸਿੰਘ ਜੀ,ਬਾਬਾ ਦੀਪ ਸਿੰਘ ਜੀ,ਭਾਈ ਤਾਰਾ ਸਿੰਘ ਜੀ,ਭਾਈ ਸੁਬੇਗ ਸਿੰਘ ਜੀ ਤੇ ਭਾਈ ਸ਼ਾਹਬਾਜ਼ ਸਿੰਘ ਜੀ ਅਤੇ ਅਨਗਿਣਤ ਸਿੰਘਾਂ ਤੇ ਸਿੰਘਨੀਆਂ ਨੇ ਅਤਹਿ ਤੇ ਅਸਹਿ ਤਸਈਏ ਝਲਦਿਆਂ ਹੋਇਆਂ ਹੱਸ ਹੱਸ ਕੇ ਮੌਤ ਨੂੰ ਗਲੇ ਲਗਾਇਆ ਸੀ ਜਿਹਨਾਂ ਨੂੰ ਅਸੀਂ ਹਰ ਰੋਜ਼ ਆਪਣੀ ਅਰਦਾਸ ਵਿਚ ਯਾਦ ਕਰਦੇ ਹਾਂ । ਇਸ ਦੇ ਸਿੱਟੇ ਵਜੋਂ ਸਿੱਖ ਪੰਜਾਬ ਵਿਚ ਜਿਥੇ ਰਾਜ ਸਥਾਪਤ ਕਰਨ ਵਿਚ ਸਫਲ ਹੋ ਗਏ ਉਥੇ ਉਹ ਆਪਣੇ ਜੀਵਨ ਦੀ ਅਚਰਨਕ ਉਚਤਾ ਦਾ ਇਹੋ ਜਿਹਾ ਮਾਰਗ  ਉਲੀਕੀ ਜਾ ਰਹੇ ਸਨ ਕਿ ਮਾਹਾਰਾਜਾ ਰਣਜੀਤ ਸਿੰਘ ਜੀ ਦੀ ਅਰਦਾਸ ਦੇ ਸਨਮੁਖ ਅਟਕ ਦਰਿਆ (ਸਿੰਧ ਨਦੀ) ਨੂੰ ਵੀ ਆਪਣੇ ਹੜ੍ਹ ਨੂੰ ਅਟਕਾਉਣਾ ਪੈ ਗਿਆ ਸੀ।ਸਿੱਖਾਂ ਦੀ ਅਚਰਨਕ,ਆਤਮਕ,ਸਮਾਜਕ,ਰਾਜਨੀਤਕ,ਧਾਰਮੁਕ ਅਤੇ ਵਿਹਾਰਵਕ ਉਚਤਾ ਦਾ ਕਾਰਨ ਦਾ ਅੰਦਾਜ਼ਾ ਸਿੱਖ ਦੁਸ਼ਮਨ ਤਾਕਤਾਂ ਵਲੋਂ ਇਹੀ ਲਗਾਇਆ ਗਿਆ ਮੰਨਿਆ ਜਾਂਦਾ ਰਿਹਾ ਹੈ ਕਿ ਸਿੱਖ ਆਪਣੇ ਗੁਰੂ ਦੇ ਹੁਕਮਾਂ,ਗੁਰੂਆਂ ਵਲੋਂ ਦਰਸਾਈ ਗਈ ਰਹਿਤ ਮਰਯਾਦਾ,ਗੁਰ ਇਤਹਾਸ ਅਤੇ ਗੁਬਾਣੀ ਤੇ ਅਤਿ ਦਾ ਭਰੋਸਾ,ਸਿੱਦਕ,ਸਰੱਧਾ ਅਤੇ ਪਿਆਰ ਤੇ ਸਤਿਕਾਰ ਰਖਦੇ ਹੋਏ ਇਹਨਾਂ ਲਈ ਆਪਣਾ ਤੰਨ,ਮੰਨ ਅਤੇ ਧੰਨ ਵੀ ਨਿਛਾਵਰ ਕਰਨ ਤੋਂ ਨਹੀ ਝਿੱਜਕਦੇ । ਇਹ ਸਿੱਖਿਆ ਸਿੱਖਾਂ ਨੂੰ ਆਪਣੇ ਸ਼ਬਦ ਰੂਪ ਗੁਰੂ ਗ੍ਰੰਥ ਸਾਹਿਬ ਜੀ ਜਿਸ ਨੂੰ ਸਿੱਖ ਜੁੱਗੋ ਜੁੱਗ ਅਟਲ ਹਾਜ਼ਰ ਨਾਜ਼ਰ ਪਰਤਖ ਜੀਓਂਦੀ ਜਾਗਦੀ ਆਪਣੇ ਗੁਰੂ ਦੀ ਜੋਤ ਸਮਝਦੇ ਹਨ ਜਿਸ ਦੇ ਇਲਾਹੀ ਨੂਰ ਦੀ ਪ੍ਰਾਪਤੀ ਇਹ ਆਪਣੇ ਪ੍ਰਾਣਾਂ ਤੋਂ ਵੀ ਪਿਆਰੇ ਗੁਰਦੁਆਰਿਆਂ ਵਿਚ ਇਸ ਦਾ ਪਰਕਾਸ਼ ਕਰਕੇ ਇਸ ਵਿਚ ਦਰਜ ਬਾਣੀ ਤੋਂ ਕਰਦੇ ਹਨ ਤੇ ਇਹਨਾਂ ਗੁਰਧਾਮਾਂ ਦਾ ਸਭ ਤੋਂ ਵੱਡਾ ਕੇਂਦਰ ਹਰਿਮੰਦਰ ਸਾਹਿਬ ਅੰਮ੍ਰਿਤਸਰ ਨੂੰ ਸਮਝਿਆ ਜਾਂਦਾ ਹੈ ।

ਸ਼ਾਇਦ ਇਹੀ ਕਾਰਨ ਹੈ ਕਿ ਜਿਸ ਵੀ ਸਿੱਖ ਦੁਸ਼ਮਨ ਤਾਕਤ ਨੇ ਸਿੱਖਾਂ ਨੂੰ ਦਬਾਉਣ ਦਾ ਯਤਨ ਕੀਤਾ ਹੈ ਉਸ ਨੇ ਹਮੇਸ਼ਾਂ ਹੀ ਸਿੱਖ ਗੁਰਦੁਆਰਿਆਂ ਨੂੰ ਹੀ ਆਪਣੀਆਂ ਕੁਟਲ ਨੀਤੀਆਂ ਦਾ ਨਿਸ਼ਾਨਾ ਬਣਾਇਆ ਹੈ । ਇਸ ਦਾ ਅਰੰਭ ੧੭੬੨ ਨੂੰ ਵਿਸਾਖੀ ਦੇ ਸਮੇ ਅਹਿਮਦ ਸ਼ਾਹ ਅਬਦਾਲੀ ਨੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਨੂੰ ਬਾਰੂਦ ਨਾਲ ਉਡਾਕੇ ਕੀਤਾ ਅਤੇ ਸਰੋਵਰ ਨੂੰ ਗਊਆਂ ਦੇ ਖੁਨ ਨਾਲ

ਅਪਵਿੱਤਰ ਕਰਕੇ ਕੂੜੇ ਕਰਕਟ ਨਾਲ ਭਰ ਦਿਤਾ । ਇਕ ਮੁਸਿਲਮ ਲਿਖਾਰੀ ਅਹਿਮਦ ਯਾਦਗਾਰ ਆਪਣੀ ਪੁਸਤਕ ''ਤਾਰੀਖ-ਸਲਾਤੀਨ-ਇ-ਅਫਾਗਿਨਾ'' ਵਿਚ ਲਿਖਦਾ ਹੈ ਕਿ ਜਿਸ ਸਮੇ ਇਮਾਰਤਾਂ ਬਾਰੂਦ ਨਾਲ ਉਡਾਈਆਂ ਜਾ ਰਹੀਆਂ ਸਨ ਤਾਂ ਇਕ ਰੋੜਾ ਉਡਦਾ ਹੋਇਆ ਅਹਿਮਦ ਸ਼ਾਹ ਦੇ ਨੱਕ ਤੇ ਜਾ ਵੱਜਾ ਤੇ ਉਥੇ ਅਜਿਹਾ ਜ਼ਖ਼ਮ ਹੋ ਗਿਆ ਜਿਹੜਾ ਕਦੇ ਰਾਜ਼ੀ ਨਾ ਹੋਇਆ । ਪਰ ਗੁਰਦੁਆਰੇ ਦੇ ਢੱਠਨ ਨਾਲ ਸਿੱਖਾਂ ਦੇ ਮੰਨਾਂ ਅੰਦਰ ਗੁਬਾਣੀ ਦਾ ਜੋ ਪ੍ਰਕਾਸ਼ ਹੋ ਚੁਕਾ ਸੀ ਉਸ ਸੂਖਮ ਨੂਰ ਨੇ ਇਕ ਵਾਰ ਫਿਰ ਸਾਕਾਰ ਰੂਪ ਧਾਰਨ ਕਰਕੇ ਹਰਿਮੰਦਰ ਸਾਹਿਬ ਜੀ ਦੀ ਮੁੜ ਉਸਾਰੀ ਕਰ ਦਿਤੀ । ਸਿੱਖ ਦੁਸ਼ਮਨਾਂ ਦੀ ਇਹ ਚਾਲ ਕਿ ਸਿੱਖ ਗੁਰਦੁਆਰੇ ਢਾਉਣ ਨਾਲ ਸਿੱਖਾਂ ਦੀ ਸ਼ਕਤੀ ਖਤਮ ਕੀਤੀ ਜਾ ਸਕਦੀ ਹੈ,ਗਲਤ ਸਾਬਤ ਹੋਈ ਕਿਉਂਕਿ ਗੁਰੂ ਮਹਾਰਾਜ ਜੀ ਅਤੇ ਗੁਰਬਾਣੀ ਦੁਆਰਾ ਸਿੱਖ ਜੋ ਸ਼ਕਤੀ ਪ੍ਰਾਪਤ ਕਰੀ ਜਾ ਰਹੇ ਸਨ ਉਸ ਨਾਲ ਉਹਨਾਂ ਨੇ ਨਾ ਕੇਵਲ ਆਪਣੇ ਗੁਰਧਾਮ ਹੀ ਉਸਾਰੇ ਸਗੋਂ ਪੰਜਾਬ ਵਿਚ ਆਪਣਾ ਰਾਜ ਵੀ ਸਥਾਪਤ ਕਰ ਲਿਆ । ਮਹਾਰਾਜਾ ਰਣਜੀਤ ਸਿੰਘ ਨੇ ਇਸ ਪਾਸੇ ਖਾਸ ਧਿਆਨ ਦਿਤਾ ਤੇ ਗੁਰਧਾਮਾਂ ਦੇ ਨਾਮ ਜਿਥੇ ਬਹੁਤ ਸਾਰੀਆਂ ਜਾਗੀਰਾਂ ਲਵਾ ਦਿਤੀਆਂ ਉਹਥੇ ਹਰਿਮੰਦਰ ਸਾਹਿਬ ਨੂੰ ਸਵਰਨ ਮੰਦਰ ਬਣਾ ਦਿਤਾ ਤੇ ਸਾਰੀ ਪਰਕਰਮਾ ਵਿਚ ਸੰਗਮਰ ਮਰ ਲਗਵਾਉਣ ਦੇ ਪ੍ਰਬੰਧ ਕੀਤੇ ਗਏ।

ਗੁਰਦੁਆਰਾ ਪ੍ਰਬੰਧ ਨੂੰ ਸਿੱਖ ਮਰਯਾਦਾ ਅਨੁਸਾਰ ਚਲਾਉਣ ਲਈ ਮਹਾਰਾਜਾ ਰਣਜੀਤ ਸਿੰਘ ਨੇ ਸਰਦਾਰ ਲਹਿਣਾ ਸਿੰਘ ਮਜੀਠੀਆ ਨੂੰ ਸਰਬਰਾਹ ਨਿਯੁਕਤ ਕੀਤਾ ਹੋਇਆ ਸੀ ਜੋ ਕਿ ਸਿੱਖ ਮਰਯਾਦਾ ਦੇ ਜਿਥੇ ਗਿਆਨੀ ਸਨ ਉਥੇ ਉਹ ਮਰਯਾਦਾ ਨੂੰ ਬਹੁਤ ਪੱਕਿਆਈ ਨਾਲ ਲਾਗੂ ਰਖ ਰਹੇ ਸਨ।ਪੰਜਾਬੀ ਦੇ ਪ੍ਰਸਿਧ ਲਿਖਾਰੀ ਤੇ ਪਤਰਕਾਰ ਗਿਆਨੀ ਹੀਰਾ ਸਿੰਘ ਦਰਦ ਆਪਣੇ ਮਾਸਿਕ ਰਸਾਲੇ '' ਫੁਲਵਾੜੀ,ਲਾਹੌਰ'' ਦੇ ਅੰਕ ਅਪ੍ਰੈਲ,ਮਈ,੧੯੩੩ ਵਿਚ ਇਸ ਬਾਰੇ ਲਿਖਦੇ ਹਨ ਕਿ ਗੁਰਦੁਆਰਿਆਂ ਦੇ ਗ੍ਰੰਥੀ ਪੂਰਨ ਸਿੱਖ,ਨਿਸ਼ਕਾਮ ਸੇਵਾ ਦੇ ਚਾਹਵਾਨ ਅਤੇ ਉੱਚੇ ਸੁੱਚੇ ਜੀਵਨ ਵਾਲੇ ਪੰਥ ਵਿਚੋਂ ਰਖੇ ਜਾਂਦੇ ਸਨ ਜਿਹਨਾਂ ਦਾ ਰਖਣਾ ਜਾਂ ਹਟਾਣਾ ਪੰਥਕ ਮੁਖੀਆਂ ਦੇ ਹੱਥ ਵਿਚ ਹੁੰਦਾ ਸੀ । ਕਿਸੇ ਗ੍ਰੰਥੀ ਦਾ ਭੇਟਾ ਦਾ ਹਿਸਾ ਜਾਂ ਚੇਲਾ ਬਣਾਕੇ ਆਪਣੀ ਥਾਂ ਬਿਠਾਉਣ ਦਾ ਹੱਕ ਜਾਂ ਆਪਣੇ ਪੁਤਰ ਨੂੰ ਗੱਦੀ ਦੇਣ ਦਾ ਹੱਕ ਨਹੀ ਸੀ ਮੰਨਿਆ ਜਾਂਦਾ।ਯੋਗਤਾ ਤੇ ਉਚਾ ਸੁਚਾ ਚਾਲ ਚਲਨ ਰਖਨ ਵਾਲਾ ਹੀ ਇਸ ਪਦਵੀ ਦਾ ਹੱਕਦਾਰ ਹੋ ਸਕਦਾ ਸੀ । ਧਾਰਮਕ ਮਰਯਾਦਾ ਵਿਚ ਮਹਾਰਾਜਾ ਰਣਜੀਤ ਸਿੰਘ ਵੀ ਕੋਈ ਦਖਲ ਨਹੀਂ ਦੇਂਦਾ ਸੀ।ਗੁਰੂ ਦੀ ਗੋਲਿਕ ਵਿਚ ਜਿਸ ਮੰਤਵ ਲਈ ਚੜ੍ਹਾਵਾ ਚੜ੍ਹਦਾ ਸੀ,ਸਿੱਖ ਮੁਖੀਆਂ ਵਲੋਂ ਮੁਕੱਰਰ ਕੀਤੇ ਹੋਏ ਇਤਬਾਰੀ ਤੇ ਦਿਆਨਤਦਾਰ ਸਿਖ ਸੇਵਾਦਾਰਾਂ ਰਾਹੀਂ ਖਰਚ ਕੀਤਾ ਜਾਂਦਾ ਸੀ।ਆਮ ਤੌਰ ਤੇ ਚੜ੍ਹਾਵੇ ਨੂੰ ਲੰਗਰ,ਇਮਾਰਤ ਤੇ ਲੋੜਵੰਦਾਂ ਦੀ ਸੇਵਾ ਲਈ ਵਰਤਿਆ ਜਾਂਦਾ ਸੀ।ਕੋਈ ਗ੍ਰੰਥੀ ਚੜ੍ਹਾਵੇ ਵਿਚੋਂ ਕੁਝ ਨਹੀ ਲੈਂਦਾ ਸੀ ਸਗੋਂ ਇਸ ਨੂੰ ਬੁਰਾ ਖਿਆਲ ਕਰਦੇ ਸਨ ਪਰ ਕੁਝ ਨਿਕਾਰਾ ਵਿਅਕਤੀਆਂ ਨੂੰ ਆਪਣੇ ਤੰਨ ਨਿਰਬਾਹ ਲਈ ਇਸ ਵਿਚੋਂ ਕੁਝ ਦੇ ਦਿਤਾ ਜਾਂਦਾ ਸੀ ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਪਿਛੋਂ ਯੱਕਦਮ ਗੁਰਧਾਮਾਂ ਵਿਚ ਕੁਰੀਤੀਆਂ ਨੇ ਬੜੀ ਤੇਜ਼ੀ ਨਾਲ ਉਭਰਨਾ ਸ਼ੁਰੂ ਕਰ ਦਿਤਾ । ਗ੍ਰੰਥੀ,ਪੁਜਾਰੀ,ਕੀਰਤਨੀਏ,ਰਾਗੀ,ਢਾਡੀ ਆਦਿ ਸਭ ਆਪਣੀ ਆਮਦਨ ਵਧਾਉਣ ਵਿਚ ਲਗ ਗਏ ਜਿਸ ਕਾਰਨ ਰਾਗੀਆਂ,ਰਬਾਬੀਆਂ,ਢਾਡੀਆਂ,ਗ੍ਰੰਥੀਆਂ,ਪੁਜਾਰੀਆਂ ਵਿਚਕਾਰ ਝੱਗੜੇ ਵਧਣ ਕਾਰਨ ਸਰਕਾਰ ਨੂੰ ਗੁਰਧਾਮਾਂ ਦੇ ਪ੍ਰਬੰਧ ਵਿਚ ਦਖਲ ਦੇਣ ਦਾ ਬਹਾਨਾ ਮਿਲ ਗਿਆ । ਰਾਜਾ ਤੇਜਾ ਸਿੰਘ ਜਿਸ ਨੇ ਅੰਗਰੇਜ਼ਾਂ ਤੇ ਸਿੱਖਾਂ ਵਿਚਕਾਰ ਜੰਗ ਸਮੇ ਸਿੱਖ ਫੋਜਾਂ ਨਾਲ ਗਦਾਰੀ ਕਰਕੇ ਅੰਗਰੇਜ਼ਾਂ ਦਾ ਸਾਥ ਦਿਤਾ ਸੀ,ਅੰਗਰੇਜ਼ਾਂ ਵਲੋ ਬੜੇ ਸਤਿਕਾਰ ਦਾ ਪਾਤਰ ਸੀ । ਰਾਜਾ ਤੇਜਾ ਸਿੰਘ  ਦੀ ਤਜ਼ਵੀਜ ਤੇ ਉਸ ਸਮੇ ਦੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਮਿਸਟਰ ਕੂਪਰ ਨੇ ਵਾਇਸਰਾਇ ਹਿੰਦ ਤੋਂ ਸਿੱਖ ਸਰਦਾਰਾਂ ਦੀ ਇਕ ਮੀਟਿੰਗ ਦੀ ਇਜ਼ਾਜ਼ਤ ਪ੍ਰਾਪਤ ਕਰ ਲਈ ਤਾਂ ਕਿ ਸਿੱਖਾਂ ਦੇ ਗੁਰਧਾਮਾਂ ਦੇ ਪ੍ਰਬੰਧ ਲਈ ਕੋਈ ਦਸਤੂਰ ਅਮਲ ਵਿਚ ਲਿਆਂਦਾ ਜਾ ਸਕੇ।ਸਿੱਖ ਸਰਦਾਰਾਂ ਦੀ ਇਹ ਮੀਟਿੰਗ ੫ ਸਤੰਬਰ ੧੮੫੯ ਤੋਂ ੧੨ ਸਤੰਬਰ ੧੮੫੯ ਤਕ ਰਾਜਾ ਤੇਜਾ ਸਿੰਘ ਦੀ ਕੋਠੀ ਵਿਚ ਹੋਈ ਜਿਸ ਵਿਚ ਅੰਗਰੇਜ਼ ਡਿਪਟੀ ਕਮਿਸ਼ਨਰ ਮਿਸਟਰ ਕੂਪਰ ਤੋਂ ਬਿਨਾ ਹੇਠ ਲਿਖੇ ਸਿੱਖ ਸਰਦਾਰ ਸ਼ਾਮਲ ਹੋਏ ਸਿੱਖ ਇਤਹਾਸ ਨੇ ਮੰਨੇ ਹਨ ।

੧) ਰਾਜਾ ਤੇਜਾ ਸਿੰਘ,੨)ਸ੍ਰ ਸ਼ਮਸ਼ੇਰ ਸਿੰਘ ਸੰਧਾ ਵਾਲੀਆ,੩)ਸਰਦਾਰ ਦਿਆਲ ਸਿੰਘ,੪)ਭਾਈ ਪ੍ਰਦੁਮਨ ਸਿੰਘ ਗਿਆਨੀ,੫)ਸਰਦਾਰ ਜੈਮਲ ਸਿੰਘ ਖੰਡਾ,੬)ਸ: ਮਹਿਤਾਬ ਸਿੰਘ ਮਜੀਠੀਆ,੭)ਰਾਇ ਮੂਲ ਸਿੰਘ,੮)ਸ: ਮੰਗਲ ਸਿੰਘ,੯)ਸ: ਲਾਲ ਸਿੰਘ, ੧੦)ਸ: ਹਰਦਿਤ ਸਿੰਘ ਭੜਾਨਾ,੧੧)ਸ:ਜੋਧ ਸਿੰਘ,੧੨)ਬਾਵਾ ਸੁੰਦਰ ਸਿੰਘ ਅਤੇ ਹੋਰ ਵੀ ਕਈ ਸਿੱਖ ਪਤਵੰਤੇ ਇਸ ਮੀਟਿੰਗ ਵਿਚ ਸ਼ਾਮਲ ਹੋਏ ।

ਇਸ ਤੋਂ ਪਹਿਲਾਂ ਕਿ ਦਸਤੂਰੁਲ ਅਮਲ ਵਿਚ ਦਰਜ ਵਿਸ਼ੇਸ ਧਾਰਾਵਾਂ ਦਾ ਵਰਨਣ ਕੀਤਾ ਜਾਵੇ ਇਹ ਜਰੂਰੀ ਹੈ ਕਿ ਗੁਰਧਾਮਾਂ ਵਿਚ ਕੁਰੀਤੀਆਂ ਧਸੋੜਣ ਲਈ ਡਿਪਟੀ ਕਮਿਸ਼ਨਰ ਮਿਸਟਰ ਕੂਪਰ ਦੀਆਂ ਕੁਟਲ ਨੀਤੀਆਂ ਦੇ ਅਧਾਰ ਨੂੰ ਵੀ ਸਮਝਨ ਦਾ ਯਤਨ ਕੀਤਾ ਜਾਵੇ । ਮਿਸਟਰ ਕੂਪਰ ਇਹ ਭਲੀ ਭਾਂਤ ਜਾਂਣਦਾ ਸੀ ਕਿ

੧) ਸਿੱਖ ਪੂਜਾ ਦਾ ਧਾਨ ਨਹੀ ਖਾਂਦੇ ਤੇ ਨਾ ਹੀ ਇਸ ਨੂੰ ਆਪਣੇ ਘਰਾਂ ਵਿਚ ਵੜਣ ਦੇਂਦੇ ਹਨ ਜਿਹਾ ਕਿ ਰਹਿਤਨਾਮਿਆ ਵਿਚ ਲਿਖਿਆ ਮਿਲਦਾ ਹੈ ਕਿ

ੳ) ਜਿਮ ਅਹਿ ਮਣਿ ਪ੍ਰਕਾਸ਼ ਕੋ ਪਾਇ॥
ਬੀਨ ਬੀਨ ਕਿਰਮਨ ਕੋ ਖਾਇ॥
ਤਿਮ ਤਿਸ ਨਰ ਕੀ ਕ੍ਰਿਆ ਪਛਾਨੋ॥
ਪਾਠ ਸੁਣਾਇ ਲੇ ਦਰਬ ਮਹਾਨੋ॥(ਸੂਰਜ ਪ੍ਰਕਾਸ਼)

ਅ) ਬੁਰੀ ਬਸਤ ਪੂਜਾ ਕੋ ਕਹਤੇ ਧਰਮਸਾਲ ਨਹ ਬਹਿਤੇ॥
ਗੁਰ ਕੇ ਭਾਣੇ ਪਰ ਖੁਸ਼ ਰਹਿਤੇ ਧਰਮ ਕਿਰਤ ਕਰ ਖਾਤੇ॥(ਗਿ:ਗਿਆਨ ਸਿੰਘ ਜੀ)

ੲ) ਸਸੈ ਸੰਜਮੁ ਗਇਓ ਮੂੜੇ ਏਕੁ ਦਾਨੁ ਤੁਧੁ ਕੁਥਾਇ ਲਇਆ॥
ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ॥
(ਗੁਰੂ ਗ੍ਰੰਥ ਸਾਹਿਬ ਪੰਨਾ ੪੩੫)

ਸ) ਲੈ ਭਾੜਿ ਕਰੇ ਵੀਆਹੁ॥
ਸੁਣਿ ਵੇਖਹੁ ਲੋਕਾ ਇਹੁ ਵਿਡਾਣੁ॥
ਮਨਿ ਅੰਧਾ ਨਾਉ ਸੁਜਾਣੁ॥(ਗੁਰੂ ਗ੍ਰੰਥ ਸਾਹਿਬ ਪੰਨਾ ੪੭੧)

ਹ) ਜੋਗੀ ਹੋਵਾ ਜਗਿ ਭਵਾ ਘਰਿ ਘਰਿ ਭੀਖਿਆ ਲੇਓ॥
ਦਰਗਹ ਲੇਖਾ ਮੰਗੀਐ ਕਿਸ ਕਿਸ ਉਤਰੁ ਦੇਓ॥(ਗੁਰੂ ਗ੍ਰੰਥ ਸਾਹਿਬ ਪੰਨਾ ੧੦੮੯)

ਕ) ਸਿੱਖ ਨ ਪੂਜਾ ਖਾਇ॥
ਰੰਚਕ ਨੀਤ ਕੜਾਹ ਭਰ ਲੇਇ॥
ਗੁਰੂ ਭੁਗਤਿ ਹੀ ਖਾਈਐ ਜੋ ਪਰਸਾਦੀ ਦੇਇ॥(ਰਹਿਤਨਾਮਾ ਭਾਈ ਰਾਮ ਕੌਰ ਜੀ)

ਖ) ਰਹਿਤਵੰਤ ਸਿੰਘ ਹੈ ਜੋਈ॥
ਕਰ ਉਪਾਇ ਧਨ ਖਾਟੇ ਸੋਈ॥
ਤਾਂਹੀ ਕਰ ਘਰ ਕੋ ਨਿਰਬਹੈ॥
ਪੂਜਾ ਭੁਲ ਨ ਕਬੂੰ ਗਹੈ॥
ਧਰਮਸਾਲ ਕੀ ਝਾਕ ਨ ਕਰਨੀ॥
ਮਹਾਂ ਦੋਸ਼ ਹੈ ਗੁਰ ਨੇ ਬਰਨੀ॥
ਅਤੇ
ਸ਼ੁਤ ਜੁਵਤੀ ਯੁਤ ਕਦੇ ਨ ਲੇਈ॥

ਜੇ ਪੂਜਾ ਕੋ ਆਪੇ ਖਾਈ॥
ਧਰਮ ਅਰਥ ਜੜ ਦੇਵੇ ਨਾਹੀ॥
ਤਾਹਿ ਦੁਖ ਹੋਹਿੰਗੇ ਜੋਈ॥
ਤਾਂ ਦੁਖ ਕੋ ਜਾਨੈਗੇ ਸੋਈ॥(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

ਇਸ ਤੋਂ ਉਪਰੰਤ ਜੇ ਕਰ ਸਿੱਖ ਇਤਹਾਸ ਦੇ ਉਹਨਾਂ ਪੰਨਿਆਂ ਦਾ ਅਧਿਅਨ ਕਰੀਏ ਜਿਹੜੇ ਕਿ ਗੁਰੂ ਮਹਾਰਾਜ ਦੇ ਦਰਬਾਰ ਦਾ ਦ੍ਰਿਸ਼ ਸਾਨੂੰ ਵਿਖਾਂਉਂਦੇ ਹਨ ਕਿ ਪੰਚਮ ਪਾਤਿਸ਼ਾਹ ਗੁਰੂ ਅਰਜਨ ਸਾਹਿਬ ਜੀ ਦੇ ਦਰਬਾਰ ਵਿਚ ਕੀਰਤਨ ਕਰਨ ਵਾਲੇ ਕੋਈ ਸ਼ਬਦ ਭੇਟ ਨਹੀ ਲਿਆ ਕਰਦੇ ਸਨ ਜਦ ਕਿ ਬਾਬਾ ਬੁਢਾ ਜੀ ਨੂੰ ਦਰਬਾਰ ਸਾਹਿਬ,ਅੰਮ੍ਰਿਸਰ ਦਾ ਗ੍ਰੰਥੀ ਥਾਪਿਆ ਗਿਆ ਤਾਂ ਉਹ ਵੀ ਪੂਜਾ ਦਾ ਧਾਨ ਨਹੀ ਲਿਆ ਕਰਦੇ ਸਨ ਸਗੋਂ ਝੱਬਾਲ ਨਗਰ ਦੇ ਇਲਾਕੇ ਵਿਚ ਉਹ ਖੇਤੀ ਕੀਤਾ ਕਰਦੇ ਸਨ । ਛੇਵੇਂ ਪਾਤਿਸ਼ਾਹ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖਤ ਸਾਹਿਬ ਤੇ ਢਾਡੀ ਵਾਰਾਂ ਦੀ ਪ੍ਰੰਮਪਰਾ ਚਾਲੂ ਕੀਤੀ ਪਰ ਕਿਸੇ ਸਮੇਂ ਵੀ ਇਸ ਦਾ ਵਰਨਣ ਨਹੀ ਮਿਲਦਾ ਕਿ ਅਕਾਲ ਤਖਤ ਤੇ ਕਿਸੇ ਢਾਡੀ ਨੇ ਪੂਜਾ ਦੇ ਧਾਨ ਨੂੰ ਪ੍ਰਾਪਤ ਕੀਤਾ ਹੋਵੇ । ਇਸੇ ਤਰਾਂ ਦੂਸਰੇ ਗੁਰੂ ਸਾਹਿਬਾਨ ਦੇ ਦਰਬਾਰਾਂ ਦਾ ਇਤਹਾਸ ਵੀ ਪੂਜਾ ਦੇ ਧਾਨ ਨੂੰ ਪ੍ਰਾਪਤ ਕਰਨ ਦੀ ਮਨਾਹੀ ਕਰਦਾ ਹੈ । ਭਾਈ ਮੰਝ ਜੀ ਦੀ ਸਾਖੀ ਤਾਂ ਇਸ ਗੁਰਮਤ ਸਿੱਧਾਂਤ ਨੂੰ ਬੜਾ ਸਪਸ਼ਟ ਕਰਦੀ ਹੈ ਕਿ ਉਹ ਗੁਰੂ ਅਰਜਨ ਸਾਹਿਬ ਜੀ ਦੇ ਹੁਕਮਾਂ ਮੁਤਾਬਕ ਬੜੇ ਪਿਆਰ ਤੇ ਸਤਿਕਾਰ ਨਾਲ ਲੰਗਰ ਦੀ ਸੇਵਾ ਕੀਤਾ ਕਰਦੇ ਸਨ ਜਦ ਕਿ ਉਹਨਾਂ ਦੀ ਸੇਵਾ ਦੀ ਪ੍ਰਸੰਨਸਾ ਕੁਝ ਸਿੱਖਾਂ ਨੇ ਗੁਰੂ ਜੀ ਪਾਸ ਕੀਤੀ ਤਾਂ ਗੁਰੂ ਜੀ ਨੇ ਭਾਈ ਸਾਹਿਬ ਨੂੰ ਆਪਣੇ ਪਾਸ ਬੁਲਾਇਆ ਤੇ ਉਹਨਾਂ ਦੀ ਸੇਵਾ ਦਾ ਵਰਨਣ ਕਰਦਿਆਂ ਇਹ ਪੁੱਛ ਲਿਆ ਕਿ ਭਾਈ ਸਾਹਿਬ ਜੀ ਆਪ ਜੀ ਨੇ ਆਪਣੇ ਖਾਣ ਪਾਨ ਦਾ ਕੀ ਪ੍ਰਬੰਧ ਕੀਤਾ ਹੋਇਆ ਹੈ ? ਭਾਈ ਸਾਹਿਬ ਜੀ ਨੇ ਜਦ ਇਹ ਦਸਿਆ ਕਿ ਉਹ ਤਾਂ ਲੰਗਰ ਵਿਚੋਂ ਹੀ ਆਪਣਾ ਗੁਜ਼ਰ ਕਰ ਲੈਂਦੇ ਹਨ ਤਾਂ ਗੁਰੂ ਜੀ ਨੇ ਫੁਰਮਾਇਆ ਕਿ ਇਹ ਕੋਈ ਸੇਵਾ ਨਹੀ ਸਗੋ ਮਜ਼ਦੂਰੀ ਹੈ । ਜਦ ਭਾਈ ਸਾਹਿਬ ਜੀ ਨੇ ਸੇਵਾ ਦੇ ਗਿਆਨ ਦੀ ਪ੍ਰਾਪਤੀ ਲਈ ਗੁਰ ਚਰਨਾਂ ਵਿਚ ਅਰਦਾਸ ਬੇਂਨਤੀ ਕੀਤੀ ਤਾਂ ਹੁਕਮ ਹੋਇਆ ਕਿ ਹਰ ਰੋਜ਼ ਲੰਗਰ ਵਾਸਤੇ ਜੰਗਲ ਵਿਚੋਂ ਲਕੱੜੀਆਂ ਲਿਆ ਕੇ ਫਿਰ ਨਗਰ ਵਿਚ ਜਾ ਕੇ ਆਪਣੇ ਨਿਰਭਾਹ ਲਈ ਕੋਈ ਕਿਰਤ ਕੀਤਾ ਕਰੋ।ਭਾਈ ਸਾਹਿਬ ਜੀ ਨੇ ਅਜਿਹਾ ਹੀ ਕਰਨਾ ਸ਼ੁਰੂ ਕਰ ਦਿਤਾ । ਕੀ ਅੱਜ ਦੇ ਗ੍ਰੰਥੀ,ਰਾਗੀ ਕੱਥਾ ਵਾਚਕ ਤੇ ਗੁਰਧਾਮਾਂ ਦੇ ਹੋਰ ਸੇਵਾਦਾਰ ਗੁਰੂ ਅਰਜਨ ਸਾਹਿਬ ਜੀ ਦੇ ਇਹ ਹੁਕਮ ਮੰਨਣ ਲਈ ਤਿਆਰ ਹਨ? ਇਸੇ ਤਰਾਂ ਕਲਗੀ ਧਰ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਦੇ ਕੁਝ ਕਵੀਆਂ ਤੇ ਲੇਖਕਾਂ ਬਾਰੇ ਇਹ ਵਰਨਣ ਤਾਂ ਹੈ ਕਿ ਕਿਸੇ ਪੁਸਤਕ ਦਾ ਟੀਕਾ ਕਰਨ ਕਰਕੇ ਗੁਰੂ ਮਹਾਰਾਜ ਜੀ ਨੇ ਕਿਸੇ ਕਵੀ ਅਥਵਾ ਲਿਖਾਰੀ ਨੂੰ ਉਸ ਦੀ ਰਚਨਾ ਤੋਂ ਖੁਸ਼ ਹੋ ਕੇ ਉਸ ਦਾ ਸਨਮਾਨ

ਵੀ ਕੀਤਾ ਤੇ ਉਸ ਨੂੰ ਮਾਇਆ ਦੇ ਰੂਪ ਵਿਚ ਬਖਸ਼ਿਸ ਵੀ ਕੀਤੀ ਪਰ ਕਿਸੇ ਰਾਗੀ,ਰਬਾਬੀ,ਗ੍ਰੰਥੀ ਆਦਿ ਨੂੰ ਪੂਜਾ ਦਾ ਧਾਨ ਨਹੀ ਦਿਤਾ ਗਿਆ ਸਗੋਂ ਇਤਹਾਸ ਇਹ ਤਾਂ ਵਰਨਣ ਕਰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਪੂਜਾ ਦੇ ਧਾਨ ਨੂੰ ਜ਼ਹਿਰ ਆਖ ਕੇ ਸਰਸਾ ਨਦੀ ਵਿਚ ਬਹਾ ਦਿਤਾ ਸੀ ਭਾਵੇਂ ਉਹਨਾਂ ਦੀ ਫੋਜ ਵਿਚ ਗੈਰ ਸਿੱਖ ਫੋਜੀ ਤਨਖਾਹ ਵੀ ਲਿਆ ਕਰਦੇ ਸਨ । ਪਰ ਜਿਹੜੇ ਸਿੱਖ ਮਸੰਦ ਬਣਕੇ ਪੂਜਾ ਦਾ ਧਾਨ ਆਪਣੇ ਘਰਾਂ ਵਿਚ ਵਰਤੀ ਜਾਂਦੇ ਸਨ ਉਹਨਾਂ ਨਾਲ ਗੁਰੂ ਜੀ ਨੇ ਕੀ ਵਰਤਾਵ ਕੀਤਾ ਇਹ ਸਭ ਸਿੱਖ ਜਾਣਦੇ ਹਨ ਕਿ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਤੇਲ ਦੇ ਕੜ੍ਹਾਹੇ ਤਪਾ ਕੇ ਉਸ ਵਿਚ ਪੂਜਾ ਦਾ ਧਾਨ ਖਾਣ ਵਾਲੇ ਮਸੰਦਾਂ ਨੂੰ ਸਾੜ੍ਹਨਾਂ ਪਿਆ ਸੀ । ਇਹ ਮਸੰਦ ਆਪਣੇ ਦਾੜ੍ਹੇ ਵੀ ਲੰਬੇ ਰਖਦੇ ਸਨ,ਸਿਰਾਂ ਤੇ ਬੜੀਆਂ ਸੁੰਦਰ ਦਸਤਾਰਾਂ ਵੀ ਸਜਾਉਂਦੇ ਸਨ ਅਤੇ ਲੰਬੇ ਲੰਬੇ ਚੋਲੇ ਵੀ ਪਾਉਂਦੇ ਸਨ।ਇਹ ਮਸੰਦ ਆਪਣੇ ਆਪ ਨੂੰ ਗੁਰੂ ਦੇ ਥਾਪੇ ਹੋਏ ਸਿੱਖਾਂ ਦੇ ਆਗੂ ਵੀ ਸਮਝਦੇ ਸਨ ਪਰ ਪੂਜਾ ਦਾ ਧਾਨ ਖਾਣ ਕਰਕੇ ਉਹ ਗੁਰੂ ਸਾਹਿਬ ਜੀ ਦੀ ਨਜ਼ਰ ਵਿਚ ਇਥੋਂ ਤਕ ਗਿਰ ਗਏ ਕਿ ਗੁਰੂ ਜੀ ਨੂੰ ਉਹਨਾਂ ਲਈ ਤੇਲ ਦੇ ਕੜ੍ਹਾਹੇ ਤਪਾਊਣੇ ਪਏ । ਕੀ ਅਜ ਅਸੀਂ ਇਸ ਇਤਹਾਸਕ ਘਟਣਾ ਤੋਂ ਕੋਈ ਸਿੱਖਿਆ ਲੈ ਸਕਦੇ ਹਾਂ ?

ਸਿੱਖਾਂ ਦੀ ਹਰ ਪਰਕਾਰ ਦੀ ਆਤਮਕ,ਧਾਰਮਕ,ਰਾਜਨੀਤਕ,ਸਮਾਜਕ ਸ਼ਕਤੀ ਨੂੰ ਖੇਰੂੰ ਖੇਰੂੰ ਕਰਨ ਵਾਸਤੇ ਮਿਸਟਰ ਕੂਪਰ ਨੇ ਸਿੱਖਾਂ ਦੇ ਧਰਮ ਅਤੇ ਅਰਥ ਨੂੰ ਨਸ਼ਟ ਕਰਨ ਲਈ ਹਾਰੇ ਹੋਏ ਅਤੇ ਸਿੱਖੀ ਦੇ ਗਦਾਰ ਸਰਦਾਰਾਂ ਪਾਸੋਂ ਇਹੋ ਜਿਹਾ ਦਸਤੂਰਲ ਅਮਲ ਪਾਸ ਕਰਵਾਕੇ ਵਾਸਰਾਇ ਹਿੰਦ ਤੋਂ ਮੰਜ਼ੂਰ ਕਰਵਾ ਲਿਆ ਜਿਸ ਦੀਆਂ ਵਿਸ਼ੇਸ ਧਾਰਾਵਾਂ ਲਿਖੀਆਂ ਹੋਈਆਂ ਮਿਲਦੀਆਂ ਹਨ ਕਿ

੧)ਇਸ ਪਵਿੱਤ੍ਰ ਅਸਥਾਨ (ਦਰਬਾਰ ਸਾਹਿਬ ਅੰਮ੍ਰਿਤਸਰ)ਦੇ ਮਾਲਕ ਸ੍ਰੀ ਗੁਰੂ ਰਾਮਦਾਸ ਜੀ ਹਨ।ਕਿਸੇ ਹੋਰ ਦੀ ਮਲਕੀਅਤ ਨਹੀਂ । ਸੇਵਕੀ ਦਾ ਦਾਵ੍ਹਾ ਸਰਬਤ ਖਾਲਸਾ ਜੀ ਤੇ ਸਾਧ ਸੰਗਤ ਦਾ ਇਕੋ ਜਿਹਾ ਹੈ । ਪਰ ਪੂਜਾਰੀ ਲੋਕ ਜੋ ਦਰਜਾ ਬਦਰਜਾ ਆਪੋ ਆਪਣੀ ਸੇਵਾ ਤੇ ਲਗੇ ਹੋਏ ਹਨ ਉਹਨਾ ਦਾ ਰੋਜ਼ੀਨਾ ਖਿਦਮਤ ਦੇ ਮੁਤਾਬਕ ਮੁਕਰਰ ਹੈ।

੨)ਗ੍ਰੰਥੀਆਂ ਪੂਜਾਰੀਆਂ ਆਦਿਕ ਦੇ ਵਖ ਵਖ ਹਿੱਸੇ ਮੁਕਰਰ ਕੀਤੇ ਗਏ ਅਤੇ ਹਿੱਸੇ ਨੂੰ ਆਪਣੀ ਸੰਤਾਨ ਜਾਂ ਚੇਲੇ ਨੂੰ ਦੇਣ ਦਾ ਹੱਕ ਦਿਤਾ ਗਿਆ ।

੩)ਜਾਗੀਰ ਤੇ ਚੜ੍ਹਤ ਖਜ਼ਾਨੇ ਦੇ ਹਿੱਸੇ ਤੋਂ ਬਿਨਾ ਦਰਸ਼ਨ ਕਰਨ ਆਉਣ ਵਾਲੇ ਯਾਤਰੂਆਂ ਪਾਸੋਂ ਭੇਟਾ ਲੈਣ ਦੀ ਖੁਲ੍ਹ ਦਿਤੀ ਗਈ ਅਤੇ ਗ੍ਰੰਥੀ-ਪੁਣੇ ਤੇ ਪੂਜਾਰੀ-ਪੁਣੇ ਦਾ ਹੱਕ ਜੱਦੀ ਜਾਇਦਾਤ ਦੀ ਤਰਾਂ ਬਣਾ ਦਿਤਾ ਗਿਆ ।

੪)ਇਮਾਰਤ ਦਾ ਕੰਮ ਇਹ ਖਿਆਲ ਕਰਕੇ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਭਾਈ ਸਾਹਿਬ ਭਾਈ ਸੰਤ ਸਿੰਘ ਜੀ ਗਿਆਨੀ ਦੀ ਔਲਾਦ ਪਾਸ ਚਲਿਆ ਆਉਂਦਾ ਹੈ,ਇਸ ਕਰਕੇ ਹੁਣ ਵੀ ਉਹਨਾਂ ਦੇ ਖਾਨਦਾਨ ਵਿਚੋਂ ਭਾਈ ਪ੍ਰਦੁਮਨ ਸਿੰਘ ਜੀ ਗਿਆਨੀ ਦੇ ਸਪੁਰਦ

ਰਹਿਣ ਦਿਤਾ ਗਿਆ ।
੫)ਫੈਸਲਾ ਹੋਇਆ ਕਿ ਦਰਬਾਰ ਸਾਹਿਬ ਦਾ ਪ੍ਰਬੰਧ ਸਰਕਾਰ ਦੀ ਮਦਦ ਬਗੈਰ ਕਿਸੇ ਤਰਾਂ ਚਲ ਨਹੀਂ ਸਕਦਾ,ਕਿਉਂਕਿ ਜੇ ਸਰਬਰਾਹ ਨਾ ਹੋਵੇ ਤਾਂ ਪੂਜਾਰੀਆਂ ਰਬਾਬੀਆਂ(ਰਾਗੀਆਂ) ਦੇ ਬੜੇ ਝਗੜੇ ਹੋਂਦੇ ਹਨ ।
੬)ਸਰਬਰਾਹ ਤੋਂ ਬਿਨਾ ਕੰਮ ਨਹੀ ਚਲ ਸਕਦਾ ਪਰ ਸਰਬਰਾਹ ਨੂੰ ਧਾਰਮਕ ਮਾਮਲਿਆਂ ਵਿਚ ਦਖਲ ਦੇਣ ਦਾ ਹੱਕ ਨਹੀਂ ਹੋਵੇ ਗਾ।ਸਰਬਰਾਹ ਦਾ ਕੰਮ ਇਹ ਹੋਵੇ ਗਾ ਕਿ ਇਥੋਂ ਦੇ ਆਦਮੀਆਂ ਦੇ ਚਾਲ ਚਲਨ ਦਾ ਖਿਆਲ ਰਖੇ,ਆਪਣੇ ਰੂ-ਬ-ਰੂ ਉਹਨਾਂ ਦੇ ਹਿੱਸੇ ਵੰਡਾ ਦੇਵੇ,ਲੜਾਈ ਝਗੜਾ ਨਾ ਹੋਣ ਦੇਵੇ;ਸਰਬਰਾਹ ਹਿੰਦੂ ਕੌਮ ਸਿੱਖ ਹੋਵੇ । ਨਿਸ਼ਕਾਮ ਤੇ ਦਿਆਨਤਦਾਰ ਹੋਵੇ,ਕਿਸੇ ਨਾਲ ਜ਼ਿੱਦ ਨਾ ਰਖਦਾ ਹੋਵੇ,ਹਾਲਾਂ ਸਰਦਾਰ ਜੋਧ ਸਿੰਘ ਜੀ ਐਕਸਟਰਾ ਅ: ਕਮਿਸ਼ਨਰ ਸਰਬਰਾਹ ਰਹਿਣ ਗੇ । ਇਹਨਾਂ ਤੋਂ ਮਗਰੋਂ ਉਪਰੋਕਤ ਗੁਣਾਂ ਵਾਲਾ ਕੋਈ ਸਰਬਰਾਹ ਸਰਕਾਰ ਮੁਕਰਰ ਕਰੇ ਗੀ ।

ਦਸਤੂਰੁਲ ਅਮਲ ਦੀਆਂ ਉਪਰੋਕਤ ਧਾਰਾਵਾਂ ਤੇ ਵਿਚਾਰ ਕਰਨ ਨਾਲ ਇਹ ਸਪਸ਼ਟ ਹੋ ਜਾਂਦਾ ਹੈ ਕਿ ਕਿਸ ਤਰਾਂ ਸਰਕਾਰ ਨੇ ਗੁਰਧਾਮਾਂ ਵਿਚ ਕੁਰੀਤੀਆਂ ਨੂੰ ਬੜਾਵਾ ਦੇਣ ਲਈ ਗੁਰਧਾਮਾਂ ਦੇ ਪਰਬੰਧ ਨੂੰ ਆਪਣੇ ਅਧੀਨ ਕਰ ਲਿਆ ਕਿਉਂ ਕਿ ਸਰਬਰਾਹ ਦੀ ਨਿਯੁਕਤੀ ਅੰਗਰੇਜ਼ ਸਰਕਾਰ ਕੀਤਾ ਕਰਦੀ ਸੀ । ਸਿੱਖ ਸਰਦਾਰਾਂ ਦੀ ਜਿਹੜੀ ਇਕ ਦਸ ਮੈਂਬਰੀ ਕਮੇਟੀ ਬਣਾਈ ਗਈ ਸੀ ਉਸ ਦੇ ਹੱਥ ਕੋਈ ਅਖਤਿਆਰ ਨਹੀ ਸੀ।ਉਹ ਮਤੇ ਪਾਸ ਕਰਕੇ ਡਿਪਟੀ ਕਮਿਸ਼ਨਰ ਨੂੰ ਘਲਦੀ ਸੀ ਤੇ ਡਿਪਟੀ ਕਮਿਸ਼ਨਰ ਉਸ ਨੂੰ ਸਰਬਰਾਹ ਪਾਸ ਘਲ ਦੇਂਦਾ ਸੀ।ਸਰਬਰਾਹ ਦੀ ਨਿਯੁਕਤੀ ਡਿਪਟੀ ਕਮਿਸ਼ਨਰ ਕਰਦਾ ਸੀ ਜਿਸ ਕਾਰਨ ਸਰਬਰਾਹ ਹਰ ਸਮੇ ਡੀ :ਸੀ ਸਾਹਿਬ ਦੇ ਹੁਕਮਾਂ ਦੀ ਪਾਲਣਾ ਕਰਦਾ ਰਹਿੰਦਾ ਸੀ । ਗ੍ਰੰਥੀ,ਰਾਗੀ ਤੇ ਪੂਜਾਰੀ ਹਰ ਸਮੇ ਸਰਬਰਾਹ ਨੂੰ ਖੁਸ਼ ਰਖਨਾ ਹੀ ਮਰਯਾਦਾ ਸਮਝ ਬੈਠੇ ਸਨ ਜਿਸ ਕਾਰਨ ਦਿਨ ਪ੍ਰਤੀ ਦਿਨ ਗੁਰਧਾਮਾਂ ਵਿਚ ਖਰਾਬੀਆਂ ਵਧਦੀਆਂ ਗਈਆਂ । ਗੁਰਦੁਆਰੇ ਦੇ ਪਰਬੰਧਕ ਗਾਲੋ ਗਾਲੀ ਤੇ ਹੱਥੋ ਪਾਈ ਆਮ ਹੁੰਦੇ ਰਹਿੰਦੇ ਸਨ ਇਥੋਂ ਤਕ ਕਿ ਪਰਕਰਮਾਂ ਦੇ ਬੁੰਗੇ ਦੁਰਾਚਾਰ ਤੇ ਵਿਭਚਾਰ ਦੇ ਅੱਡੇ ਬਣ ਗਏ ਸਨ।ਕੋਈ ਭਲਾਮਾਨਸ ਇਹਨਾਂ ਵਿਚ ਜਾ ਕੇ ਰਹਿਣਾ ਪਸੰਦ ਨਹੀ ਕਰਦਾ ਸੀ । ਦਸਤੂਰੁਲ ਅਮਲ ਅਨੁਸਾਰ ਗ੍ਰੰਥੀਆਂ,ਪੂਜਾਰੀਆਂ ਆਦਿ ਦੇ ਸਿਰ ਤੋਂ ਪੰਥ ਦਾ ਕੰਨਟਰੋਲ ਬਿਲਕੁਲ ਹੱਟ ਗਿਆ । ਧਰਮ ਦੀ ਸੇਵਾ ਨੂੰ ਜੱਦੀ ਹੱਕ ਬਣਾ ਦਿਤਾ ਗਿਆ ਅਤੇ ਪਦਵੀ ਵਾਸਤੇ ਯੋਗਤਾ ਦਾ ਕੋਈ ਮਾਪ ਡੰਢ ਨਹੀ ਨਿਸਚਤ ਕੀਤਾ ਗਿਆ ਸੀ ਜਿਸ ਕਾਰਨ ਪੂਜਾਰੀਆਂ,ਗ੍ਰੰਥੀਆਂ,ਰਾਗੀਆਂ ਆਦਿ ਵਿਚ ਲਾਲਚ ਦਿਨੋ ਦਿਨ ਵਧਦਾ ਗਿਆ।ਇਹ ਸਭ ਪ੍ਰਬੰਧਕ ਇਖਲਾਕ ਤੋਂ ਡਿੱਗ ਕੇ ਈਰਖਾ ਦੀ ਅੱਗ ਵਿਚ ਸੜ੍ਹਦੇ ਹੋਏ ਗੁਰਧਾਮਾਂ ਦੀ ਨਿਰਾਦਰੀ ਕਰਦੇ ਹੋਏ ਆਪੋ ਆਪਣੇ ਸਵਾਰਥ ਲਈ ਗੁਰਮਰਿਯਾਦਾ ਦਾ ਬਿਲਕੁਲ ਹੀ ਤਿਆਗ ਕਰ ਬੈਠੇ ਜਿਸ ਦਾ ਸਿੱਟਾ ਇਹ ਹੋਇਆ ਕਿ ਗੁਰ ਸਿੱਖਾਂ ਨੂੰ ਜਿਹਨਾਂ ਨੂੰ ਸਰਕਾਰ ਪਸੰਦ ਨਹੀ ਕਰਦੀ ਸੀ ਉਹਨਾਂ

ਵਿਰੁਧ ਸ੍ਰੀ ਅਕਾਲ ਤਖਤ ਸਾਹਿਬ ਤੋਂ ਫਤਵੇ ਜਾਰੀ ਹੋਣ ਲੱਗ ਪਏ ਤੇ ਸਰਕਾਰ ਦੇ ਇਸ਼ਾਰੇ ਤੇ ਸਰਕਾਰੀ ਵਿਅਕਤੀਆਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਿਹਾ ਕਿ ਜਲਿਆ ਵਾਲਾ ਬਾਗ ਵਿਚ ਗੋਲੀ ਚਲਾਕੇ ਅਣਗਿਣਤ ਵਿਅਕਤੀਆਂ ਦੇ ਕਾਤਲ ਜਨਰਲ ਅਡਵਾਇਰ ਨੂੰ ਸਰੋਪੇ ਮਿਲਨ ਲਗ ਪਏ ।

ਗੁਰਧਾਮਾਂ ਵਿਚ ਜਦ ਅਤਿ ਦਾ ਭ੍ਰਿਸ਼ਟਾਚਾਰ ਵੱਧ ਗਿਆ ਤੇ ਗ੍ਰੰਥੀਆਂ,ਪੂਜਾਰੀਆਂ,ਰਾਗੀਆਂ ਆਦਿ ਨੇ ਗੁਰਮਰਯਾਦਾ ਨੂੰ ਭੁਲਾਕੇ ਕੇਵਲ ਗੋਲਕ ਜਾਂ ਪੂਜਾ ਦੇ ਧਾਨ ਨੂੰ ਆਪਣਾ ਪੇਸ਼ਾ ਬਣਾ ਕੇ ਲੋਕਾਂ ਨਾਲ ਠੱਗਬਾਜ਼ੀਆਂ ਕਰਕੇ ਆਪਣੇ ਸਵਾਰਥ ਦੀ ਪੂਰਤੀ ਕਰਨੀ ਸ਼ੁਰੂ ਕਰ ਦਿਤੀ ਤਾਂ ਸਿੱਖ ਸੰਗਤਾਂ ਵਿਚ ਵਿਦਿਅਕ ਗਿਆਨ ਕਾਰਨ ਜਾਗਰਤੀ ਪੈਦਾ ਹੋਣੀ ਸ਼ੁਰੂ ਹੋ ਗਈ ਜਿਸ ਦੇ ਸਿੱਟੇ ਵਜੋਂ ਸਿੱਖ ਗੁਰਦੁਆਰਾ ਲਹਿਰ ਨੇ ਜਨਮ ਲਿਆ ਤੇ ਬੜੀਆਂ ਕੁਰਬਾਨੀਆਂ ਕਰਕੇ ਆਪਣੇ ਪਵਿਤਰ ਗੁਰਧਾਮਾਂ ਨੂੰ ਅਜ਼ਾਦ ਕਰਵਾਉਣ ਵਿਚ ਸਿੱਖ ਸੰਗਤਾਂ ਸਫਲ ਹੋ ਗਈਆਂ । ਗੁਰਦੁਆਰਾ ਸੁਧਾਰ ਲਹਿਰ ਦਾ ਨਾਮ ਅਕਾਲੀ ਦੱਲ ਰਖਿਆ ਗਿਆ । ਸਿੱਖਾਂ ਦੀਆਂ ਕੁਰਬਾਨੀਆਂ ਜਿਹਨਾਂ ਦਾ ਵਰਨਣ ਗੁਰੂ ਕੇ ਬਾਗ ਦੇ ਮੋਰਚੇ,ਪੰਜਾ ਸਾਹਿਬ ਦੀ ਗੱਡੀ ਦਾ ਸਾਕਾ ਅਤੇ ਖਾਸ ਕਰਕੇ ਜੇਤੋ ਦਾ ਮੋਰਚਾ ਜਿਸ ਵਿਚ ਭਾਰਤ ਦੇ ਸਵਰਗਵਾਸੀ ਪਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੇ ਵੀ ਗ੍ਰਿਫਤਾਰੀ ਦਿਤੀ ਸੀ;ਆਮ ਮਿਲਦਾ ਹੈ ਜਿਸ ਨੇ ਇਕ ਵਾਰ ਫਿਰ ਸਿੱਖ ਦੁਸ਼ਮਣ ਤਾਕਤਾਂ ਨੂੰ ਇਹ ਸੋਚਨ ਤੇ ਮਜਬੂਰ ਕਰ ਦਿਤਾ ਕਿ ਉਹ ਕਿਹੜੀ ਸ਼ਕਤੀ ਹੈ ਜਿਸ ਕਾਰਨ ਸਿੱਖ ਇਤਨੀਆਂ ਮਹਾਨ ਕੁਰਬਾਨੀਆਂ ਹਾਲੀ ਵੀ ਕਰ ਸਕਦੇ ਹਨ ? ਗੁਰਦੁਆਰਾ ਦਸਤੂਰੁਲ ਅਮਲ ਰਾਹੀਂ ਸਿੱਖ ਧਾਰਮਕ ਲੀਡਰਸ਼ਿਪ ਭਾਵੇਂ ਪੂਜਾ ਦੇ ਧਾਨ ਨੇ ਭ੍ਰਿਸ਼ਟ ਕਰ ਦਿਤੀ ਸੀ ਪਰ ਆਮ ਸਿੱਖ ਇਸ ਤੋਂ ਦੂਰ ਹੋਣ ਕਰਕੇ ਕੁਰਬਾਨੀ ਕਰਨ ਦੇ ਯੋਗ ਸੀ ਜਿਸ ਨੂੰ ਖਤਮ ਕਰਨ ਵਾਸਤੇ ਕੁਝ ਹੋਰ ਕਰਨ ਦੀ ਲੋੜ ਸੀ । ਇਸ ਲੋੜ ਨੂੰ ਗੁਰੂਦੁਆਰਾ ਐਕਟ ੧੯੨੫ ਰਾਹੀਂ ਪੂਰਾ ਕਰ ਦਿਤਾ ਗਿਆ ਕਿਉ ਕਿ ਇਸ ਨਾਲ ਸ਼ਰੋਮਣੀ ਗੁਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵੋਟਾਂ ਰਾਹੀਂ ਚੁਣੇ ਜਾਂਦੇ ਆ ਰਹੇ ਹਨ ਜਦ ਕਿ ਸਿੱਖ ਸਿੱਧਾਂਤ ਬਹੁਮਤ ਦੀ ਥਾਂ ਤੇ ਸਰਬ ਸੰਮਤੀ ਨੂੰ ਸਵੀਕਾਰਦਾ ਹੈ।ਸਰਬ ਸੰਮਤੀ ਨਾਲ ਯੋਗਤਾ ਪਰਧਾਨ ਲੀਡਰਸ਼ਿਪ ਪੈਦਾ ਹੁੰਦੀ ਹੈ ਜਦ ਕਿ ਬਹੁਮਤ ਕਾਰਨ ਧੜੇਬੰਦੀ ਪੈਦਾ ਹੋ ਕੇ ਝਗੜੇ ਉਤਪਨ ਹੁੰਦੇ ਹਨ । ਯੋਗਤਾ ਪਰਧਾਨ ਲੀਡਰਸ਼ਿਪ ਦੀ ਨੀਂਹ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਜੀ ਨੇ ਹੀ ਭਾਈ ਲਹਿਣਾ ਜੀ ਤੋਂ ਗੁਰੂ ਅੰਗਦ ਸਾਹਿਬ ਬਣਾ ਕੇ ਰੱਖ ਦਿਤੀ ਸੀ ਜਿਸ ਦੀ ਪੂਰਤੀ ਸਭ ਗੁਰੂ ਸਾਹਿਬ ਜੀ ਨੇ ਕੀਤੀ । ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਗੁਰਗੱਦੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦੇ ਕੇ ਸਿਖਾਂ ਦਾ ਸਬੰਧ ਸ਼ਬਦ ਗੁਰੂ ਨਾਲ ਹਮੇਸ਼ਾਂ ਲਈ ਸਥਾਪਤ ਕਰ ਦਿਤਾ ਸੀ ਪਰ ਬਾਬਾ ਬੰਦਾ ਸਿੰਘ ਬਹਾਦੁਰ ਨੂੰ ਪੰਜ ਪਿਆਰਿਆ ਸਮੇਤ ਸਿੱਖਾਂ ਦੀ ਅਗਵਾਈ ਕਰਨ ਵਾਸਤੇ ਉਤਰ ਪਛਮੀ ਭਾਰਤ ਵਲ ਤੋਰ ਦਿਤਾ ਸੀ । ਬਾਬਾ ਬੰਦਾ ਸਿੰਘ ਬਹਾਦੁਰ ਦੀ ਚੋਣ ਵੋਟਾਂ ਪਾਕੇ ਨਹੀ ਕੀਤੀ ਗਈ ਸੀ ਸਗੋਂ ਉਸ ਦੀ ਯੋਗਤਾ ਦਾ ਧਿਆਨ ਰਖਕੇ ਉਸ ਨੂੰ ਚੁਣਿਆ ਗਿਆ ਸੀ । ਇਸੇ ਤਰਾਂ ਉਸ ਨਾਲ ਜਿਹੜੇ

ਪੰਜ ਪਿਆਰੇ ਮਹਾਰਾਜ ਜੀ ਨੇ ਘੱਲੇ ਸਨ ਉਹ ਵੀ ਯੋਗਤਾ ਦੇ ਅਧਾਰ ਤੇ ਚੁਣੇ ਗਏ ਸਨ । ਪੰਜਾਬ ਵੱਲ ਤੋਰਣ ਸਮੇ ਬਾਬਾ ਬੰਦਾ ਸਿੰਘ ਬਹਾਦੁਰ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਕਿਰਪਾਣ ਦੀ ਥਾਂ ਤੇ ਆਪਣੇ ਤੀਰਾਂ ਦੀ ਬਖਸ਼ਿਸ ਕੀਤੀ ਸੀ । ਇਸ ਬਾਰੇ ਸਿੱਖ ਇਤਹਾਸ ਇਹ ਦਸਦਾ ਹੈ ਕਿ ਜਦ ਮਹਾਰਾਜ ਜੀ ਆਪਣੀ ਕਿਰਪਾਣ ਬਾਬਾ ਬੰਦਾ ਸਿੰਘ ਬਹਾਦੁਰ ਨੂੰ ਦੇਣ ਲਗੇ ਤਾਂ ਭਾਈ ਦਯਾ ਸਿੰਘ (ਪਿਆਰੇ) ਨੇ ਇਹ ਬੇਂਨਤੀ ਕੀਤੀ ਕਿ ਸੱਚੇ ਪਾਤਿਸ਼ਾਹ ਕਿਰਪਾਨ ਤਾਂ ਸਿੱਖ ਲਈ ਮੀਰੀ ਤੇ ਪੀਰੀ ਦੀ ਸ਼ਕਤੀ ਦਾ ਚਿੰਨ ਹੈ ਕਿ ਅਜ ਤੋਂ ਬਾਬਾ ਬੰਦਾ ਸਿੰਘ ਜੀ ਸਿੱਖਾਂ ਦੀ ਮੀਰੀ ਤੇ ਪੀਰੀ ਦੇ ਵੀ ਮਾਲਕ ਸਮਝੇ ਜਾਣ ਗੇ ? ਇਸ ਤੇ ਮਹਾਰਾਜ ਜੀ ਨੇ ਬੜੇ ਖੁਸ਼ ਹੋ ਕੇ ਬਾਬਾ ਜੀ ਨੂੰ ਕਿਰਪਾਣ ਦੀ ਥਾਂ ਤੇ ਤੀਰਾਂ ਦੀ ਬਖਸ਼ਿਸ ਕਰ ਦਿਤੀ । ਪਰ ਅਸੀ ਅਜ ਕਲ ਹਰ ਐਰੇ ਗੈਰੇ ਨੂੰ ਕਿਰਪਾਨ ਭੇਟ ਕਰ ਕੇ ਆਪਣੀ ਮੀਰੀ ਤੇ ਪੀਰੀ ਦਾ ਮਾਲਕ ਬਣਾ ਦੇਂਦੇ ਹਾਂ ਜਿਸ ਕਾਰਨ ਸਾਨੂੰ ਉਸ ਦੀ ਗੁਲਾਮੀ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ । ਇਸ ਤੋਂ ਉਪਰੰਤ ਨਵਾਬ ਕਪੂਰ ਸਿੰਘ ਦੀ ਚੋਣ ਤੇ ਉਸ ਪਿਛੋਂ ਸ੍ਰ ਜੱਸਾ ਸਿੰਘ ਆਹਲੂਵਾਲਿਆ ਦੀ ਚੋਣ ਵੀ ਵੋਟ ਪਰਨਾਲੀ ਨਾਲ ਨਹੀ ਹੋਈ ਸੀ । ਮਹਾਰਾਜਾ ਰਣਜੀਤ ਸਿੰਘ ਦੇ ਸਮੇ ਅਕਾਲ ਤੱਖਤ ਸਾਹਿਬ ਜੀ ਦੇ ਜਥੇਦਾਰ ਅਕਾਲੀ ਫੁਲਾ ਸਿੰਘ ਜੀ ਸਨ ਜਿਹਨਾਂ ਦੀ ਚੋਣ ਵੀ ਯੋਗਤਾ ਦੇ ਅਧਾਰ ਤੇ ਹੀ ਕੀਤੀ ਗਈ ਸੀ।ਜਦ ਤਕ ਸਿੱਖ ਗੁਰਧਾਮਾਂ ਦਾ ਪਰਬੰਧ ਯੋਗਤਾ ਨੂੰ ਅਧਾਰ ਬਣਾਕੇ ਸਰਬਸੰਮਤੀ ਨਾਲ ਨਹੀ ਕੀਤਾ ਜਾਂਦਾ ਤੇ ਗੁਰਧਾਮਾਂ ਦੀ ਸੇਵਾ ਕਰ ਰਹੇ ਸੇਵਾਦਾਰਾਂ ਨੂੰ ਭਾਵੇਂ ਉਹ ਗ੍ਰੰਥੀ ਹਨ ਯਾਂ ਰਾਗੀ,ਢਾਡੀ,ਪਰਚਾਰਕ ਆਦਿ ਹਨ;ਨੂੰ ਪੂਜਾ ਦੇ ਧਾਨ ਦੀ ਥਾਂ ਤੇ ਦਸਾਂ ਨੌਹਾਂ ਦੀ ਕਿਰਤ ਤੇ ਨਹੀ ਲਗਾਇਆ ਜਾਂਦਾ ਸਾਡੇ ਗੁਰਧਾਮਾਂ ਵਿਚੋਂ ਕੁਰੀਤੀਆਂ ਦਾ ਨਿਕਲਨਾ ਅਸੰਭਵ ਹੁੰਦਾ ਜਾਂਦਾ ਰਵੇ ਗਾ ਜਦ ਕਿ ਅੰਧੇ ਆਗੂਆਂ ਦੇ ਹੱਥ ਕੌਮ ਦੀ ਵਾਗ ਡੋਰ ਰਵੇ ਗੀ ਤਾਂ ਸਾਡਾ ਕੀ ਹਸ਼ਰ ਹੋਵੇ ਗਾ? ਇਸ ਬਾਰੇ ਮਹਾਰਾਜ ਫੁਰਮਾਉਂਦੇ ਹਨ ਕਿ

ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ॥
ਆਪਿ ਮੁਸੈ ਮਤਿ ਹੋਛੀਐ ਕਿਉ ਰਾਹਿ ਪਛਾਣੈ॥
ਕਿਉ ਰਾਹਿ ਜਾਵੈ ਮਹਲੁ ਪਾਵੈ ਅੰਧ ਕੀ ਮਤਿ ਅੰਧਲੀ॥
ਵਿਣ ਨਾਮ ਹਰਿ ਕੇ ਕਛੁ ਨ ਸੂਝੈ ਅੰਧੁ ਬੂਡੌ ਧੰਧਲੀ॥
(ਗੁਰੂ ਗ੍ਰੰਥ ਪੰਨਾ ੭੬੭)

ਗੁਰੂ ਅਤੇ ਗੁਰਸਿੱਖੀ ਨਾਲ ਪਿਆਰ,ਸਰਧਾ,ਭਰੋਸਾ ਅਤੇ ਸਿਦਕ ਰਖਣ ਵਾਲਾ ਹਰ ਗੁਰਸਿੱਖ ਚਿੰਤਾਤੁਰ ਹੈ ਕਿ ਸਿੱਖੀ ਵਿਚ ਹਰ ਸਾਲ ਨਿਘਾਰ ਵੱਧਦਾ ਹੀ ਜਾ ਰਿਹਾ ਹੈ ਕਿਉਂਕਿ ਸਾਡੇ ਆਗੂ ਇਸ ਤਰਾਂ ਆ ਤੇ ਜਾ ਰਹੇ ਹਨ ਜਿਸ ਬਾਰੇ ਗੁਰੂ ਨਾਨਕ ਸਾਹਿਬ ਪਹਿਲਾਂ ਹੀ ਫੁਰਮਾ ਗਏ ਹਨ ਕਿ

ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ॥
ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ॥
(ਆਸਾ ਦੀ ਵਾਰ)

ਸ਼ਾਇਦ ਇਹੀ ਕਾਰਨ ਹੈ ਕਿ ਸਾਡੀ ਦਸ਼ਾ ਅਜ ਕਲੁ ਦੇ ਅਧੀਨ ਹੁੰਦੀ ਹੋਈ ਇਸ ਹੱਦ ਤਕ ਪੁਜ ਗਈ ਹੈ ਕਿ

ਨਾਉ ਫਕੀਰੈ ਪਾਤਿਸਾਹੁ,ਮੂਰਖ ਪੰਡਿਤੁ ਨਾਉ॥
ਅੰਧੇ ਕਾ ਨਾਉ ਪਾਰਖੂ, ਏਵੈ ਕਰੇ ਗੁਆਉ॥
ਇਲਤਿ ਕਾ ਨਾਉ ਚਉਧਰੀ,ਕੂੜੀ ਪੂਰੇ ਥਾਉ॥
ਨਾਨਕ ਗੁਰਮੁਖਿ ਜਾਨੀਐ ਕਲਿ ਕਾ ਏਹੁ ਨਿਆਉ॥
(ਗੁਰੂ ਗ੍ਰੰਥ ਪੰਨਾ ੧੨੯੯)

# ਅੰਗਰੇਜ਼ਾਂ ਵਲੋਂ ਗੁਰਮਤਿ ਸਾਹਿਤ ਦਾ ਅਧਿਅਨ

'ਕਲਿ ਕਾ ਨਿਆਉ' ਬਾਰੇ ਗੁਰੂ ਸਾਹਿਬ ਗੁਰੂ ਗ੍ਰੰਥ ਸਾਹਿਬ ਵਿਚ ਇਹ ਦਸ ਹੀ ਗਏ ਹਨ ਕਿ ਕਲਿਯੁਗ ਵਿਚ ਇਲਤਾਂ ਕਰਨ ਵਾਲਾ ਹੀ ਚੌਧਰੀ ਬਣ ਬੈਠੇ ਗਾ। ਸਾਡੇ ਪ੍ਰਾਣਾਂ ਤੋਂ ਵੀ ਪਿਆਰੇ ਗੁਰਦੁਆਰਿਆਂ ਵਿਚ ਇਹ ਇਲਤਾਂ ਕਰਨ ਵਾਲੇ ਚੌਧਰੀ ਕਿਸ ਤਰਾਂ ਦਾਖਲ ਹੋਏ ਜਾਂ ਕਹਿ ਲਵੋ ਕਿ ਦਾਖਲ ਕੀਤੇ ਗਏ ਜਿਸ ਕਾਰਨ ਅਜੋਕੇ ਸਮੇ ਹਾਲਤ ਇਹੋ ਜਹੀ ਬਣ ਗਈ ਹੈ ਕਿ ਜਿਨ੍ਹਾਂ ਕੁਰੀਤੀਆਂ ਤੋਂ ਸਾਨੂੰ ਗੁਰੂ ਸਾਹਿਬਾਨ ਨੇ ਦੂਰ ਰਖਿਆ ਸੀ ਅਸੀਂ ਉਨ੍ਹਾਂ ਕੁਰੀਤੀਆਂ ਨੂੰ ਆਪਣੇ ਗੁਰਧਾਮਾਂ ਵਿਚ ਮਰਯਾਦਾ ਦਾ ਰੂਪ ਦਈ ਜਾ ਰਹੇ ਹਾਂ। ਇਸ ਦਾ ਕਾਰਨ ਜਾਨਣ ਲਈ ਸਾਨੂੰ ਆਪਣੇ ਗੁਰਧਾਮਾਂ ਦਾ ਤੇ ਪੰਜਾਬ ਦੇ ਪਿਛਲੇ ਲਗ ਪਗ ੧੫੦ ਸਾਲ ਦੇ ਇਤਹਾਸ ਤੇ ਨਜ਼ਰ ਮਾਰਨੀ ਪਵੇ ਗੀ ਜਦ ਕਿ ਅੰਗਰੇਜ਼ਾਂ ਨੇ ਪੰਜਾਬ ਤੇ ਕਬਜ਼ਾ ਕਰ ਕੇ ਪੰਜਾਬੀਆਂ ਤੇ ਖਾਸ ਕਰ ਕੇ ਸਿੱਖਾਂ ਨੂੰ ਗੁਲਾਮ ਬਣਾਉਣ ਲਈ ਪੱਕੀਆਂ ਨੀਹਾਂ ਦੀ ਬੁਨਿਆਦ ਰਖ ਦਿਤੀ ਸੀ ।ਅੰਗਰੇਜ਼ ਇਹ ਮਹਿਸੂਸ ਕਰਦੇ ਸਨ ਕਿ ਜਿਸ ਵੀ ਤਾਕਤ ਦਾ ਸਿੱਖਾਂ ਦੇ ਗੁਰਧਾਮਾ ਤੇ ਕਬਜ਼ਾ ਹੋਵੇ ਗਾ ਉਹੀ ਤਾਕਤ ਪੰਜਾਬ ਤੇ ਖਾਸ ਕਰ ਕੇ ਸਿੱਖਾਂ ਤੇ ਬੇਫਿਕਰੀ ਨਾਲ ਰਾਜ ਕਰ ਸਕਦੀ ਹੈ । ਅੰਗਰੇਜ਼ ਦੀ ਇਹ ਨੀਤੀ ਹੁਣ ਤਕ ਚਾਲੂ ਰੱਖੀ ਜਾ ਰਹੀ ਹੈ ।ਇਕ ਪਾਸੇ ਗੁਰਦੁਆ ਦਸਤੂਰ- ਅਲ- ਖਾਸ ਬਣਾ ਕੇ ਪੂਜਾਰੀਆਂ ਤੇ ਮਹੰਤਾਂ ਰਾਹੀ ਗੁਰਦੁਆਰਿਆਂ ਦੇ ਪ੍ਰਬੰਧ ਤੇ ਅਸਿੱਧੇ ਤੌਰ ਤੇ ਅੰਗਰੇਜ਼ ਸਰਕਾਰ ਕਾਬਜ਼ ਹੋ ਚੁਕੀ ਸੀ । ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਸਰਬਰਾਹ ਦੀ ਨਿਯੁਕਤੀ ਦੇ ਅਧਿਕਾਰ ਜ਼ਿਲਾ ਦੇ ਡਿਪਟੀਕਮਿਸ਼ਨਰ ਨੂੰ ਦੇ ਦਿਤੇ ਗਏ ਸਨ । ਸਰਬਰਾਹ ਹੀ ਸ੍ਰੀ ਅਕਾਲ ਤਖਤ ਸਾਹਿਬ ਤੋਂ ਫੈਸਲੇ ਕਰਨ ਦਾ ਅਧਿਕਾਰੀ ਆਪਣੇ ਆਪ ਸਰਕਾਰ ਦੀ ਸ਼ਹਿ ਤੇ ਬਣ ਬੈਠਾ ਸੀ । ਗੁਰਦੁਆਰਿਆਂ ਤੇ ਕਾਬਜ਼ ਮਹੰਤ ਤੇ ਪੂਜਾਰੀ ਇਹ ਰੱਟ ਲਾਈ ਰਖਦੇ ਸਨ ਕਿ ਗੁਰਦੁਆਰਿਆਂ ਦਾ ਪ੍ਰਬੰਧ ਸਰਕਾਰੀ ਸਹਾਇਤਾ ਤੋਂ ਬਿਨਾ ਚਲ ਹੀ ਨਹੀਂ ਸਕਦਾ ।ਇਹ ਪ੍ਰਚਾਰ ਇਤਨੀ ਤੇਜ਼ੀ ਨਾਲ ਕੀਤਾ ਗਿਆ ਕਿ ਆਮ ਸਿੱਖ ਵੀ ਇਹ ਸਮਝਣ ਲੱਗ ਗਿਆ ਸੀ ਕਿ ਅੰਗਰੇਜ਼ ਸਰਕਾਰ ਦੀ ਸਹਾਇਤਾ ਤੋਂ ਬਿਨਾ ਸਿੱਖ ਕੁਝ ਵੀ ਨਹੀਂ ਕਰ ਸਕਦੇ ।ਸਿੱਖ ਰਾਜ ਦੇ ਖਤਮ ਹੋਣ ਕਾਰਨ ਸਿੱਖਾਂ ਵਿਚ ਮਾਯੂਸੀ ਦੀ ਲਹਿਰ ਪੈਦਾ ਹੋ ਗਈ ਸੀ ਜਿਸ ਕਾਰਨ ਬਹੁਤ ਸਾਰੇ ਕੱਚੇ ਪਿੱਲੇ ਸਿੱਖ ਦੂਸਰੇ ਧਰਮਾਂ ਵਿਚ ਧੜਾ ਧੜ ਜਾਈ ਜਾ ਰਹੇ ਸਨ । ਇਕ ਅੰਦਾਜ਼ੇ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਦੇ ਸਮੇ ਪੰਜਾਬ ਵਿਚ ਸਿੱਖਾਂ ਦੀ ਗਿਣਤੀ ਤਕਰੀਬਨ ਇਕ ਕਰੋੜ ਦਸ ਲੱਖ ਦੇ ਕਰੀਬ ਸੀ ਜਿਹੜੀ ਦਸ 'ਕ ਸਾਲਾਂ ਪਿਛੋਂ ਤਕਰੀਬਨ ਤਿਨ ਲੱਖ ਦੇ ਕਰੀਬ ਰਹਿ ਗਈ ਦਸੀ ਜਾਂਦੀ ਹੈ ।ਇਸ ਲਈ ਸਿੱਖਾਂ ਨੂੰ ਖਤਮ ਕਰਨ ਵਾਸਤੇ ਗੁਰਦੁਆਰਿਆਂ ਵਿਚ ਧੜਾ ਧੜ ਕੁਰੀਤੀਆਂ ਧਸੋੜਣ ਦੇ ਯਤਨ ਕੀਤੇ ਜਾ ਰਹੇ ਸਨ ।

ਕੁਰੀਤੀਆਂ ਨੂੰ ਧਸੋੜਣ ਲਈ ਦੂਜਾ ਕਦਮ ਇਹ ਪੁਟਿਆ ਗਿਆ ਕਿ ਅੰਗਰੇਜ਼ ਸਰਕਾਰ ਨੇ ਗੁਰਮਤ ਸਾਹਿਤ ਦਾ ਅਧਿਅਨ ਕਰਨਾ ਅਰੰਭ ਦਿਤਾ ਸੀ ਤਾਂ ਕਿ ਸਾਹਿਤ ਰਾਹੀਂ ਕੁਰੀਤੀਆਂ ਨੂੰ ਧਸੋੜ ਕੇ ਆਮ ਸਿੱਖਾਂ ਨੂੰ ਗੁਰਮਤ ਤੋਂ ਕੁਰਾਹੇ ਪਾਇਆ ਜਾ ਸਕੇ। ਇਸ ਮੰਤਵ ਲਈ ਗੁਰਮਤ ਸਾਹਿਤ ਦੇ ਅੰਗਰੇਜ਼ੀ ਵਿਚ ਉਲਥੇ ਕਰਨ ਤੇ ਕਰਵਾਉਣ ਦੇ ਪ੍ਰਬੰਧ ਕੀਤੇ ਗਏ ।ਇਸ ਬਾਰੇ ਪੰਜਾਬ ਸਰਕਾਰ ਨੇ ਇਕ


ਪਤਰਕਾ ਵਿਦੇਸੀ ਵਿਭਾਗ ਨੂੰ ੧੪ ਜੂਲਾਈ ੧੮੭੩ ਨੂੰ ਲਿਖੀ ਜਿਸ ਵਿਚ ਇਹ ਸ਼ਪਸਟ ਕੀਤਾ ਹੈ ਕਿ ਸਿੱਖਾਂ ਦੇ ਗਰੰਥ ਆਦਿ ਗ੍ਰੰਥ (ਗੁਰੂ ਗ੍ਰੰਥ ਸਾਹਿਬ) ਤੇ ਦਸਵੇਂ ਪਾਤਿਸ਼ਾਹ ਦਾ ਗ੍ਰੰਥ(ਦਸਮ ਗ੍ਰੰਥ) ਇੰਗਲੈਡ ਭੇਜ ਦਿਤੇ ਗਏ ਹਨ ਤਾਂ ਕਿ ਉਨ੍ਹਾਂ ਦਾ ਅੰਗਰੇਜ਼ੀ ਵਿਚ ਉਲਥਾ ਕਰਵਾਇਆ ਜਾ ਸਕੇ । ਅੰਗਰੇਜ਼ ਸਰਕਾਰ ਵਲੋਂ ਜਿਹੜੇ ਗੁਰਮਤ ਸਾਹਿਤ ਤੇ ਵਿਚਾਰ ਕੀਤਾ ਗਿਆ ਉਸ ਵਿਚ ਰਹਿਤਨਾਮੇ,ਸੌ ਸਾਖੀ,ਦਸਮ ਗ੍ਰੰਥ ਤੇ ਗੁਰੂ ਗ੍ਰਥ ਸਾਹਿਬ ਜੀ ਸ਼ਾਮਲ ਸਨ । ਇਨ੍ਹਾਂ ਗਰੰਥਾਂ ਵਿਚੋਂ ਅੰਗਰੇਜ਼ ਇਹ ਲਭਣ ਦਾ ਯਤਨ ਕਰਦੇ ਸਨ ਕਿ ਸਿੱਖਾਂ ਵਿਚ ਰਾਜਨੀਤੀ ਦੇ ਗੁਣ,ਰਾਜ ਪ੍ਰਬੰਧ ਦੇ ਗੁਣ,ਰਾਜੇ ਦੇ ਕਰਤਬ,ਸੂਰਬੀਰਤਾ ਦੇ ਗੁਣ,ਹਥਿਆਰਾਂ ਦੀ ਵਰਤੋਂ ਤੋਂ ਬਿਨਾ ਸਿੱਖਾਂ ਦੇ ਰਹਿਣ ਸਹਿਣ ਦੇ ਕੀ ਢੰਗ ਤਰੀਕੇ ਹਨ ਤੇ ਉਨ੍ਹਾਂ ਦੀ ਮਰਯਾਦਾ ਕੀ ਹੈ।ਸੌ ਸਾਖੀ ਵਿਚ ਕੁਝ ਇਹੋ ਜਹੇ ਤੱਤ ਅੰਗਰੇਜ਼ਾਂ ਨੂੰ ਮਿਲੇ ਜਿਸ ਕਾਰਨ ਇਹ ਪੁਸਤਕ ਅੰਗਰੇਜ਼ਾਂ ਨੂੰ ਬਗਾਵਤ ਪੈਦਾ ਕਰਨ ਵਾਲੀ ਪਰਤੀਤ ਹੋਈ ਤੇ ਇਸ ਪੁਸਤਕ ਤੇ ਪਾਬੰਦੀ ਲਾ ਦਿਤੀ ਗਈ । ਕਈ ਪੁਰਾਤਨ ਸਿੱਖਾਂ ਦੇ ਘਰਾਂ ਵਿਚ ਇਹ ਪੁਸਤਕ ਗੁਪਤ ਰੂਪ ਵਿਚ ਸੰਭਾਲੀ ਗਈ ਤੇ ਅੰਗਰੇਜ਼ ਦੇ ਭਾਰਤ ਛਡਣ ਤੋਂ ਪਿਛੋਂ ਇਸ ਦੀ ਛਪਾਈ ਅਰੰਭ ਹੋਈ ਜੋ ਕਿ ਅਜ ਕਲ ਮਾਰਕੀਟ ਵਿਚੋਂ ਪ੍ਰਾਪਤ ਕੀਤੀ ਜਾ ਸਕਦੀ ਹੈ । ਇਸ ਪੁਸਤਕ ਦੀ ਇਕ ਹੱਥ ਲਿੱਖਤ ਨਕਲ ਸਭ ਤੋਂ ਪਹਿਲਾਂ ਉਸ ਵੇਲੇ ਦੇ ਪੰਜਾਬ ਦੇ ਉਪ-ਰਾਜਪਾਲ(ਲੈਫਟੀਨੈਂਟ ਗਵਰਨਰ ) ਦੇ ਹੁਕਮਾਂ ਤੇ ਇਕ ਸਿੱਖ ਸਰਦਾਰ ਅਤਰ ਸਿੰਘ ਭਦੌੜ ਨੇ ਸਨ ੧੮੭੨ ਈ ਨੂੰ ਲਿੱਖ ਕੇ ਅੰਗਰੇਜ਼ ਸਰਕਾਰ ਨੂੰ ਦਿਤੀ ਸੀ ।ਇਸ ਪੋਥੀ ਦੇ ਅਰੰਭ ਵਿਚ ਇਹ ਸ਼ਪਸਟ ਕੀਤਾ ਗਿਆ ਹੈ ਕਿ ਇਸ ਦਾ ਉਤਾਰਾ ਲੈਫਟੀਨੈਂਟ ਗਵਰਨਰ ਸਰ ਹੈਨਰੀ ਡੈਵਿਸ(ਲੈਫਟੀਨੈਂਟ ਗਵਰਨਰ ਪੰਜਾਬ ਦੇ ਹੁਕਮਾਂ ਅਨੁਸਾਰ ਕੀਤਾ ਗਿਆ ਹੈ । ਸੌ ਸਾਖੀ ਬਾਰੇ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਇਕ ਸ਼ਰਧਾਲੂ ਸਿੱਖ ਭਾਈ ਰਾਮ ਕੌਰ ਜੀ ਨੇ ਇਹ ਪੁਸਕ ਲਿਖਵਾਈ ਸੀ । ਭਾਈ ਰਾਮ ਕੌਰ ਜੀ ਦਾ ਅੰਮ੍ਰਿਤ ਪਾਣ ਕਰਨ ਤੋਂ ਪਿਛੋਂ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਬਖਸ਼ ਸਿੰਘ ਨਾਮ ਰਖਿਆ ਦਸਿਆ ਜਾਂਦਾ ਹੈ ।ਭਾਈ ਰਾਮ ਕੌਰ ਜੀ ਬਾਬਾ ਬੁਢਾ ਜੀ ਦੀ ਕੁਲ ਵਿਚੋਂ ਸਨ ਜਿਸ ਕਾਰਨ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਗਦੀ ਸਮੇ ਦੀਆਂ ਸਾਰੀਆਂ ਰੀਤੀਆਂ ਭਾਈ ਰਾਮ ਕੌਰ ਜੀ ਵਲੋਂ ਨਿਭਾਏ ਜਾਣ ਦਾ ਪਤਾ ਲੱਗਦਾ ਹੈ ।ਗੁਰੂ ਗੋਬਿੰਦ ਸਿੰਘ ਜੀ ਦੀ ਭਾਈ ਸਾਹਿਬ ਤੇ ਇਤਨੀ ਕਿਰਪਾ ਸੀ ਕਿ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਗੁਰੂ ਮਹਾਰਾਜ ਜੀ ਭਾਈ ਸਾਹਿਬ ਜੀ ਨਾਲ ਹਾਜ਼ਰ ਹਜ਼ੂਰ ਹੋ ਕੇ ਗਲਾਂ ਬਾਤਾਂ ਕੀਤਾ ਕਰਦੇ ਸਨ । ਜੋ ਗਲਾਂ ਭਾਈ ਸਾਹਿਬ ਜੀ ਦੀਆਂ ਗੁਰੂ ਸਾਹਿਬ ਨਾਲ ਹੋਈਆਂ ਉਹੀ ਗਲਾਂ ਭਾਈ ਸਾਹਿਬ ਆਪਣੇ ਇਕ ਸਾਥੀ ਸਿੱਖ ਭਾਈ ਸਾਹਿਬ ਸਿੰਘ ਜੀ ਦੁਆਰਾ ਲਿਖਵਾਈ ਜਾਂਦੇ ਸਨ । ਇਹ ਗਲਾਂ ਸੌ ਸਾਖੀਆਂ ਵਿਚ ਹੋਣ ਕਾਰਨ ਇਸ ਪੁਸਤਕ ਦਾ ਨਾਮ ਸੌ ਸਾਖੀ ਸਿੱਖ ਇਤਹਾਸ ਵਿਚ ਪਰਚਲਤ ਹੋ ਗਿਆ । ਇਨ੍ਹਾਂ ਸਾਖੀਆਂ ਵਿਚ ਕਈ ਸਾਖੀਆਂ ਵਿਚ ਭੁਵਿਖਤ ਦੇ ਵਚਨ ਵੀ ਗੁਰੂ ਮਹਾਰਾਜ ਵਲੋਂ ਕੀਤੇ ਗਏ ਲਿਖੇ ਹੋਏ ਹਨ । ਕੁਝ ਸਾਖੀਆਂ ਵਿਚ ਫਰੰਗੀਆਂ ਅਰਥਾਤ ਅੰਗਰੇਜ਼ਾ ਬਾਰੇ ਵੀ ਹਵਾਲੇ ਇਸ ਪੁਸਤਕ ਵਿਚ ਮਿਲਦੇ ਹਨ । ਹੋ ਸਕਦਾ ਹੈ ਕਿ ਇਨ੍ਹਾਂ ਸਾਖੀਆਂ ਕਾਰਨ ਹੀ ਇਸ ਪੁਸਤਕ ਤੇ ਅੰਗਰੇਜ਼ ਸਰਕਾਰ ਨੇ ਪਾਬੰਧੀ ਲਾਈ ਹੋਵੇ । ਇਨ੍ਹਾਂ

ਸਾਖੀਆਂ ਦੇ ਵਿਸਥਾਰ ਵਿਚ ਜਾਣ ਦਾ ਸਾਡਾ ਵਿਸ਼ਾ ਨਹੀਂ ਜਿਸ ਕਾਰਨ ਅਸੀਂ ਇਸ ਵਿਸ਼ੇ ਨੂੰ ਇਥੇ ਹੀ ਸਮਾਪਤ ਕਰ ਕੇ ਇਹ ਲਿਖਣਾ ਚਾਹੁੰਦੇ ਹਾਂ ਕਿ ਉਸ ਸਮੇ ਦੇ ਸਰਕਾਰ ਪੱਖੀ ਕੁਝ ਸਿੱਖ ਆਗੂਆਂ ਦੇ ਕਹਿਣ ਤੇ ਰਹਿਤਨਾਮਿਆਂ ਵਲ ਵੀ ਕੋਈ ਖਾਸ ਧਿਆਨ ਨਹੀਂ ਦਿਤਾ ਗਿਆ । ਕੁਝ ਸਿੱਖ ਆਗੂਆਂ ਨੇ ਜਿਨ੍ਹਾਂ ਤੇ ਅੰਗਰੇਜ਼ ਭਰੋਸਾ ਕਰਦੇ ਸਨ ਇਹ ਸੁਝਾ ਦਿਤਾ ਕਿ ਬਹੁਤ ਸਾਰੇ ਰਹਿਤਨਾਮੇ ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਲਿਖੇ ਗਏ ਹਨ । ਇਨ੍ਹਾਂ ਰਹਿਤਨਾਮਿਆਂ ਵਿਚ ਸਿੱਖ ਮਰਯਾਦਾ ਇਤਨੀ ਸਖਤ ਦਸੀ ਗਈ ਹੈ ਕਿ ਹੁਣ ਆਮ ਸਿੱਖ ਉਸ ਤੇ ਅਮਲ ਹੀ ਨਹੀਂ ਕਰਦੇ । ਸਗੋਂ ਰਹਿਤਨਾਮਿਆਂ ਨੂੰ ਅਲੋਪ ਕਰ ਦਿਤਾ ਗਿਆ । ਪੰਜਾਬ ਦੇ ਇਹੋ ਜਹੇ ਹਾਲਾਤ ਵੇਖ ਕੇ ਨਾਮਧਾਰੀ ਆਗੂ ਬਾਬਾ ਰਾਮ ਸਿੰਘ ਜੀ ਨੇ ਆਪਣੇ ਇਕ ਨਿਕਟਵਰਤੀ ਸਿੱਖ ਭਾਈ ਰਾਇ ਸਿੰਘ ਜੀ ਨੂੰ ਨਦੇੜ ਸਾਹਿਬ ਦਖਣ ਭੇਜਿਆ । ਭਾਈ ਰਾਇ ਸਿੰਘ ਵਲੋਂ ਗੁਰੂ ਗੋਬਿੰਦ ਸਿੰਘ ਜੀ ਦੀ ਦਰਸਾਈ ਗਈ ਰਹਿਤ ਮਰਯਾਦਾ ਪੁਰਾਣੇ ਸਿਖਾਂ ਤੋਂ ਸੁਣ ਕੇ ਤੇ ਲਿੱਖ ਕੇ ਬਾਬਾ ਰਾਮ ਸਿੰਘ ਜੀ ਨੂੰ ਦਿਤੀ ਦਸੀ ਜਾਂਦੀ ਹੈ । ਬਾਬਾ ਰਾਮ ਸਿੰਘ ਜੀ ਨੇ ਇਸੇ ਦੇ ਅਧਾਰ ਤੇ ਇਕ ਰਹਿਤਨਾਮੇ ਦੀ ਰਚਨਾ ਕੀਤੀ ਜਿਹੜਾ ਕਿ ਹੁਣ ਵੀ ਨਾਮਧਾਰੀਆਂ ਪਾਸੋਂ ਮਿਲ ਸਕਦਾ ਹੈ ।


ਅੰਗਰੇਜ਼ ਸਰਕਾਰ ਵਲੋਂ ਬਹੁਤਾ ਧਿਆਨ ਸਿੱਖਾਂ ਦੇ ਦੋ ਗ੍ਰੰਥਾਂ ਵਲ ਦਿਤੇ ਜਾਣ ਦਾ ਪਤਾ ਅੰਗਰੇਜ਼ ਸਰਕਾਰ ਦੇ ਰਿਕਾਰਡ ਤੋਂ ਚਲਦਾ ਹੈ । ਇਹ ਦੋ ਗ੍ਰੰਥ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਦਸਮ ਗ੍ਰੰਥ ਸਾਹਿਬ ਦਸੇ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਕੀਤੀ ਸੀ ਜਿਸ ਨੂੰ ਪਿਛੋਂ ਕਲਗੀਧਰ ਪਿਤਾ ਸਾਹਿਬ-ਏ ਕਮਾਲ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਦੁਬਾਰਾ ਲਿਖਵਾ ਕੇ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਤੇ ਆਪਣਾ ਇਕ ਦੋਹਰਾ ਸ਼ਾਮਲ ਕਰ ਦਿਤਾ ਸੀ । ਗੁਰੂ ਗ੍ਰੰਥ ਸਾਹਿਬ ਜੀ ਦੀ ਇਸ ਬੀੜ ਸਾਹਿਬ ਦਾ ਨਾਮ ਦਮਦਮੀ ਬੀੜ ਸਾਹਿਬ ਪਰਚਲਤ ਹੋ ਗਿਆ ਹੈ ਕਿਉਂ ਕਿ ਇਹ ਬੀੜ ਗੁਰੂ ਕੀ ਕਾਂਸ਼ੀ ਦਮਦਮਾ ਸਾਹਿਬ ਵਿਖੇ ਭਾਈ ਮਨੀ ਸਿੰਘ ਜੀ ਦੁਆਰਾ ਲਿਖਵਾਈ ਗਈ ਸੀ । ਇਸੇ ਤਰਾਂ ਦਸਮ ਗ੍ਰੰਥ (ਜ਼ਫਰਨਾਮਾ ਤੋਂ ਬਿਨਾ) ਸ੍ਰੀ ਅਨੰਦ ਪੁਰ ਸਾਹਿਬ ਵਿਖੇ ਸਨ ੧੬੯੬ ਵਿੱਚ ਦਸਮੇਸ਼ ਪਿਤਾ ਵਲੋਂ ਰਚਿਆ ਜਾ ਚੁਕਾ ਸੀ ਪਰ ਜਦ ਮਹਾਰਾਜ ਜੀ ਨੇ ਅਨੰਦ ਪੁਰ ਸਾਹਿਬ ਨੂੰ ਸਦੀਵੀ ਵਿਛੋੜਾ ਦੇ ਦਿਤਾ ਤਾਂ ਇਹ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਹੋਰ ਰਚੇ ਹੋਏ ਸਾਹਿਤ ਸਮੇਤ ਸਰਸਾ ਨਦੀ ਵਿੱਚ ਰੁੜ ਗਿਆ ਸੀ । ਪਰ ਇਸ ਦੇ ਕੁਝ ਪੱਤਰੇ ਗੁਰੂ ਗੋਬਿੰਦ ਸਿੰਘ ਜੀ ਦੇ ਲਿਖੇ ਹੋਏ ਕੁਝ ਸਿੰਘਾਂ ਨੇ ਸਰਸਾ ਨਦੀ ਨੂੰ ਪਾਰ ਕਰਦਿਆਂ ਹੋਇਆਂ ਸੰਭਾਲ ਲਏ ਸਨ । ਭਾਈ ਸਾਹਿਬ ਭਾਈ ਮਨੀ ਸਿੰਘ ਜੀ ਨੇ ਜਦ ਦਸਮ ਗਰੰਥ ਸਾਹਿਬ ਜੀ ਦੀ ਦੁਬਾਰਾ ਸੰਪਾਦਨਾ ਕੀਤੀ ਤਾਂ ਉਨ੍ਹਾਂ ਨੇ ਕਲਗੀਧਰ ਪਿਤਾ ਦੇ ਕੁਝ ਹੱਥ ਲਿਖਤ ਪਤਰੇ ਵੀ ਆਪਣੀ ਲਿਖੀ ਹੋਈ ਬੀੜ ਸਾਹਿਬ ਵਿੱਚ ਜੋੜ ਦਿਤੇ ਜਿਨਾਂ ਦੀਆਂ ਨਕਲਾਂ ਦੇ ਨਮੂਨੇ ਸੰਤ ਸਿਪਾਹੀ ਅਖਬਾਰ ਦੇ ਧਨਵਾਦ ਸਹਿਤ ਸੰਗਤਾਂ ਦੇ ਦਰਸ਼ਨਾਂ ਲਈ ਦਰਜ ਕੀਤੇ ਜਾ ਰਹੇ ਹਨ ।

# GURBANI WRITTEN IN GURU GOBIND SINGH SAHIB'S OWN HAND

***Khas-patra* in Anandpuri *Beerh* of Sri Dasam Granth (Correction in Guru Gobind Singh Sahib's own handwriting)**



**'*Khas Patra*' (important page) from 'Bhai Mani Singh *Beerh*'**




**The page on the left contains hand written portion of 'Krishnavtar' by Guru Gobind Singh Sahib. There are 8 hand written pages (also known as '*Khas Patre*') in Bhai Mani Singh *beerh*[1]**
**Saloks 56 and 57 of Guru Teg Bahadur Ji written by Guru Gobind Singh Ji in his own handwriting**

[1] *Note: Bhai Mani Singh beerh contains both the banis of Sri Guru Granth Sahib and Sri Dasam Granth Sahib in one volume*




ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ ॥
ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ ॥੫੬॥
ਰਾਮ ਨਾਮੁ ਉਰ ਮੈ ਗਹਿਓ
ਜਾ ਕੈ ਸਮ ਨਹੀ ਕੋਇ ॥
ਜਿਹ ਸਿਮਰਤ ਸ ਕਟ ਮਿਟੈ ਦਰਸੁ ਤੁਹਾਰੋ ਹੋਇ ॥੫੭॥

*Picture courtesy: Manohar Singh Marco*

***Moolmantar* written by Guru Gobind Singh Sahib on the folio of Sri Guru Granth Sahib**




**A page from Duttatreya in Guru Gobind Singh's own handwriting**
***(Mark the unique style of hand drawings of swords and arrows that make up the border)***


*Picture courtesy: 'The History and Compilation of the Dasm Granth' by Dr. Trilochan Singh*



**Signatures of Guru Gobind Singh Sahib on the Hukumnama to Bhai Triloka and Bhai Rama from the family of Phul - also known as the Patiala Hukumnama - includes the line 'Tera ghar mera assey' - later used as the 'Motto' on the crest of the Patiala Maharajas (2 August 1696)**



**Hukumnama of Guru Gobind Singh Sahib to the Sangat of Banaras (faggan 6, 1764 Bikrami). Guru Sahib's Signatures are on the top**



# ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮਨਾਮਾ ॥

੨੬ ਜੇਠ, ੧੭੫੬

ੴ ਸਤਿਗੁਰੂ ਜੀ ਸਹਾਇ।

ਸਰਬਤ ਸੰਗਤ ਕਾਬਲ ਗੁਰੂ ਰਖੇਗਾ।
ਤੁਸਾਂ ਉਤੇ ਅਸਾਡੀ ਬਹੁਤ ਖੁਸੀ ਹੈ,
ਤੁਸਾਂ ਖੰਡੇ ਦਾ ਅੰਮ੍ਰਿਤ ਪੰਜਾ ਤੋਂ ਲੈਹਣਾ,
ਕੇਸ ਰਖਣੇ ਇਹ ਆਸਾਡੀ ਮੋਹਰ ਹੈ
ਕਛ ਕਿਰਪਾਨ ਦਾ ਵਿਸਾ ਕਰਨਾ ਨਾਹੀਂ
ਸਰਬ ਲੋਹ ਦਾ ਕੜਾ ਹਥ ਰਖਣਾ
ਦੋਨੋ ਵਕਤ ਕੇਸਾਂ ਦੀ ਪਾਲਨਾ ਕੰਘੇ ਸਉ ਕਰਨੀ।
ਸਰਬਤ ਸੰਗਤ ਅਭਾਖਿਆ ਦਾ ਕੁਠਾ ਮਾਸ ਖਾਵੈ ਨਾਹੀ।
ਤਮਾਕੂ ਨਾ ਵਰਤਣਾ।
ਭਾਦਣੀ ਤਥਾ ਕੰਨਿਆ ਮਾਰਨ ਵਾਲੇ ਸੇ ਮੇਲ ਨਾ ਰਖੋ।
ਮੀਣੇ ਮਸੰਦੀਏ ਰਾਮ ਰਾਈਏ ਕੀ ਸੰਗਤਿ ਨਾ ਬੈਸੋ।
ਗੁਰਬਾਣੀ ਪੜਣੀ ਵਾਹਿਗੁਰੂ ਵਾਹਿਗੁਰੂ ਜਪਨਾ।
ਗੁਰੂ ਕੀ ਮਤ ਰਖਨੀ।
ਸਰਬਤ ਸੰਗਤਿ ਉਪਰ ਮੇਰੀ ਖੁਸੀ ਹੈ।

(ਪਾਤਸ਼ਾਹੀ ੧੦ ਜੇਠ ੨੬ ਸੰਭਤ ੧੭੫੬ ॥)

ਪ੍ਰੇਮ ਭੇਟਾ : ਸੰਤ ਸਿਪਾਹੀ

ਇਸ ਬਾਰੇ ਅੰਗਰੇਜ਼ ਇਹ ਜਾਨਣਾ ਚਾਹੁੰਦੇ ਸਨ ਕਿ ਇਨ੍ਹਾਂ ਦੋਵਾਂ ਗ੍ਰੰਥਾਂ ਵਿਚ ਰਾਜੇ ਦੇ ਕਰਤਬਾਂ,ਰਾਜਨੀਤੀ,ਸਿੱਖਾਂ ਦੇ ਜੀਵਨ ਬਾਰੇ ਤੇ ਉਨ੍ਹਾਂ ਦੇ ਅਚਰਨ ਬਾਰੇ ਖਾਸ ਕਰ ਕੇ ਹਥਿਆਰਾਂ ਬਾਬਤ ਕੀ ਕੁਝ ਲਿਖਿਆ ਹੋਇਆ ਹੈ ਤੇ ਉਨ੍ਹਾਂ ਦੀ ਰਹਿਤ ਮਰਯਾਦਾ ਕੀ ਹੈ । ਇਸ ਬਾਰੇ ਉਸ ਸਮੇ ਦੇ ਅੰਗਰੇਜ਼ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੀ ਇਕ ਪਤਰਕਾ ਬੜੀ ਵਿਸ਼ਾਲ ਨਾਲ ਚਾਨਣਾ ਪਾਉਂਦੀ ਹੈ । ਇਹ ਚਿੱਠੀ ਡਾਰੈਕਟਰ ਲੋਕ ਸਿੱਖਅਕ ਵਿਭਾਗ ,ਪੰਜਾਬ ਨੂੰ ਸੰਬੋਧਨ ਕੀਤੀ ਗਈ ਹੈ ਜਿਸ ਵਿਚ ਡੀ:ਸੀ: ਅੰਮ੍ਰਿਤਸਰ ਲਿਖਦੇ ਹਨ ਕਿ ਉਨ੍ਹਾਂ ਨੇ ਪਤਵੰਤੇ ਸਿੱਖ ਵਿਦਵਾਨਾਂ ਤੋਂ ਪੂਰੀ ਛਾਣ ਬੀਨ ਕਰ ਕੇ ਇਹ ਚਿੱਠੀ ਲਿਖੀ ਹੈ । ਇਨ੍ਹਾਂ ਸਿੱਖ ਵਿਦਵਾਨਾਂ ਵਿਚ ਭਾਈ ਗਿਆਨ ਸਿਘ,ਭਾਈ ਤਾਰਾ ਸਿੰਘ,ਭਾਈ ਸੰਤ ਸਿੰਘ,ਪੰਡਤ ਸੰਤੋਖ ਸਿੰਘ,ਭਾਈ ਨਿਹਾਲ ਸਿੰਘ,ਪੰਡਤ ਸਾਲਿਗ ਰਾਮ,ਸਰਦਾਰ ਠਾਕੁਰ ਸਿੰਘ ਸੰਧਾਵਾਲਿਆ,ਸਰਦਾਰ ਦਿਆਲ ਸਿੰਘ ਮਜੀਠਿਆ,ਭਾਈ ਲਹਿਣਾ ਸਿੰਘ ਤੇ ਭਾਈ ਗੁਰਦਿਤ ਸਿੰਘ ਦੇ ਨਾਮ ਸਾਮਲ ਹਨ । ਇਨ੍ਹਾਂ ਸਰਕਾਰ ਪੱਖੀ ਸਿੱਖਾਂ ਤੋਂ ਜੋ ਸਵਾਲ ਡੀ:ਸੀ: ਸਾਹਿਬ ਨੇ ਪੁਛੇ ਉਹ ਅਸੀ ਹੁ-ਬ-ਹੁ ਡੀ :ਸੀ: ਦੀ ਜ਼ਬਾਨੀ ਹੀ ਦਸਣਾ ਯੋਗ ਸਮਝਦੇ ਹਾਂ ਤਾਂ ਕਿ ਅਜੋਕੇ ਕਾਲ ਦੇ ਸਿੱਖ ਇਤਹਾਸ ਕਾਰ ਉਨ੍ਹਾਂ ਤੋਂ ਕੁਝ ਸੇਧ ਲੈ ਸਕਣ । ਡਿਪਟੀ ਕਮਿਸ਼ਨਰ ਅੰਮ੍ਰਿਤਸਰ ਲਿਖਦੇ ਹਨ ਕਿ

3)“Some of the questions which I put to some of them,and which for the sake of exectness and pointedness of result I had previously committed to writing ,were-

Does the Adi Granth contain any precepts for the Government of a country,or arraingements of an army,or for the conduct of a King?

Does it prescribe monarchy as the proper form of government,or the rule of Sirdars,Panches,or other formal ? What are generally the content of the Adi Granth?” (Extract from Letter No.989, dated 3rd Octuber1873 from D.C.Amritsar)

ਇਸ ਬਾਰੇ ਵਿਦਵਾਨ ਸਿੱਖਾਂ ਨੇ ਡੀ:ਸੀ: ਨੂੰ ਜੋ ਦਸਿਆ ਉਸ ਅਨੁਸਾਰ ਗੁਰੂ ਗ੍ਰੰਥ ਸਾਹਿਬ ਵਿਚ ਰਾਜਨੀਤਕ ਖੇਤਰ ਬਾਰੇ ਕੁਝ ਨਹੀਂ ਦਸਿਆ ਗਿਆ । ਇਸ ਗ੍ਰੰਥ ਵਿਚ ਕੇਵਲ ਨਾਮ ਸਿਮਰਨ ਤੇ ਅਕਾਲ ਪੁਰਖ ਪ੍ਰਮਾਤਮਾ ਦੀ ਪੂਜਾ ਕਰਨ ਦੀ ਹੀ ਸਿਖਿਆਂ ਦਿਤੀ ਹੋਈ ਹੈ । ਜਿਨ੍ਹਾਂ ਸਿੱਖ ਵਿਦਵਾਨਾਂ ਨਾਲ ਗਲਬਾਤ ਕੀਤੀ ਗਈ ਉਨ੍ਹਾਂ ਵਿਚੋਂ ਕੁਝ ਨੇ ਦਸਿਆ ਕਿ ਗੁਰੂ ਗ੍ਰੰਥ ਸਾਹਿਬ ਵਿਚ ਮਨੁਖੀ ਅਚਰਨ ਨੂੰ ਉਚਾ ਸੁਚਾ ਬਣਾਉਣ ਦੀ ਸਿਖਿਆ ਦਿਤੀ ਹੋਈ ਹੈ ।ਇਸ ਦੇ ਨਾਲ ਹੀ ਡਿਪਟੀ ਕਮਿਸਨਰ ਨੇ ਲੰਦਨ ਦੀ ਇਕ ਕੰਪਣੀ ਸਮਿਥ ਐਂਡ ਇਲਦਰ ਵਲੋਂ ੧੮੪੫ ਵਿਚ ਛਾਪੀ ਗਈ ਕਰਨਲ ਸਟੀਨਬੈਚ ਦੀ ਪੁਸਤਕ “ਪੰਜਾਬ” ਦਾ ਹਵਾਲਾ ਦਿਤਾ ਕਿ ਇਸ ਪੁਸਤਕ ਵਿਚ ਇਹ ਦਰਜ ਹੈ ਕਿ ਖਾਲਸਾ ਪੰਥ ਨੂੰ ਆਪਣੀ ਸੁਰਿਖਿਆ ਲਈ ਹਥਿਆਰ ਚੁਕਣੇ ਕਾਨੂਨੀ ਤੌਰ ਤੇ ਜਾਇਜ਼ ਹਨ । ਇਸ ਬਾਰੇ ਲਿਖਤੀ ਤੌਰ ਤੇ ਡਿਪਟੀ ਕਮਿਸ਼ਨਰ ਨੇ ਇਕ ਸਿੱਖ ਵਿਦਵਾਨ ਭਾਈ ਗਿਆਨ ਸਿੰਘ ਨੂੰ ਪੁਛਿਆ । ਭਾਈ ਗਿਆਨ ਸਿੰਘ ਉਸ ਸਮੇ ਇਕ ਵਿਦਵਾਨ ਗ੍ਰੰਥੀ

ਦੀ ਸੇਵਾ ਵੀ ਨਿਭਾ ਰਹੇ ਸਨ ।ਭਾਈ ਗਿਆਨ ਸਿੰਘ ਆਪਣੇ ਨੌਜਵਾਨ ਪੁਤਰ ਦੇ ਨਾਲ ਮਿਲਨ ਵਾਸਤੇ ਡੀ :ਸੀ: ਕੋਲ ਪੁਜਾ । ਇਨ੍ਹਾਂ ਪਿਉ ਪੁਤਰਾਂ ਨੇ ਗੁਰੂ ਗ੍ਰੰਥ ਸਾਹਿਬ ਵਿਚੋਂ ਇਕ ਤੁੱਕ ਦਾ ਹਵਾਲਾ ਦਿਤਾ ਕਿ

"ਸੂਰਾ ਸੋ ਪਹਿਚਾਨੀਐ,ਜੋ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥"

ਇਹ ਸ਼ਬਦ ਭਗਤ ਕਬੀਰ ਜੀ ਦਾ ਲਿਖਿਆ ਹੋਇਆ ਹੈ ਜਿਸ ਕਾਰਨ ਡੀ:ਸੀ: ਦੀ ਰਿਪੋਰਟ ਅਨੁਸਾਰ ਭਗਤ ਕਬੀਰ ਜੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾ ਹੋਏ ਹਨ । ਉਨ੍ਹਾਂ ਨੇ ਇਸ ਲੜਾਈ ਨੂੰ ਮਨੁਖ ਨੂੰ ਆਪਣੇ ਮਨ ਨਾਲ ਲੜਣ ਦੀ ਪ੍ਰੇਰਨਾ ਦਿਤੀ ਹੈ ।

ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਇਸ ਚਿੱਠੀ ਦੇ ਨਾਲ ਦਸਮ ਗ੍ਰੰਥ ਬਾਰੇ ਜੋ ਜਾਨਕਾਰੀ ਸਰਕਾਰ ਨੂੰ ਲਿਖ ਕੇ ਘਲੀ ਹੈ ਉਹ ਬੜੀ ਦਿਲਚਸਪ ਹੈ ਜਿਸ ਦੇ ਕੁਝ ਅੰਸ ਅਸੀ ਇਥੇ ਹੂ-ਬ-ਹੂ ਲਿਖ ਰਹੇ ਹਾਂ ਕਿ

"੫) Such exhortations are probably more numerous in the "Daswan Badsha ka Grunth" with the spirit of which the foregoing couplet is more in accordance. The Sikh nation at the time of its composition were asserting their political power and independence,and this must be considered in judging of the import to be attached to such passages in that volume as the following:-

" Those who go without arms will be despoiled,those who wear arms will, by God's grace,become masters of the world,"(Shastr nam mala,Daswan padsha ka Grunth) and the praise of his weapons uttered by Gobind in the same composotion."(Extact from Letter No.989, dated 3rd Octuber1873 from D.C.Amritsar)

ਇਸੇ ਤਰਾਂ ਚਰਿਤੋ ਪਖਿਆਨ ਤੇ ਜ਼ਫਰਨਾਮੇ ਦੇ ਨਾਲ ਲਿਖੀਆਂ ਹੋਈਆਂ ਹਕਾਇਤਾਂ ਬਾਰੇ ਡੀ:ਸੀ; ਅੰਮ੍ਰਿਤਸਰ ਇਹ ਰੀਪੋਰਟ ਦੇਂਦ ਹਨ ਕਿ

"There are various allusions to royalty in the Sikh Scriptures. Good advice is given to King,Such as exhortations to justice and diligence(Charits 204,Book of the 10th King),Guru Govind addressed 12 admonitory Hikaiyats or stories to the Emperor Aurungzed which form the concluding portion of the Grunth of Guru Gobind Sing.The writings (who in number)called"Rajnit"contain advice for the Kings as well as for the subjects". (Extract from letter No.989,dated 3rd October,1873 from D.C.Amritsar to

Director Public Instruction,Punjab) ਇਹ ਸਾਰੀ ਪਤਰਕਾ ਕਾਫੀ ਵਿਸਥਾਰ ਨਾਲ ਲਿਖੀ ਹੋਈ ਹੈ ।

ਦਸਮ ਗਰੰਥ ਬਾਰੇ ਬੜੀ ਡੂੰਗਾਈ ਨਾਲ ਵਿਚਾਰ ਕੀਤਾ ਗਿਆ । ਸਿੱਖ ਗ੍ਰੰਥੀਆਂ,ਵਿਦਿਵਾਨਾਂ ਤੇ ਭਾਈਆਂ ਤੋਂ ਬਿਨਾ ਵਿਦਵਾਨ ਹਿੰਦੂ ਆਗੂਆਂ ਤੋਂ ਵੀ ਰਾਇ ਲੀਤੇ ਜਾਨ ਦਾ ਪਤਾ ਲਗਦਾ ਹੈ । ਇਸ ਬਾਰੇ ਪੰਜਾਬ ਵਿਚ ਉਸ ਸਮੇ ਇਕ ਸੰਸਥਾ ਅੰਜਮਨ-ਏ -ਪੰਜਾਬ ਦੇ ਨਾਮ ਤੇ ਲਾਹੌਰ ਵਿਖੇ ਚਲ ਰਹੀ ਸੀ । ਇਸ ਸੰਸਥਾ ਦੀਆਂ ਵੀ ਸੇਵਾਵਾਂ ਅੰਗਰੇਜ਼ ਸਰਕਾਰ ਨੇ ਲੀਤੀਆਂ ਸਨ । ਇਸ ਦਾ ਸਕਤੱਰ ਬਾਬੂ ਨਾਵੀਨਾ ਚੰਦਰਾ ਰਾਏ ਨੇ ਪੰਜਾਬ ਦੇ ਲੋਕ ਸਿਖਅਕ ਵਿਭਾਗ ਦੇ ਡਾਇਰੈਕਟਰ ਨੂੰ ਇਕ ਪਤਰਕਾ ਲਿਖ ਕੇ ਇਹ ਦਸਿਆ ਕਿ ਉਨ੍ਹਾਂ ਦੀ ਸੰਸਥਾ ਨੇ ਬਹੁਤ ਸਾਰੇ ਸਿੱਖ ਗ੍ਰੰਥੀਆਂ,ਭਾਈਆਂ ਤੇ ਵਿਦਿਵਾਨਾਂ ਨਾਲ ਇਸ ਬਾਰੇ ਗਲ ਬਾਤ ਕੀਤੀ ਤੇ ਵਿਚਾਰਾਂ ਕੀਤੀਆਂ ਹਨ । ਮੁਨਸ਼ੀ ਹਰਸੁਖ ਰਾਇ ਮਾਲਕ ਕੋਹੇ ਨੂਰ ਪ੍ਰੈਸ ਲਾਹੌਰ ਨੇ ਅੰਮ੍ਰਿਤਸਰ ਤੇ ਲਾਹੌਰ ਦੇ ਸਿੱਖ ਗ੍ਰੰਥੀਆਂ ਤੋਂ ਜੋ ਰਾਇ ਪ੍ਰਾਪਤ ਕੀਤੀ ਹੈ ਉਹ ਇਸ ਤਰਾਂ ਹੈ ਕਿ

“The Granth of Guru Govind Singh is considered by the Sikhs no less sacred authority of their faith than the Adi Granth – in consideration of the former being a work of the last Guru who consolidated their faith and gave it a distinctive character,they pay more revence to his work.

**In the Darbar Sahab at Amritsar the Granth of Guru Govind Singh holds equal place with the Adi Granth.Recitation of the former,as of the latter,is held there every day.Guru Govind Singh’s Granth consists of the following parts:-**

1. Translation(in difficult verses) of common Hindu religious books.
2. Description of various wiles of women,in order to caution men against them.
3. Praise of the Goddess Devi.
4. Religious precepts and denunciation of wicked men and unbelievers.
5. Doctrines of the Sikh religion.

   In the openion of Munshi Harsook Rai the translation of the last two parts will be sufficient ;but,as the Rahitnama contains rules for daily observances of the Sikhs,and every Sikh considers it his imperative duty to abide by these rules,the translation of this book is also very desirable.(file No.178 Foreign Department General-A)

(Extract from the letter of letter No.8 dated Lahore,21st June,1873 from Secretary Anjaman-I-Punjab to Director of Public Instruction Punjab.)

ਉਸ ਸਮੇ ਦੇ ਅੰਗਰੇਜ਼ ਅਧਿਕਾਰੀਆਂ ਦੀਆਂ ਆਪਸੀ ਚਿੱਠੀਆਂ ਤੋਂ ਇਹ ਸ਼ਪਸਟ ਹੋ ਜਾਂਦਾ ਹੈ ਕਿ ਦਸਮ ਗ੍ਰੰਥ ਸਾਹਿਬ ਦਾ ਪ੍ਰਕਾਸ਼ ਦਬਾਰ ਸਾਹਿਬ ਅੰਮ੍ਰਿਤਸਰ ਵਿਚ ਤੇ ਹੋਰ ਗੁਰਦੁਆਰਿਆਂ ਵਿਚ ਰੋਜ਼ਾਨਾ ਗੁਰੂ ਗ੍ਰੰਥ ਸਾਹਿਬ ਨਾਲ ਕੀਤਾ ਜਾਂਦਾ ਸੀ ਅਤੇ ਇਸ ਦਾ ਪਾਠ ਵੀ ਕੀਤਾ ਜਾਂਦਾ ਸੀ । ਫਿਰ ਦਸਮ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਿਸ ਤਰਾਂ ਬੰਦ ਹੋਇਆ ਜਾਂ ਬੰਦ ਕਰਵਾਇਆ ਗਿਆ ਤੇ ਕਿਉਂ ਇਹ ਹੋਇਆ ? ਇਨ੍ਹਾਂ ਵਿਸ਼ਿਆਂ ਤੇ ਅਜੋਕੇ ਕਾਲ ਵਿਚ ਖਾਲਸਾ ਪੰਥ ਨੂੰ ਵਿਚਾਰ ਕਰ ਕੇ ਇਸ ਕੁਰੀਤੀ ਨੂੰ ਖਤਮ ਕਰਨ ਲਈ ਫਿਰ ਤੋਂ ਦਸਮ ਗ੍ਰੰਥ ਦਾ ਪਰਕਾਸ਼ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਹੋਰ ਗੁਦੁਆਰਿਆਂ ਵਿਚ ਸ਼ੁਰੂ ਕਰਨਾ ਚਾਹੀਦਾ ਹੈ । ਇਸ ਤੋਂ ਬਿਨਾ ਪੁਰਾਤਨ ਮਰਯਾਦਾ ਅਨੁਸਾਰ ਹਰ ਪੜ੍ਹੇ ਲਿਖੇ ਘਰ ਵਿਚ ਗੁਰੂ ਗ੍ਰੰਥ ਸਾਹਿਬ ਦੇ ਨਾਲ ਦਸਮ ਗ੍ਰੰਥ ਸਾਹਿਬ ਦਾ ਵੀ ਪ੍ਰਕਾਸ਼ ਤੇ ਪਾਠ ਹੋਣਾ ਚਾਹੀਦਾ ਹੈ । ਜਿਸ ਅੰਗਰੇਜ਼ ਸਰਕਾਰ ਨੂੰ ਖੁਸ਼ ਕਰਨ ਵਾਸਤੇ ਸਾਡੇ ਗੁਰਦੁਆਰਿਆਂ ਦੇ ਪ੍ਰਬੰਧਕਾਂ ਨੇ ਇਸ ਮਰਯਾਦਾ ਨੂੰ ਤੋੜ ਕੇ ਸਾਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਤੋਂ ਤੋੜਿਆਂ ,ਉਸ ਅੰਗਰੇਜ਼ ਸਰਕਾਰ ਨੇ ਗੁਰਮਤ ਸਾਹਿਤ ਨੂੰ ਪਰਾਪਤ ਕਰ ਕੇ ਉਸ ਦੇ ਅਧਿਅਨ ਦਾ ਕੰਮ ਪੰਜਾਬ ਤੇ ਕਬਜ਼ਾ ਕਰਨ ਤੋਂ ਪਿਹਲਾਂ ਹੀ ਸ਼ੁਰੂ ਕੀਤਾ ਹੋਇਆ ਸੀ । ਇਕ ਪਾਸੇ ਅੰਗਰੇਜ਼ ਲਿਖਾਰੀਆਂ ਤੋਂ ਸਿੱਖ ਇਤਹਾਸ ਲਿਖਵਾਇਆ ਜਾ ਰਿਹਾ ਸੀ ਤੇ ਦੁਜੇ ਪਾਸੇ 'ਸੌ ਸਾਖੀ,ਰਹਿਤਨਾਮੇ,ਦਸਮ ਗਰੰਥ ਤੇ ਆਦਿ ਗ੍ਰੰਥ(ਸ੍ਰੀ ਗੁਰੂ ਗ੍ਰੰਥ ਸਾਹਿਬ) ਬਾਰੇ ਬੜੇ ਵਿਸਾਲ ਰੂਪ ਵਿਚ ਅਧਿਅਨ ਦੇ ਪ੍ਰਬੰਧ ਕੀਤੇ ਜਾ ਰਹੇ ਸਨ ਤਾਂ ਕਿ ਸਿੱਖਾਂ ਦੇ ਹਰ ਪਿਹਲੂ ਨੂੰ ਜਾਣਿਆ ਤੇ ਸਮਝਿਆ ਜਾ ਸਕੇ ਜਿਸ ਦੇ ਅਧਾਰ ਤੇ ਸਿੱਖਾਂ ਪਰਤੀ ਅੰਗਰੇਜ਼ ਆਪਣੀ ਰਾਜਨੀਤੀ ਉਲੀਕ ਸਕਣ ਤੇ ਸਿੱਖਾਂ ਨੂੰ ਇਨ੍ਹਾਂ ਬਾਣੀਆਂ ਤੋਂ ਦੂਰ ਕਰ ਕੇ ਕੁਰੀਤਆਂ ਦਾ ਸ਼ਿਕਾਰ ਬਣਾ ਸਕਣ । ਇਸ ਮੰਤਵ ਲਈ ਸਰਕਾਰ ਦੇ ਵਿਸ਼ਵਾਸ ਪਾਤਰ ਸਿੱਖਾਂ ਪਾਸੋਂ ਗੁਰਮਤ ਸਾਹਿਤ ਉਰਦੂ ਤੇ ਹਿੰਦੀ ਵਿਚ ਉਲਥੇ ਕਰਵਾ ਕੇ ਅੰਗਰੇਜ਼ ਲਿਖਾਰੀਆਂ ਨੂੰ ਅੰਗਰੇਜ਼ੀ ਵਿਚ ਉਲਥਾ ਕਰਨ ਵਾਸਤੇ ਦੇ ਦਿਤਾ ਜਾਂਦਾ ਸੀ । ਇਸ ਕੜੀ ਵਿਚ ਸਭ ਤੋਂ ਪਿਹਲਾਂ ਗੁਰੂ ਗੋਬਿੰਦ ਸਿੰਘ ਜੀ ਦੀ ਸਵੈ ਜੀਵਨੀ ਤੇ ਜ਼ੋਰ ਦਿਤਾ ਗਿਆ । ਇਸ ਮੰਤਵ ਲਈ ਸਰਦਾਰ ਅੱਤਰ ਸਿੰਘ ਭਦੌੜ ਦੀਆਂ ਸੇਵਾਵਾਂ ਲੀਤੀਆਂ ਗਈਆਂ । ਸਰਦਾਰ ਅੱਤਰ ਸਿੰਘ ਭਦੌੜ ਨੇ ਉਰਦੂ ਬੋਲੀ ਵਿਚ ਦਸਮ ਗ੍ਰੰਥ ਦੇ ਤੀਸਰੇ ਭਾਗ ਦੇ ੧੪ ਅਧਿਆਇ ਮੋਲਿਕ ਬਾਣੀ ਦੇ ਨਾਲ ਪੰਜਾਬ ਸਰਕਾਰ ਨੂੰ ਭੇਜੇ । ਪੰਜਾਬ ਸਰਕਾਰ ਨੇ ਇਕ ਅੰਗਰੇਜ਼ ਵਿਦਵਾਨ ਲਿਖਾਰੀ ਕੈਪਟਨ ਜੈਰਿੱਟ ਪਾਸੋਂ ਅੰਗਰੇਜ਼ੀ ਵਿਚ ਉਲਥਾ ਕਰਵਾ ਲਿਆ । ਇਸ ਤੋਂ ਪਹਿਲਾਂ ਇਕ ਅੰਗਰੇਜ਼ ਜਰਨੈਲ ਜਿਸ ਨੇ ਅੰਗਰੇਜ਼ਾਂ ਤੇ ਸਿੱਖਾਂ ਦੀਆਂ ਲੜਾਈਆਂ ਵਿਚ ਸਿੱਖਾਂ ਵਿਰੁਧ ਜੰਗ ਲੜੀ ਸੀ ਸਿੱਖ ਇਤਹਾਸ ਨੂੰ ਬੜੀ ਗਹਿਰਾਈ ਨਾਲ ਵਾਚ ਕੇ ਲਿਖਿਆ ਹੈ । ਇਸ ਜਰਨੈਲ ਦਾ ਨਾਮ ਜੇ:ਡੀ ਕਨਿਘੰਮ ਸੀ । ਕਨਿਘੰਮ ਨੇ ਵੀ ਦਸਮ ਗ੍ਰੰਥ ਦੇ ਤਿਜੇ ਅਧਿਆਇ ਦੇ ਚੌਧਾਂ ਕਾਂਡਾਂ ਦਾ ਅੰਗਰੇਜ਼ੀ ਵਿਚ ਜਿਥੇ ਉਲਥਾ ਕੀਤਾ ਹੈ ਉਥੇ ਉਸ ਨੇ ਪਰਹਿਲਾਦ ਸਿੰਘ ਦੇ ਰਹਿਤਨਾਮੇ ਤੇ ਤਨਖਾਹ ਨਾਮਾ ਅਤੇ ਕੁਝ ਰਹਿਤਨਾਮਿਆਂ ਦੇ ਵੀ ਅੰਗਰੇਜ਼ੀ ਵਿਚ ਉਲਥੇ ਕੀਤੇ ਹਨ । ਉਸ ਨੇ ਗੁਰੂ ਨਾਨਕ ਦੇਵ ਜੀ ਦੀ ਮੱਕੇ ਦੇ ਇਕ ਬਹੁਤ ਅਮੀਰ ਰਾਜੇ ਕਾਰਵਾਂ ਨੂੰ ਦਿਤੀ ਗਈ

ਨਸੀਅਤ ਦਾ ਵੀ ਉਲਥਾ ਕੀਤਾ ਹੈ ਤੇ ਗੁਰੂ ਨਾਨਕ ਦੇਵ ਜੀ ਤੇ ਕੁਝ ਸਵਾਲਾਂ ਦੇ ਉਤਰ ਜੋ ਕਿ ਗੁਰੁ ਨਾਨਕ ਦੇਵ ਜੀ ਨੇ ਦਿਤੇ ਸਨ ਦਾ ਵੀ ਉਲਥਾ ਕੀਤਾ ਹੈ । ਗੁਰੁ ਨਾਨਕ ਦੇਵ ਜੀ ਵਲੋਂ ਦਿਤੇ ਗਏ ਉਤਰਾਂ ਵਿਚ ਭੁਵਿਖਤ ਬਾਣੀਆਂ ਦਾ ਵਰਨਣ ਮਿਲਦਾ ਹੈ ਜਿਸ ਬਾਰੇ ਕਨਿਘੰਮ ਲਿਖਦਾ ਹੈ ਕਿ

‘When Nanak was about to depart,
Karun, the fortunate,thus spoke:
Now thou art about to go,
But when wilt thou return?
Then the Guru thus answered:
When I put on my tenth dress
I shal be called Gobind Singh;
Then shall all Singhs were their hair;
They shall accept the ‘PAHAL’of two –edged dagger
Then shall the sect of the Khalsa be established;
Then shall men exclaim,’victory ,O Guru!
The four races shall become one and the same;
The five weapons shall array themselves in vestments of blue;
The name of the Khalsa shall be everywhere
In the time of Aurangzeb
The wondrous Khalsa shall arise.
Then shall battles be waged,
Endless war shall ensure,
And fighting shall follow year after year.
They shall place the name of Gobind Singh in their hearts;
Many heads shall be rendered up,
And the empire of Khalsa shall prevail.

First,the Punjab shal become the land of the Sikhs;
Then other countries shall be theirs;
Hindustan and the North shall be possessed by them;
Then the West shall bow to them.
When they enter Khorasan,
Kabul and Kundhar shall lie low.
When Iran has been laid prostrate,
Mecca shall be beheld,
And Madina shall be seized.
Mighty shall be rejoicing,
And all shall exclaim,Hail Guru!'
Unbelievers shall everywhere be destroyed;
The holy Khalsa shall be exalted;
Beasts, and birds,and creeping things , shall tremble
(in the presence of the Lord)
Men and women shall everywhere call on God.
The earth,the ocean,and the heavens ,shall call on God.
By calling on the Guru shall men be blessed.
Every faith shall become Khalsa;(ਰਾਜ ਕਰੇ ਗਾ ਖਾਲਸਾ)
No other religion will remain.(ਆਕੀ ਰਹੇ ਨਾ ਕੋਇ)

(History of the Sikhs by J.D.Cunningham page-341-42)

ਰਾਜ ਕਰੇ ਗਾ ਖਾਲਸਾ'ਦਾ ਸ਼ਬਦ ਇਸ ਤਰਾਂ ਪਹਿਲੀ ਵਾਰ ਗੁਰੂ ਨਾਨਕ ਦੇਵ ਜੀ ਦਾ ਲਿਖਿਆਂ ਹੋਇਆ ਮੰਨਿਆ ਜਾਂਦਾ ਹੈ ਜੋ ਕਿ ਉਨ੍ਹਾਂ ਨੇ ਮੱਕੇ ਵਿਚ ਉਚਾਰਿਆ ਦਸਿਆ ਜਾਂਦਾ ਹੈ । ਜਿਸ ਗ੍ਰੰਥ ਵਿਚ ਰਾਜ ਕਰੇ ਗਾ ਖਾਲਸਾ ਜਾਂ ਇਸ ਵਲ ਕਿਸੇ ਪਰਕਾਰ ਦਾ ਕੋਈ ਇਸ਼ਾਰਾ ਵੀ ਮਿਲ ਜਾਂਦਾ ਸੀ ਅੰਗਰੇਜ਼ ਉਸ ਗ੍ਰੰਥ ਨੂੰ ਜਾਂ ਤਾਂ ਅਲੋਪ ਹੀ ਕਰ ਦੇਣਾ ਚਾਹੁੰਦਾ ਸੀ ਜਾਂ ਫਿਰ ਕੁਝ ਸਿੱਖ ਵਿਦਿਵਾਨਾਂ ਤੇ ਦਬਾਓ ਪਾ ਕੇ ਜਾਂ ਲਾਲਚ ਦੇ ਕੇ ਉਸ ਗ੍ਰੰਥ ਨੂੰ ਭੁਲੁਖਿਆਂ ਦਾ ਸ਼ਿਕਾਰ ਬਣਾ ਦਿਤਾ ਜਾਂਦਾ ਸੀ ਤਾਂ ਕਿ ਸਿੱਖਾਂ ਦੀ ਸ਼ਰਧਾ ਤੇ ਭਰੋਸੇ ਨੂੰ ਖਤਮ ਕਰ ਦਿਤਾ

ਜਾਵੇ । ਇਹ ਨੀਤੀ ਹੁਣ ਤਕ ਦਸਮ ਗ੍ਰੰਥ ਤੇ ਗੁਰੁ ਗ੍ਰੰਥ ਸਾਹਿਬ ਬਾਰੇ ਚਲਦੀ ਆ ਰਹੀ ਹੈ ।
ਦਸਮ ਗ੍ਰੰਥ ਜਿਸ ਦਾ ਪਰਕਾਸ਼ ਗੁਰੂ ਗ੍ਰੰਥ ਸਾਹਿਬ ਜੀ ਨਾਲ ਤਕਰੀਬਨ ਹਰ ਇਤਹਾਸਕ ਗੁਰਦੁਆਰੇ ਵਿਚ ਕੀਤਾ ਜਾ ਰਿਹਾ ਸੀ ਜਿਸ ਨੂੰ ਬੰਦ ਕਰਵਾਉਣ ਲਈ ਗੁਰਦੁਆਰੇ ਦੇ ਪ੍ਰਬੰਧਕਾ ਤੇ ਗਰੰਥੀਆਂ ਤੇ ਵੱਖ ਵੱਖ ਰੂਪ ਵਿਚ ਦਬਾਓ ਪਾਏ ਜਾਨ ਦਾ ਪਤਾ ਚਲਦਾ ਹੈ । ਇਸ ਬਾਰੇ ਇਕ ਸੱਚੀ ਘਟਨਾ ਦਾ ਵਰਨਣ ਕਰਨਾ ਅਸੀਂ ਯੋਗ ਸਮਝਦੇ ਹਾਂ ਤਾਂ ਕਿ ਪਾਠਕ ਸਚਾਈ ਤੋਂ ਜਾਣੂ ਹੋ ਸਕਨ । ਇਹ ਗਲ ੧੯੪੫ ਦੀ ਦਸੀ ਜਾਂਦੀ ਹੈ ਜਿਸ ਨੂੰ ਭਾਰਤੀ ਹਵਾਈ ਸੈਨਾ ਦੇ ਵਿੰਗ ਕੁਮਾਂਡਰ ਸ. ਸਜਨ ਸਿੰਘ ਸਿੱਧੂ ਸਾਹਿਬ ਨੇ ਦਸੀ ਕਿ ਲੁਧਿਆਨਾ ਬਠਿੰਡਾ ਸੜਕ ਤੇ ਇਕ ਇਤਹਾਸਕ ਗੁਰਦੁਆਰਾ ਟਾਹਲੀਵਾਣਾ ਕਰ ਕੇ ਜਾਣਿਆ ਜਾਂਦਾ ਹੈ । ਇਸ ਗੁਰਦੁਆਰੇ ਵਿਚ ਬਾਬਾ ਸੰਤਾ ਸਿੰਘ ਜੀ ਸਨ ।ਬਾਬਾ ਸੰਤਾ ਸਿੰਘ ਜੀ ਰਿਟਾਇਰਡ ਫੋਜੀ ਸਨ ਜਿਨ੍ਹਾਂ ਬਾਰੇ ਇਹ ਦਸਿਆ ਜਾਂਦਾ ਹੈ ਕਿ ਉਨ੍ਹਾਂ ਨੇ ਪਹਿਲੀ ਵਿਸ਼ਵ ਜੰਗ ਵਿਚ ਅੰਗਰੇਜ਼ ਸਰਕਾਰ ਦੀ ਸੇਵਾ ਕੀਤੀ ਸੀ । ਉਹ ਬੜੇ ਧਾਰਮੁਕ ਖਿਆਂਲ਼ਾਂ ਵਾਲੇ ਵਿਅਕਤੀ ਸਨ । ੧੯੪੫ ਦੇ ਸਮੇ ਤਕ ਉਸ ਗੁਰਦੁਆਰੇ ਵਿਚ ਦਸਮ ਗ੍ਰੰਥ ਦਾ ਰੋਜ਼ਾਨਾ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਹੀ ਕੀਤਾ ਜਾਂਦਾ ਸੀ । ਬਾਬਾ ਸੰਤਾ ਸਿੰਘ ਜੀ ਤੇ ਸਰਕਾਰ ਵਲੋਂ ਇਹ ਦਬਾਓ ਪਾਇਆ ਜਾ ਰਿਹਾ ਸੀ ਕਿ ਉਹ ਦਸਮ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨਾ ਬੰਦ ਕਰ ਦੇਣ । ਜਦ ਬਾਬਾ ਜੀ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿਤਾ ਤਾਂ ਉਨ੍ਹਾਂ ਨੂੰ ਆਨੇ ਬਹਾਨੇ ਸਰਕਾਰ ਵਲੋਂ ਤੰਗ ਕਰਨਾ ਸ਼ੁਰੂ ਕਰ ਦਿਤਾ । ਬਾਬਾ ਜੀ ਦੀ ਉਸ ਸਮੇ ਆਯੂ ੮੦-੮੨ ਸਾਲਾਂ ਦੀ ਦਸੀ ਜਾਂਦੀ ਸੀ । ਜਦ ਬਾਬਾ ਜੀ ਕਿਸੇ ਦਬਾਓ ਕਾਰਨ ਵੀ ਦਸਮ ਗ੍ਰੰਥ ਦਾ ਪ੍ਰਕਾਸ਼ ਕਰਨ ਤੋਂ ਨਾ ਰੁਕੇ ਤਾਂ ਇਕ ਰਾਤ ਤਕਰੀਬਨ ਚਾਰ ਵਿਅਕਤੀ ਨਿਹੰਗ ਸਿੰਘਾ ਦੇ ਬਾਣੇ ਵਿਚ ਉਨ੍ਹਾਂ ਪਾਸ ਪੁਜੇ ਤੇ ਉਨ੍ਹਾਂ ਨੂੰ ਫੜ ਕੇ ਉਨ੍ਹਾਂ ਨੂੰ ਦੋਹਾਂ ਅੱਖਾਂ ਤੋਂ ਅੰਧਾ ਕਰ ਕੇ ਚਲੇ ਗਏ । ਉਸ ਤੋਂ ਪਿਛੋਂ ਉਸ ਗੁਰਦੁਆਰੇ ਵਿਚ ਫਿਰ ਕਿਸੇ ਨੇ ਦਸਮ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਕੀਤਾ।

ਇਸ ਤੋਂ ਬਿਨਾ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਗ੍ਰੰਥ ਬਿਲਕੁਲ ਹੀ ਅਲੋਪ ਕਰ ਦਿਤਾ ਗਿਆ । ਇਹ ਗ੍ਰੰਥ 'ਸ੍ਰੀ ਸਰਬ ਲੋਹ ਗ੍ਰੰਥ' ਦੇ ਨਾਮ ਤੇ ਜਾਣਿਆ ਜਾਂਦਾ ਹੈ । ਇਸ ਵਿਚ ਜੁਧਾਂ ਦੇ ਬੜੇ ਵਿਸਥਾਰ ਨਾਲ ਹਾਲਾਤ ਦਰਜ ਕੀਤੇ ਗਏ ਹਨ ਤੇ ਖਾਲਸੇ ਦੇ ਗੁਣਾਂ ਨੂੰ ਦਰਸਾਇਆ ਗਿਆ ਹੈ । ਇਸ ਗ੍ਰੰਥ ਨੂੰ ਬੁਢਾ ਦਲ ਨੇ ਸੰਭਾਲੀ ਰਖਿਆ ਸੀ ਤੇ ਉਨ੍ਹਾਂ ਨੇ ਹੀ ਅੰਗਰੇਜ਼ ਰਾਜ ਦੇ ਖਤਮ ਹੋਣ ਪਿਛੋਂ ਇਸ ਦੀ ਛਪਾਈ ਕਰਵਾਈ ਹੈ । ਇਸੇ ਤਰਾਂ ਰਹਿਤਨਾਮਿਆਂ ਵਿਚ ਵੀ ਖਾਸਲੇ ਦੇ ਲੱਛਣਾਂ ਨੂੰ ਦਰਸਾਇਆ ਗਿਆ ਹੈ । ਉਧਾਰਨ ਦੇ ਤੌਰ ਤੇ ਅਸੀਂ ਇਥੇ 'ਸ੍ਰੀ ਸਰਬ ਲੋਹ ਗ੍ਰੰਥ'ਵਿਚ ਦਰਜ ਰਾਜ ਕਰਨ ਵਾਲੇ ਖਾਲਸੇ ਦੇ ਗੁਣਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਸਾਏ ਗਏ ਪੂਰਨ ਪੁਰਖ ਅਥਵਾ ਸਾਧ,ਸੰਤ ਦੇ ਗੁਣਾ ਦੇ ਨਾਲ ਵਰਨਣ ਕਰਨਾ ਯੋਗ ਸਮਝਦੇ ਹਾਂ ।

# ਖਾਲਸੇ ਦੇ ਗੁਣ

ਐਸੇ ਗੁਣ ਖਾਲਸਹਿ ਬਖ਼ਸ਼ੈ,ਭਗਤਿ,ਗਿਆਨੀ,ਰਾਜ ਜੋਗੇਸ਼ਵਰ॥
ਛਤ੍ਰਿਯ ਬ੍ਰਿਤਿ ਅਨਨਯੁਪਾਸਕ,ਤਯਾਗੀ, ਹਠੀ, ਸੂਰ, ਭਵਨੇਸ਼ਵਰ॥
ਗ੍ਰਾਹੀ ਸੁਭ ਤਯਾਗਿ ਬਿਵਰਜਿਤਿ ਸ਼੍ਰੁਤਯਾਦਯੰ ਸ਼੍ਰੀ ਮੁਖ ਪਰਮੇਸ਼ਵਰ॥
ਗੀਤਾ ਉਪਨਿਸਦਿਨ ਮਹਾ ਵਾਕਯ,ਰਹਿਨੀ ਭਗਿਤਿ ਗਯਾਨਿ ਬ੍ਰਿਤੇਸ਼ਵਰ॥੫॥
(ਸਰਬਲੋਹ ਗ੍ਰੰਥ ਸ੍ਰੀ ਮੁਖ ਵਾਕ ਪਾ:੧੦)

ਵਾਹਿਗੁਰੂ ਅਕਾਲ ਪੁਰਖ ਨੇ ਆਪਣੇ ਖਾਲਸੇ ਨੂੰ ਜਿਨ੍ਹਾਂ ਗੁਣਾਂ ਦੀ ਬਖ਼ਸ਼ਿਸ਼ ਕੀਤੀ ਹੋਈ ਹੈ ਉਸ ਦਾ ਵੇਰਵਾ ਦੇਂਦੇ ਹੋਏ ਦਸ਼ਮੇਸ ਪਿਤਾ ਫੁਰਮਾਉਂਦੇ ਹਨ ਕਿ ਉਨ੍ਹਾ ਦਾ ਖਾਲਸਾ ਭਗਤੀ ਕਰਨ ਵਾਲਾ ਵਿਅਕਤੀ ਹੈ । ਉਹ ਗਿਆਨ ਦਾ ਗਿਆਤਾ ਤੇ ਰਾਜਿਆਂ ਦਾ ਰਾਜਾ ਤੇ ਜੋਗੀਆਂ ਦਾ ਵੀ ਈਸ਼ਵਰ ਰੂਪ ਹੈ । ਖਾਲਸਾ ਸੂਰਬੀਰਤਾ ਵਾਲਾ ਵਿਅਕਤੀ ਹੈ । ਉਹ ਤਿਆਗੀ ਹੈ ,ਹਠੀ ਸੂਰਮਾ ਹੈ ।ਖਾਲਸਾ ਭੂਮੀ ਦਾ ਮਾਲਕ ਹੈ । ਖਾਲਸਾ ਸੁਭ ਸਿਖਿਆ ਦਾ ਗਰਿਹਣ ਕਰਨ ਵਾਲਾ ਹੈ ।ਉਹ ਵਿਵਰਜਤਾ ਦਾ ਤਿਆਗੀ ਤੇ ਹਰ ਸਮੇ ਮੁਖ ਤੋਂ ਪਰਮੇਸ਼ਵਰ ਦਾ ਨਾਮ ਸਿਮਰਨ ਵਾਲਾ ਹੈ । ਜੋ ਵਿਅਕਤੀ ਅਕਾਲਪੁਰਖ ਦੀ ਉਸਤਿਤੀ ਦੇ ਗੁਣ ਗਾਇਣ ਕਰਨ ਵਾਲਾ ਤੇ ਭਗਤ ਤੇ ਗਿਆਨ ਬਿਰਤੀ ਦਾ ਮਾਲਕ ਹੈ ਉਹੀ ਖਾਲਸਾ ਹੈ।ਇਹੋ ਜਿਹਾ ਵਿਅਕਤੀ ਹੀ ਖਾਲਸੇ ਦੇ ਪੱਦ ਨੂੰ ਪ੍ਰਾਪਤ ਕਰ ਕੇ ਨਿਰੰਕਾਰ ਅਕਾਲਪੁਰਖ ਦਾ ਸਰੂਪ ਹੋ ਜਾਂਦਾ ਹੈ ।ਇਸ ਲਈ ਮੈ(ਗੁਰੂ ਸਾਹਿਬ ਜੀ) ਆਪਣੇ ਸਿੱਖਾਂ ਨੂੰ ਇਹ ਉਪਦੇਸ਼ ਸਿਖਣ ਵਾਸਤੇ ਦੇਂਦਾ ਹਾਂ ਕਿ ਉਹ ਕੱਛ,ਕੇਸ ਤੇ ਕਿਰਪਾਨ ਨੂੰ ਧਾਰਨ ਕੀਤਾ ਕਰਨ ।

“ ਅਸੁ ਖਾਲਸਹਿ ਖਾਲਸ ਪਦ ਪ੍ਰਾਪਤਿ, ਨਿਰੰਕਾਰਿ ਸੁ ਸਵਰੂਪ ਮਹਾਨੰ॥
ਗੁਰੂ ਉਪਦੇਸ ਸਿਖਨ ਪ੍ਰਤਿ ਭਾਸਨਿ,ਮੁੱਦ੍ਰਿਤ ਕੱਛ ਕੇਸ ਕ੍ਰਿਪਾਨੰ॥”
(ਸਰਬਲੋਹ ਗ੍ਰੰਥ ਸ੍ਰੀ ਮੁਖ ਵਾਕ ਪਾ:੧੦)

ਖਾਲਸੇ ਦੇ ਉਪਰੋਕਤ ਗੁਣਾਂ ਦਾ ਵਰਨਣ ਕਰਦਿਆਂ ਗੁਰੂ ਸਾਹਿਬ ਜੀ ਦਸਦੇ ਹਨ ਕਿ ਖਾਲਸੇ ਨੂੰ ਦਸ ਪਰਧਾਨ ਗੁਣਾਂ ਦਾ ਧਾਰਨੀ ਵੀ ਹੋਣਾ ਚਾਹੀਦਾ ਹੈ ਜਿਨ੍ਹਾਂ ਬਾਰੇ ਮਹਾਰਾਜ ਜੀ ਫੁਰਮਾਉਂਦੇ ਹਨ ਕਿ ਖਾਲਸਾ ਉਹ ਹੈ ਜਿਹੜਾ
(੧)ਦਯਾ,(੨)ਦਾਨ,(੩)ਛਿਮਾ,(੪)ਸਨਾਨ,(੫)ਸ਼ੀਲ,(੬)ਸੁਚਿ, (੭)ਸਤਿ ਦਾ ਧਾਰਨੀ ਹੋਵੇ ਤੇ (੮)ਸਾਧਨਾ ਨੂੰ ਸਿੱਧ ਕਰਦਾ ਹੋਇਆ (੯)ਸੂਰਬੀਰਤਾ ਵਾਲਾ ਅਤੇ (੧੦)ਭਗਤੀ ਕਰਨ ਵਾਲਾ ਹੋਵੇ । ਇਸ ਬਾਰੇ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ ਕਿ

“ਤਾ ਕੀ ਰਹਿਨਿ ਸਿਖਨ ਪ੍ਰਤਿ,ਦਸ ਗ੍ਰਾਹੀ ਖਾਲਸਹ ਪ੍ਰਧਾਨੰ॥
ਦਯਾ ਦਾਨ ਅਰੁ ਛਮਾ ਸਨਾਨੰ, ਸੀਲ ਸੁਚਿ ਸਤਯੰ ਸੰਭਾਨੰ॥
ਸਾਧਨ ਸਿੱਧ ਸੂਰ ਭਗਤਿ ਮਾਨੰ, ਦਸ ਗ੍ਰਾਹੀ ਆਸਤਕ ਪ੍ਰਮਾਨੰ॥੬॥”
(ਸਰਬਲੋਹ ਗ੍ਰੰਥ ਸ੍ਰੀ ਮੁਖ ਵਾਕ ਪਾ:੧੦)

ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਵਲੋਂ ਦਰਸਾਏ ਗਏ ਖਾਲਸੇ ਦੇ ਇਹ ਗੁਣ ਗੁਰੂ ਗ੍ਰੰਥ ਸਾਹਿਬ ਵਿਚ ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਵਲੋਂ ਪੂਰਨ ਪੁਰਖ ਅਥਵਾ ਸਾਧ ਜਾਂ ਸੰਤ ਦੇ ਦਰਸਾਏ ਗਏ ਗੁਣਾਂ ਦੀ ਹੀ ਵਿਆਖਿਆ ਹੈ । ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ

“ਮੰਤ੍ਰੰ ਰਾਮ ਰਾਮ ਨਾਮੰ ਧਾਨੰ ਸਰਬਤ੍ਰ ਪੂਰਨਹ ॥
ਗਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ॥
ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ॥
ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਵਲ ਰਹਤਹ॥
ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ ॥
ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤਿਆਗਿ ਸਗਲ ਰੇਣੁਕਹ ॥
ਖਟ ਲਖ੍ਯਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸਵਜਨਹ ॥”
(ਗੁਰੂ ਗ੍ਰੰਥ ਸਾਹਿਬ ਅੰਗ ੧੩੫੭)

ਅਰਥ:- ਜੋ ਪ੍ਰਾਣੀ ਪੂਰਨ ਰੂਪ ਵਿਚ ਸਰਬਤਰ ਅਸਥਾਨਾਂ ਤੇ ਰਮੇ ਹੋਏ ਰਾਮ ਨਾਮ ਦੇ ਮੰਤਰ ਦਾ ਧਿਆਨ ਧਰਦਾ ਹੈ; ਜੋ ਸੁਖ ਤੇ ਦੁਖ ਨੂੰ ਸਮਾਨ ਜਾਂਣਦਾ ਹੋਇਆਂ ਨਿਰਮਲ ਤੇ ਨਿਰਵੈਰਤਾ ਦੀ ਜੁਗਤੀ ਦਾ ਧਾਰਨੀ ਹੈ ; ਜੋ ਪ੍ਰਾਣੀ ਸਾਰੇ ਜੀਵਾਂ ਤੇ ਦਯਾ ਕਰਦਾ ਹੋਇਆ ਪੰਚ ਦੋਖਾਂ(ਕਾਮ,ਕਰੋਧ,ਲੋਭ,ਮੋਹ ਤੇ ਅੰਹਕਾਰ) ਤੇ ਕਾਬੂ ਪਾ ਲੈਂਦਾ ਹੈ; ਜੋ ਪ੍ਰਮਾਤਮਾ ਦੇ ਜੱਸ ਨੂੰ ਆਪਣਾ ਭੋਜਨ ਬਣਾ ਕੇ ਸੰਸਾਰਕ ਮਾਯਾ ਵਿਚ ਇਸ ਤਰਾਂ ਵਿਚਰਦਾ ਹੈ ਜੇਵੇਂ ਜਲ ਦੇ ਵਿਚ ਕੰਵਲ ਫੁੱਲ ਰਹਿੰਦਾ ਹੈ ; ਜੋ ਮਿਤ੍ਰ ਤੇ ਸ਼ੱਤਰੂ ਨੂੰ ਇਕ ਸਮਾਨ ਸਿੱਖਮਤ ਦੇਂਦਾ ਹੋਇਆ ਅਕਾਲਪੁਰਖ ਦੀ ਭਗਤੀ ਦੀ ਹੀ ਭਾਵਨਾ ਕਰਦਾ ਹੈ ; ਜੋ ਕੰਨਾਂ ਦੁਆਰਾ ਕਿਸੇ ਦੀ ਨਿੰਦਾ ਨਹੀਂ ਸੁਣਦਾ ਤੇ ਆਪਾ ਤਿਆਗਦਾ ਹੋਇਆ ਸਭਨਾਂ ਦੀ ਧੂੜੀ ਲੋਚਦਾ ਹੈ । ਇਹ ਛੇ ਲਛਣ ਜਿਸ ਪੁਰਖ ਵਿਚ ਹੁੰਦੇ ਹਨ ਉਸ ਨੂੰ ਗੁਰੂ ਨਾਨਕ ਸਾਹਿਬ(ਪੰਚਮ ਰੂਪ ਵਿਚ) ਦਸਦੇ ਹਨ

ਕਿ ਉਸ ਨੂੰ ਮਿੱਤਰ,ਸੰਤ,ਸਾਧ ਤੇ  ਪੂਰਨ ਪੁਰਖ ਕਿਹਾ ਜਾਂਦਾ ਹੈ ।

ਖਾਲਸਾ ਕੇਵਲ ਉਪਰੋਕਤ ਗੁਰੂ ਗੋਬਿੰਦ ਸਿੰਘ ਜੀ ਵਲੋਂ ਆਪਣੇ ਸੰਤ ਸਿਪਾਹੀ ਖਾਲਸੇ ਲਈ ਦਸੇ ਗਏ ਦਸ ਗੁਣਾਂ ਦਾ ਧਾਰਨੀ ਹੀ ਨਹੀਂ ਸਗੋਂ ਉਸ ਨੂੰ ਦਸ ਓਗਣਾਂ ਦਾ ਤਿਆਗੀ ਹੋਣ ਦਾ ਵੀ ਗੁਰੂ ਮਹਾਰਾਜ ਜੀ ਉਪਦੇਸ਼ ਦੇਂਦੇ ਹਨ । ਖਾਲਸੇ ਦੇ ਇਨ੍ਹਾਂ ਦਸਾਂ ਓਗਣਾਂ ਦੇ ਤਿਆਗਣ ਦਾ  ਵਰਨਣ ਕਰਦੇ ਹੋਏ ਦਸਮੇਸ਼ ਪਿਤਾ ਜੀ ਆਪਣੇ ਸਿੱਖਾਂ ਨੂੰ ਸਮਝਾਉਂਦੇ ਹਨ ਕਿ
“ਤਯਾਗੀ ਦਸ॥

ਬਿਰੋਧ ਅਤਿ ਸਾਧਨ ਹਿੰਸਾ ਅੰਹਕਾਰ ਆਲਸ ਕ੍ਰਿਪਨਤਵ ਪ੍ਰਮਾਨੰ ॥
ਕਠੋਰਤੁ ਜੜਤੁ ਕੁਚਿਲਿਤੁ ਅਸਊਚੰ ਕਲਮ ਸ਼ਾ-ਰੂ-ਅਭਿਗਤਿ ਆਨੰ ॥
ਦਸ ਗ੍ਰਾਹੀ ਦਸ ਤਿਯਾਗੀ ਐਸੋ ਤਾਹਿ ਖਾਲਸਹ ਕਥਤ ਸੁਜਾਨੰ ॥
ਅਸੁ ਖਾਲਸਹਿ ਖਾਲਸ ਪਦ ਪ੍ਰਾਪਤਿ ਨਿਰੰਕਾਰਿ ਸੁ ਸਵਰੂਪ ਮਹਾਨੰ ॥੭॥”

(ਸਰਬਲੋਹ ਗ੍ਰੰਥ ਸ੍ਰੀ ਮੁਖ ਵਾਕ ਪਾ:੧੦)

(੧)ਸ਼ਾਧਨਾਂ(ਜਪ ਤੇ ਤਪ,ਸੇਵਾ ਤੇ ਸਿਮਰਨ)ਦਾ ਵਿਰੋਧ ਦਾ ਤਿਆਗ ਕਰਨ ਵਾਲਾ ਹੀ ਖਾਲਸਾ ਹੈ । ਇਸੇ ਤਰਾਂ (੨)ਹਿੰਸਾ ਤੇ (੩) ਅੰਹਕਾਰ ਅਤੇ(੪)ਆਲਸ ਦਾ ਖਾਲਸਾ ਤਿਆਗੀ ਹੈ ।ਉਹ(੫)ਕਿਰਪਣਤ ਅਥਵਾ ਕੰਜੂਸ ਵੀ ਨਹੀਂ ਹੈ । ਖਾਲਸਾ (੬)ਕਠੋਰਪੁਣੇ (੭)ਮੂਰਖਪੁਣੇ(੮) ਕੁਚਿਲਤਾ(ਗੰਦੇ ਮੰਦੇ ਵਸਤਰਾਂ ਦਾ ਧਾਰਨੀ ਹੋਣਾ)ਤੇ (੯)ਅਪਵਿਤਰਤਾ ਦਾ ਤਿਆਗੀ ਹੈ । ਉਹ (੧੦)ਸ਼ਰਾ ਅਨੁਸਾਰ ਕਲਮਾ ਪੜ੍ਹੀਆਂ ਹੋਈਆਂ ਵਸਤੂਆਂ ਦਾ ਵੀ ਤਿਆਗੀ ਹੈ । ਇਹੋ ਜਹੇ ਦਸ ਗੁਣਾਂ ਦਾ ਧਾਰਨੀ ਤੇ ਦਸ ਓਗਣਾਂ ਦਾ ਤਿਆਗੀ ਵਿਅਕਤੀ ਨੂੰ ਹੀ ਸੁਜਾਨ ਪੁਰਖ ਖਾਲਸੇ ਦਾ ਰੂਪ ਪਰਵਾਨ ਕਰਦੇ ਹਨ । ਸੰਤ ਸਿਪਾਹੀ ਖਾਲਸੇ ਦੇ ਇਹੋ ਜਹੇ ਲਛਣਾਂ ਵਾਲਾ ਵਿਅਕਤੀ ਤੇ ਨਿਰੰਕਾਰ ਇਕ ਹੀ ਮਹਾਂਨ ਸਰੂਪ ਸਮਝੇ ਜਾਂਦੇ ਹਨ ।

ਦਸ ਗੁਣਾਂ ਦਾ ਧਾਰਨੀ ਤੇ ਦਸ ਓਗਣਾਂ ਦਾ ਤਿਆਗੀ ਹੀ  ਆਪਣੇ ਆਪ ਨੂੰ ਸੰਤ ਸਿਪਾਹੀ ਖਾਲਸਾ ਅਖਵਾਉਣ ਯੋਗ ਹੈ ।ਉਹ ਆਪਣੇ ਜੀਵਨ ਕਾਲ ਵਿਚ ਮੁਕਤ ਹੋ ਕੇ ਪਾਰਬ੍ਰਹਮ ਦਾ ਸਰੂਪ ਹੋ ਕੇ ਮਹਾਂ ਪੁਰਖ ਹੀ ਅਖਵਾਇਆ ਜਾਂਦਾ ਹੈ ।ਭਾਵੇਂ ਇਹੋ ਜਹੇ ਖਾਲਸਾ ਪਦ ਦੀ ਪ੍ਰਾਪਤੀ ਬੜੀ ਦੁਰਲਭ ਹੈ ਪਰ ਜਿਹੜਾ ਵੀ ਇਹ ਪਦਵੀ ਪ੍ਰਾਪਤ ਕਰ ਲੈਂਦਾ ਹੈ ਉਹੀ ਖਾਲਸਾ ਹੈ । ਜਿਸ ਤਰਾਂ ਸਾਗਰ ਤੇ ਸਾਗਰ ਦੀ ਬੂੰਦ ਵਿਚ ਕੋਈ ਅੰਤਰ ਨਹੀਂ ਹੁੰਦਾ ਉਸੇ ਤਰਾਂ ਜੀਵ ਆਤਮਾ ਤੇ ਪ੍ਰਮਾਤਮਾ ਵਿਚ ਵੀ ਕੋਈ ਭੇਦ ਨਹੀਂ ਹੁੰਦਾ ਹੈ ਕਿ

“ਜੀਵਨ ਮੁਕਤਿ ਬਿਚਰਤਿ ਬਨ ਤ੍ਰਿਨ ਮਹਿ,ਦੇਵ ਭੂਤਦੇਵ ਹੀ ਕਹਿੱਯੈ ॥
ਖਾਲਸ ਪਦ ਕੋ ਪ੍ਰਾਪਤਿ ਦੁਰਲਭ ਐਸੋ ਖਾਲਸ ਹਰਿਜਨ ਚਹਿੱਯੈ ॥
ਜਲ ਤਰੰਗ ਭੇਦ ਕਛੁ ਨਾਹਨਿ ਜੀਵ ਬ੍ਰਹਮ ਪਰਮਾਤਮ ਲਹਿੱਯੈ ॥
ਬ੍ਰਹਮਹਿ ਜੀਵ  ਪਾਰਬ੍ਰਹਮਹਿ ਸਾਗਰ ਬੂੰਦ ਬੂੰਦ ਸਿੰਧੁ ਅਹਿੱਯੈ ॥੮॥”
(ਸਰਬਲੋਹ ਗ੍ਰੰਥ ਸ੍ਰੀ ਮੁਖ ਵਾਕ ਪਾ:੧੦)

ਇਹ ਅਵਸਥਾ ਬੜੀ ਕਠਨਤਾਈ ਨਾਲ ਹੀ ਪ੍ਰਾਪਤ ਹੋ ਸਕਦੀ ਹੈ ਜਿਸ ਵਿਅਕਤੀ ਤੇ ਗੁਰੂ ਕਲਗੀਧਰ ਪਿਤਾ ਦੀ ਕਿਰਪਾਲਤਾ ਹੋਵੇ ਤੇ ਉਹ ਗੁਰੂ ਜੀ ਦੀ ਬਖਸ਼ਿਸ ਦੁਆਰਾ ਇਸ ਅਵਸਥਾ ਨੂੰ ਧਾਰਨ ਕਰ ਲਵੇ ਤਾਂ ਉਹ ਹਰ ਸਮੇ ਆਤਮ ਰਸ ਵਿਚ ਲੀਨ ਹੁੰਦਾ ਹੋਇਆ ਖਾਲਸਾ ਬਣ ਕੇ ਹਰ ਵਸਤੂ ਵਿਚ ਸਰਭ ਸ਼ਕਤੀਮਾਨ ਸਾਰੇ ਬ੍ਰਮੰਡ ਵਿਚ ਰਮੇ ਹੋਏ ਅਕਾਲ ਪਰਖ ਪ੍ਰਭੂ ਪ੍ਰਮਾਤਮਾ ਦਾ ਹੀ ਰੂਪ ਦੇਖਦਾ ਹੈ ਤੇ ਉਸ ਨੂੰ ਮੋ,ਤੋਹ ਤੇ ਪ੍ਰਭੂ ਵਿਚਕਾਰ ਕੋਈ ਅੰਤਰ ਹੀ  ਦਿਖਾਈ ਨਹੀਂ ਦੇਂਦਾ ਤਾਂ ਹੀ ਉਹ ਖਾਲਸੇ ਦਾ ਰੂਪ ਬਣ ਸਕਦਾ ਹੈ ਕਿ

“ਆਤਮ ਰਸ ਜੇ ਜਾਨਹੀ ਸੋ ਹੈ ਖਾਲਸ ਦੇਵ ॥
ਪ੍ਰਭੂ ਮਹਿ ਮੋ ਮਹਿ ਤਾਸ ਮਹਿ ਰੰਚਿਕ ਨਾਹਿਨ ਭੇਵ॥”
(ਸਰਬਲੋਹ ਗ੍ਰੰਥ ਸ੍ਰੀ ਮੁਖ ਵਾਕ ਪਾ:੧੦)

ਇਹੋ ਜਹੇ ਗੁਣਾਂ ਵਾਲਾ ਸੰਤ ਸਿਪਾਹੀ ਖਾਲਸਾ ਬਨਣਾ ਬੜਾ ਕਠਨ ਹੈ । ਸ਼ਾਇਦ ਅਜੋਕੇ ਕਾਲ ਵਿਚ ਕੋਈ ਹਰਿਆ ਬੂਟਾ ਇਹੋ ਜਹੇ ਗੁਣਾ ਵਾਲਾ  ਹੋਵੇ ? ਇਸ ਬਾਰੇ ਕਥਨ ਕਰਨਾ ਕੋਈ ਆਸਾਨ ਗੱਲ ਨਹੀਂ ਹੈ ਪਰ ਅਸੀ ਕਲਗੀਧਰ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰ ਇਹ ਅਰਦਾਸ ਤਾਂ ਕਰ ਸਕਦੇ ਹਾਂ ਕਿ ਸਚੇ ਪਾਤਿਸਾਹ ਜਿਨ੍ਹਾਂ ਗੁਣਾ ਦਾ ਵਰਨਣ ਸੰਤ ਸਿਪਾਹੀ ਖਾਲਸਾ ਬਨਣ ਲਈ ਤੁਸੀ ਕਰ ਰਹੇ ਹੋ ਕਿਤੇ ਸਾਡੇ ਤੇ ਕਿਰਪਾ ਕਰ ਕੇ ਇਨ੍ਹਾਂ ਗੁਣਾਂ ਦਾ ਧਾਰਨੀ ਸਾਨੂੰ ਬਣਾ ਦੇਵੋ ਤਾਂ ਕਿ ਅਸੀਂ ਆਪ ਜੀ ਵਲੋਂ ਖਾਲਸੇ ਨੂੰ ਬਖਸ਼ਿਸ ਕੀਤੀਆਂ ਹੋਈਆਂ ਇਨ੍ਹਾਂ ਬਖਸ਼ਿਸਾਂ ਨੂੰ ਪ੍ਰਾਪਤ ਕਰਨ ਦੇ ਹੱਕਦਾਰ ਹੋ ਸਕੀਏ ।ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਖਾਲਸੇ ਨੂੰ ਬੜੀਆਂ ਬਖਸ਼ਿਸਾਂ ਦੇਂਦਿਆਂ ਹੋਇਆਂ ਫੁਰਮਾਇਆ ਹੈ ਕਿ

“ਖਾਲਸਾ ਮੇਰੋ ਰੂਪ ਹੈ ਖਾਸ॥ ਖਾਲਸਹ ਮਹਿ ਹਉ ਕਰਹੁੰ ਨਿਵਾਸ॥
ਖਾਲਸਾ ਮੇਰੋ ਮੁਖ ਹੈ ਅੰਗ॥ ਖਾਲਸੇ ਕੇ ਹਉ ਬਸਤਿ ਸਦ ਸੰਗ॥੧॥
ਖਾਲਸਾ ਮੇਰੋ ਇਸ਼ਟ-ਸੁਹਿਰਦ॥ ਖਾਲਸਾ ਮੇਰੋ ਕਹਿਯਤ ਬਿਰਦ ॥

ਖਾਲਸਾ ਮੇਰੋ ਪੱਛ-ਰੁ ਪਾਦ॥ ਖਾਲਸਾ ਮੇਰੋ ਸੁਖ ਅਹਿਲਾਦ ॥੨॥
ਖਾਲਸਾ ਮੇਰੋ ਮਿਤ੍ਰ ਸੁਖਾਈ॥ ਖਾਲਸਾ ਮਾਤ ਪਿਤਾ ਸੁਖਦਾਈ ॥
ਖਾਲਸਾ ਮੇਰੀ ਸੋਭਾ ਸ਼ੀਲ॥ ਖਾਲਸਾ ਬੰਧੁ ਸਖਾ ਸਦ ਡੀਲ ॥੩॥
ਖਾਲਸਾ ਮੇਰੀ ਜਤਿ ਅਰੁ ਪਤਿ॥ ਖਾਲਸਹਿੰ-ਸੋ-ਮਾਕਹੁ ਉਤਪਤਿ॥
ਖਾਲਸਾ ਮੇਰੋ ਭਵਨ ਭੰਡਾਰਿ॥ ਖਾਲਸਹਿ ਕਰਿ ਮੇਰੋ ਸਦਕਾਰਿ ॥੪॥
ਖਾਲਸਾ ਮੇਰੋ ਸਵਜਨ-ਪਰਿਵਾਰੁ॥ ਖਾਲਸਾ ਮੇਰੋ ਕਰਤਿ-ਉਧਾਰੁ ॥
ਖਾਲਸਾ ਮੇਰੋ ਪਿੰਡ ਪ੍ਰਾਨ॥ ਖਾਲਸਾ ਮੇਰੀ ਜਾਨ ਕੀ ਜਾਨ ॥੫॥
ਮਾਨ ਮਹਤ ਮੇਰੋ ਖਾਲਸਾ ਸਹੀ॥ ਖਾਲਸਾ ਮੇਰੋ ਸਵਾਰਥ ਕਹੀ ॥
ਖਾਲਸਾ ਮੇਰੋ ਕਰੈ ਨਿਰਵਾਹ॥ ਖਾਲਸਾ ਮੇਰੋ ਦੇਹ ਅਰੁ ਸਾਹ ॥੬॥
ਖਾਲਸਾ ਮੇਰੋ ਧਰਮ-ਰੁ ਕਰਮ ॥ ਖਾਲਸਾ ਮੇਰੁ ਭੇਦ ਨਿਜ ਮਰਮ ॥
ਖਾਲਸਾ ਮੇਰੋ ਸਤਿਗੁਰੁ ਪੂਰਾ॥ ਖਾਲਸਾ ਮੇਰੋ ਸਵਜਨ ਸੂਰਾ ॥੭॥
ਖਾਲਸਾ ਮੇਰੋ ਬੁਧਿ ਸੁ ਗਯਾਨ॥ ਖਾਲਸਹਿ ਕਾ ਹਉ ਧਰਹੁੰ ਧਯਾਨ॥
ਉਪਮ ਖਾਲਸਹਿ ਜਾਤਿ ਨ ਕਹੀ ॥ ਜਿਹਵਾ ਏਕ ਪਾਰੁ ਨਹਿ ਲਹੀ ॥੮॥
ਸ਼ੇਸ਼ ਰਸਨ ਸਾਰਦ ਸੀ ਬੁਧਿ॥ ਤਦਯਪਿ ਨ ਉਪਮਾ ਬਰਨਤਿ ਸੁਧਿ ॥
ਯਾ ਮਹਿ ਰੰਚਿ ਨ ਮਿਥਯਾ ਭਾਖੀ ॥ ਪਾਰਬ੍ਰਹਮ ਗੁਰੂ ਨਾਨਕ ਸਾਖੀ ॥੯॥
ਰੋਮ ਰੋਮ ਰਸਨਾ ਜੌ ਪਾਵਹੁਂ ॥ ਤਦਯਪਿ ਨ ਖਾਲਸ ਜਸਹਿ ਤਰਾਵਹਂ ॥
ਹੌ ਖਾਲਸਹਿ ਕਹੁ ਖਾਲਸਾ ਮੇਰੋ ॥ਓਤਪੋਤ ਸਾਗਰ ਬੂੰਦੇਰੋ ॥੧੦॥
ਖਾਲਸਾ ਕਾਲ ਪੁਰੁਖ ਕੀ ਫੋਜ ॥ ਪ੍ਰਗਟਯੋ ਪਰਮਾਤਮ ਕੋ ਮੌਜ ॥੧॥ਰਹਾਉ॥"
(ਸਰਬਲੋਹ ਗ੍ਰੰਥ ਸ੍ਰੀ ਮੁਖ ਵਾਕ ਪਾ:੧੦)

ਇਸ ਤਰਾਂ ਸੰਤ ਸਿਪਾਹੀ ਦੇ ਸਿੱਧਾਂਤ ਨੂੰ ਅਸੀਂ ਸੰਸਾਰ ਦੀ ਰਾਜਨੀਤੀ ਦੇ ਮੰਚ ਤੇ ਸਭ ਤੋਂ ਉਤਮ ਸਿੱਧਾਂਤ ਮੰਨ ਸਕਦੇ ਹਾਂ । ਇਸ ਬਾਰੇ ਰੂਸ ਦੀ ਲੋਮੋਨੋਸੋਵ ਮਾਸਕੋ ਯੂਨੀਵਰਸਟੀ ਦੇ ਇਕ ਪ੍ਰੋਫੈਸਰ ਕਿਮ ਸ਼ਲਿੰਨ ਨੇ ਸੰਤ ਸਿਪਾਹੀ ਦੇ ਸਿੱਧਾਂਤ ਦੀ ਬੜੀ ਉਪਮਾ ਆਪਣੇ

ਇਕ ਕਤਾਬਚੇ ਵਿਚ ਕੀਤੀ ਹੈ ।

ਸੰਤ ਸਿਪਾਹੀ ਦੇ ਸਿੱਧਾਂਤ ਤੇ ਖਾਲਸੇ ਦੇ ਇਨ੍ਹਾਂ ਗੁਣਾਂ ਨੂੰ ਧੀਰੇ ਧੀਰੇ ਖਤਮ ਕਰਨ ਲਈ ਕਿਨ੍ਹਾਂ ਕਿਨ੍ਹਾਂ ਕੂੜ ਨੀਤੀਆਂ ਨੂੰ ਅਪਣਾ ਕੇ ਸਾਡੇ ਗੁਰਧਾਮਾਂ ਵਿਚ ਕੁਰੀਤੀਆਂ ਨੂੰ ਧਸੋੜਿਆ ਗਿਆ ? ਇਹ ਜਾਨਣ ਲਈ ਸਾਨੂੰ ਆਪਣੀਆਂ ਸੁਭਾਵਕ ਕੰਮਜ਼ੋਰੀਆਂ ਵਲ ਧਿਆਨ ਦੇਣ ਦੀ ਲੋੜ ਹੈ । ਕੋਈ ਵੀ ਵਿਅਕਤੀ ਜਾਂ ਸੰਸਥਾ ਜਾਂ ਕੌਮ ਉਤਨਾਂ ਚਿਰ ਅੱਗੇ ਨਹੀਂ ਵੱਧ ਸਕਦੀ ਜਦ ਤਕ ਕਿ ਉਹ ਆਪਣੀਆਂ ਕੰਮਜ਼ੋਰੀਆਂ ਤੇ ਵਿਚਾਰ ਕਰ ਕੇ ਉਨ੍ਹਾਂ ਨੂੰ ਦੂਰ ਕਰਨ ਦਾ ਯਤਨ ਨਹੀਂ ਕਰਦੀ ।ਸਿੱਖ ਕੌਮ ਦੀ ਜੋ ਕੰਮਜ਼ੋਰੀ ਸਾਡੇ ਦੁਸ਼ਮਣਾਂ ਨੇ ਲੱਭੀ ਉਸ ਨੂੰ ਅਸੀਂ ਸਿੱਖ ਦੁਸ਼ਮਣ ਤਾਕਤਾਂ ਦੀ ਜ਼ਬਾਨੀ ਹੀ ਇਥੇ ਲਿਖਣ ਦਾ ਹੀਆ ਕਰਦੇ ਹਾਂ ਤਾਂ ਕਿ ਅਸੀ ਆਪਣਾ ਸਵੈ ਪ੍ਰੀਖਣ ਕਰ ਸਕੀਏ । ਅੰਗਰੇਜ਼ ਸਮੇ ਇਕ ਸਿੱਖ ਵਿਦਵਾਨ ਭਾਈ ਬੁਧ ਸਿੰਘ ਤੇ ਪੰਡਤ ਰਾਧਾ ਕ੍ਰਿਸ਼ਨ ਅੰਗਰੇਜ਼ਾਂ ਨੂੰ ਇਹ ਰਾਇ ਦੇਂਦੇ ਹਨ ਕਿ

“Bhai Budh Singh complains that people are now without knowledge,and learn all their religion by word of mouth.

And

Pandit Radha Kishan,whose opinion I consider of much value,as it is uninfluenced by any religious bias,says that the Sikhs of the present day disregard the Rahitnamas because they have given up the strict observance of the customs enjoined therein. He thinks that the Sikhs are guided almost entirely by an oral tradition,and their scriptures have no practical influence upon their manner of life.”

(Extract from the letter No.154 dated Lahore,30 June 1873 from C.Pearson Esq.,M.A.,offg.Director of Public Instruction,Punjab to The Secretary to Government,Punjab.)

ਇਹੋ ਗੱਲ ‘ਮਹਾਂ ਕੋਸ਼’ ਦੇ ਕਰਤਾ ਭਾਈ ਕਾਹਨ ਸਿੰਘ ਜੀ ਆਪਣੇ ਇਕ ਲੇਖ ਵਿਚ ਇਸ ਤਰਾਂ ਲਿਖਦੇ ਹਨ ਕਿ

“ਇਸ ਪ੍ਰਸੰਗ ਵਿਚ ਮੈ ਇਹ ਕਹੈ ਬਿਨਾ ਨਹੀਂ ਰਹਿ ਸਕਦਾ ਕਿ ਸਿੱਖਾਂ ਨੂੰ ਆਪਣੇ ਧਰਮ ਪੁਸਤਕਾਂ ਦੀ ਬਹੁਤ ਘਟ ਵਾਕਫੀਅਤ ਹੈ, ਕੋਈ ਖੋਜ ਭਾਲ ਨਹੀਂ ਕਰਦਾ,ਸੁਣੀਆਂ ਗੱਲਾਂ ਪੁਰ ਯਕੀਨ ਕਰ ਬੈਠਦੇ ਹਨ ।“(‘ਪੰਥ ਸੇਵਕ’੨੩ ਜਨਵਰੀ,੧੯੧੮)

ਸਾਡਾ ਇਹ ਸੁਭਾ ਜੋ ਤਕਰੀਬਨ ੧੩੪ ਸਾਲ ਪਹਿਲਾਂ ਸਾਡੇ ਦੁਸ਼ਮਣਾਂ ਨੇ ਨੋਟ ਕੀਤਾ ਸੀ ਅਜ ਵੀ ਸਾਡੇ ਵਿਚ ਮੌਜੂਦ ਹੈ । ਸਾਡੇ ਵਿਚ ਬਹੁਤ ਘਟ ਵਿਅਕਤੀ ਆਪਣੇ ਧਰਮ ਬਾਰੇ ਆਪਣੀਆਂ ਇਤਹਾਸਕ ਤੇ ਧਾਰਮੁਕ ਪੁਸਤਕਾਂ ਦਾ ਅਧਿਅਨ ਕਰਨ ਦੇ ਆਦੀ ਹਨ । ਅਸੀਂ ਆਮ ਤੌਰ ਤੇ ਜੋ ਸਾਨੂੰ ਸਾਡੇ ਗੁਰਦੁਆਰਿਆਂ ਵਿਚ ਦਸਿਆ ਜਾਂਦਾ ਹੈ ਉਸ ਨੂੰ ਸੱਚ ਤੇ ਠੀਕ ਸਮਝ ਲੈਂਦੇ ਹਾਂ । ਸਾਡੀ ਇਸ ਕੰਮਜ਼ੋਰੀ ਦਾ ਲਾਭ ਸਾਡੇ ਦੁਸ਼ਮਣਾਂ ਨੇ ਰੱਜ ਲੇ ਉਠਾਇਆ ਹੈ ਤੇ ਹੁਣ ਵੀ ਉਠਾ ਰਹੇ ਹਨ । ਸਾਡੇ ਦੁਸ਼ਮਣਾਂ ਨੇ ਜੋ ਸਾਨੂੰ ਸਿੱਖਾਉਣਾ ਹੁੰਦਾ ਹੈ ਉਸ ਦੀ

ਗਾਈਡ ਲਾਈਨ ਸਾਡੇ ਵਿਚੋਂ ਸਾਡੇ ਕੁਝ ਪਰਚਾਰਕਾਂ, ਗ੍ਰੰਥੀਆਂ,ਰਾਗੀਆਂ,ਢਾਡੀਆਂ ਤੇ ਕਥਾ ਵਾਚਕਾਂ ਨੂੰ ਖਰੀਦ ਕੇ ਜਾਂ ਪ੍ਰਭਾਵ ਪਾ ਕੇ ਦੇ ਦਿਤੀ ਜਾਂਦੀ ਹੈ। ਇਹ ਸਾਡੀ ਰੀਤੀ ਤਕਰੀਬਨ ਪਿਛਲੇ ਢੇਡ ਸੌ ਸਾਲ ਤੋਂ ਚਲਦੀ ਹੋਈ ਅਜ ਕਲ ਵੀ ਕੁਝ ਸਵਾਰਥੀ ਸਿੱਖ ਵਿਦਿਵਾਨਾਂ ਰਾਹੀਂ ਜਾਰੀ ਹੈ ਜਿਸ ਕਾਰਨ ਸਾਡੇ ਗੁਰਦੁਆਰਿਆਂ ਵਿਚ ਕੁਰੀਤਆਂ ਇਤਨੀਆਂ ਵੱਧ ਗਈਆਂ ਹਨ ਕਿ ਗੁਰਦੁਆਰੇ ਧੀਰੇ ਧੀਰੇ ਰੁਹਾਨੀ ਜਾਂ ਆਤਮਕ ਸਿਖਿਆਂ ਦੇ ਵਾਤਾਵਰਨ ਪੈਦਾ ਕਰਨ ਦੀ ਬਜਾਏ ਵਪਾਰਕ ਅਦਾਰੇ ਬਣਦੇ ਹੋਏ ਰਾਜਨੀਤਕ ਧੜੇਬੰਦੀਆਂ ਦੇ ਅਖਾੜੇ ਬਣਦੇ ਜਾ ਰਹੇ ਹਨ । ਗੁਰਬਾਣੀ ਦੇ ਪਰਚਾਰ ਦੇ ਨਾਮ ਤੇ ਅਸੀਂ ਆਪਣੀਆਂ ਜੇਬਾਂ ਭਰਨ ਵਿਚ ਰੁਝਦੇ ਜਾ ਰਹੇ ਹਾਂ । ਇਸ ਪਾਸੇ ਸਾਡੀ ਤੋਰ ਕਿਉਂ ਤੁਰੀ ਇਸ ਤੇ ਸਾਨੂੰ ਵਿਚਾਰ ਕਰਨਾ ਚਾਹੀਦਾ ਹੈ ਕਿ ਸਾਡੀ ਸਿੱਖੀ ਦੇ ਵੈਰੀ ਸਾਡੇ ਤੇ ਸਾਡੇ ਨਾਲ ਰਲਕੇ ਤੇ ਸਾਡਾ ਆਪਣਾ ਰੂਪ ਧਾਰਨ ਕਰ ਕੇ ਗੁਰਬਾਣੀ ਦਾ ਨਾਮ ਵਰਤ ਕੇ ਸਿੱਖੀ ਦੀਆਂ ਜੜ੍ਹਾਂ ਵਿਚ ਸਾਥੋਂ ਆਪ ਹੀ ਤੇਲ ਦਵਾਈ ਜਾ ਰਹੇ ਹਨ । ਸਾਡੀਆਂ ਆਪਣੀਆਂ ਕੰਮਜ਼ੋਰੀਆਂ ਦਾ ਲਾਭ ਲੈ ਕੇ ਅੰਗਰੇਜ਼ ਸਰਕਾਰ ,ਸਿੱਖੀ ਦੇ ਸਵਿਧਾਨ ਸਾਡੇ ਰਹਿਤਨਾਮੇ ,ਸੌ ਸਾਖੀ ਤੇ ਸਰਬ ਲੋਹ ਗ੍ਰੰਥ ਵਿਚ ਦਰਜ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਨੂੰ ਜਿਥੇ ਅਲੋਪ ਕਰਨ ਵਿਚ ਕਾਫੀ ਹੱਦ ਤਕ ਸਫਲ ਕਹੀ ਜਾ ਸਕਦੀ ਹੈ ਉਥੇ ਦਸਮ ਗ੍ਰੰਥ ਜੋ ਕਿ ਉਸ ਸਮੇ ਹਰ ਗੁਰਦੁਆਰੇ ਵਿਚ ਪ੍ਰਕਾਸ਼ਮਾਨ ਰੂਪ ਵਿਚ ਮੌਜੂਦ ਸੀ ਤੇ ਪੜ੍ਹਿਆ ਜਾਂਦਾ ਸੀ ,ਬਾਰੇ ਸਿੱਖਾਂ ਦੇ ਮਨਾਂ ਵਿਚ ਭੁਲੇਖੇ ਪੈਦਾ ਕਰਨ ਦੇ ਯਤਨ ਕੀਤੇ ਗਏ । ਪੰਜਾਬ ਤੇ ਅੰਗਰੇਜ਼ਾਂ ਦਾ ਕਬਜ਼ਾ ਹੋਣ ਕਾਰਨ ਸਿੱਖ ਕੌਮ ਆਗੂ ਵਿਹੂਣੀ ਹੋ ਗਈ ਸੀ । ਸਿੱਖਾਂ ਵਿਚ ਕੋਈ ਵੀ ਇਹੋ ਜਹੀ ਸ਼ਖਸ਼ੀਅਤ ਨਹੀਂ ਸੀ ਜਿਸ ਤੇ ਸਮੁਚੀ ਸਿੱਖ ਕੌਮ ਭਰੋਸਾ ਕਰ ਸਕਦੀ ਜਾ ਕੋਈ ਵੀ ਇਹੋ ਜਿਹਾ ਸਿੱਖ ਲੀਡਰ ਨਹੀਂ ਸੀ ਜਿਹੜਾ ਕਿ ਸਿੱਖ ਕੌਮ ਨੂੰ ਸਿੱਖ ਮਰਯਾਦਾ ਅਨੁਸਾਰ ਅਗਵਾਈ ਦੇ ਸਕਦਾ । ਜੇ ਕੋਈ ਇਹੋ ਜਿਹਾ ਯਤਨ ਕਰਨ ਦਾ ਯਤਨ ਕਰਦਾ ਤਾਂ ਉਸ ਨੂੰ ਹਰ ਹਾਲਤ ਵਿਚ ਜਾਂ ਤਾਂ ਚੁੱਪ ਕਰਵਾ ਦਿਤਾ ਜਾਂਦਾ ਜਾਂ ਫਿਰ ਕੁਚਲ ਦਿਤਾ ਜਾਂਦਾ । ਇਹ ਹਾਲ ਬਾਬਾ ਰਾਮ ਸਿੰਘ ਜੀ ਦਾ ਤੇ ਉਨ੍ਹਾਂ ਦੀ ਸੰਸਥਾਂ ਨਾਮਧਾਰੀ ਲਹਿਰ(ਸੰਤ ਖਾਲਸਾ) ਦਾ ਕਰ ਦਿਤਾ ਗਿਆ ਸੀ।ਬਾਬਾ ਰਾਮ ਸਿੰਘ ਜੀ ਨੇ ਪੁਰਾਤਨ ਸਿੱਖ ਮਰਯਾਦਾ ਨੂੰ ਚਾਲੂ ਕਰਨ ਲਈ 'ਹਵਨ' ਦੀ ਮਰਯਾਦਾ ਫਿਰ ਤੋਂ ਬਹਾਲ ਕਰਨ ਦਾ ਯਤਨ ਕੀਤਾ । ਪੁਰਾਤਨ ਸਿੱਖ ਤਪਸਿਆ ਕਰਨ ਲਈ ਹਵਨ ਬਾਲ ਕੇ ਨਾਮ ਸਿਮਰਨ ਦਾ ਅਭਿਆਸ ਕੀਤਾ ਕਰਦੇ ਸਨ । ਇਸ ਬਾਰੇ ਪ੍ਰਸਿਧ ਇਤਹਾਸਕਾਰ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ

"ਕੀਰਤਨ ਕਥਾ ਪਾਠ ਗੁਰੂ ਗ੍ਰੰਥ ਕੇ ਥਾਟ;
ਜੋੜ ਮੇਲ ਥਾਟ ਬਾਠ ਮੇਲ ਠਾਨੀ ਥੇ ॥
ਹੋਮ ਜਗ ਕਰਵਾਤੇ,ਪ੍ਰਸਾਦ ਬਟਵਾਤੇ;
ਰੌਣਕ ਰਖਾਤੇ,ਗਾਤੇ ਸ਼ਲਬਦ ਜਬਾਨੀ ਥੇ"॥( ਪੰਥ ਪ੍ਰਕਾਸ)

ਗੁਰੂ ਗ੍ਰੰਥ ਸਾਹਿਬ ਵਿਚ ਵੀ ਹੋਮ ਯਗ ਨੂੰ ਦੇਵ ਕਰਤਬ ਦਾਸਿਆ ਗਿਆ ਹੈ ।

''ਗੈਂਡਾ ਮਾਰ ਹੋਮ ਯਗ ਕੀਏ ਦੇਵਤਿਆ ਕੇ ਬਾਨੈ'' ॥(ਗੁਰੂ ਗ੍ਰੰਥ ਸਾਹਿਬ)

ਹਵਨ ਜਾਂ ਹੋਮ ਸਮੇਂ ਘਿਓ ਨੂੰ ਅਗਨ ਵਿਚ ਪਾਉਣ ਨਾਲ ਕਾਰਜਾਂ ਦੀ ਸਿਧੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਸਾਹਿਬ ਵਲੋਂ ਬਿਆਨਿਆ ਗਿਆ ਹੈ ਕਿ

''ਨੂਰੈ ਘਾਹੁ ਚਰਹਿ ਨਿਤਿ ਸੁਰਹੀ ਸਾਵਨ ਦਹੀ ਵਿਲੋਵੈ ॥
ਤਿਤੁ ਘਿਇ ਹੋਮ ਜਗ ਸਦਾ ਪੂਜਾ ਪਈਐ ਕਾਰਜ ਸੋਹੈ'' ॥(ਗੁਰੂ ਗ੍ਰੰਥ ਸਡਹਿਬ-੧੫੦)

ਗੁਰੂ ਅਰਜਨ ਦੇਵ ਜੀ ਮਹਾਰਾਜ ਤਾਂ ਇਥੋਂ ਤਕ ਅਰਦਾਸ ਬੇਂਨਤੀ ਆਪਣੇ ਠਾਕਰ ਸਨ ਮੁਖ ਕਰਦੇ ਹੋਏ ਸਾਰੇ ਭਰਮਾਂ ਨੂੰ ਹਵਨ ਦੀ ਅਗਨੀ ਵਿਚ ਸਾੜ੍ਹਣ ਲਈ ਆਖਦੇ ਹਨ ਕਿ

''ਐਸੀ ਕਿਰਪਾ ਮੋਹਿ ਕਰਹੁ॥
ਸੰਤ ਚਰਨ ਹਮਾਰੋ ਮਾਥਾ ਨੈਨ ਦਰਸ ਤਨਿ ਧੁਰਿ ਪਰਹੁ ॥੧॥ਰਹਾਉ॥
ਗੁਰ ਕੋ ਸ਼ਲਬਦੁ ਮੇਰੈ ਹੀਅਰੈ ਬਾਸੈ ਹਰਿ ਨਾਮਾ ਮਨ ਸੰਗਿ ਧਰਹੁ ॥
ਤਸਕਰ ਪੰਚ ਨਿਵਾਰਹੁ ਠਾਕੁਰ ਸਗਲੋ ਭਰਮਾ ਹੋਮਿ ਜਰਹੁ'' ॥
(ਗੁਰੂ ਗ੍ਰੰਥ ਸਾਹਿਬ-ਅੰਗ ੮੨੮)

ਇਸੇ ਤਰਾਂ ਦਸਮ ਗ੍ਰੰਥ ਵਿਚ ਦਸ਼ਮੇਸਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ ਕਿ

''ਕਹੂੰ ਆਰਬੀ ਤੋਰਕੀ ਪਾਰਸੀ ਹੈ ॥
ਕਹੂੰ ਪਹਿਲਵੀ ਪਸ਼ਲਤਵੀ ਸੰਸਕ੍ਰਿਤੀ ਹੈ ॥
ਕਹੂੰ ਦੇਸ ਭਾਖਿਯਾ ਕਹੂੰ ਦੇਵ ਬਾਨੀ ॥
ਕਹੂੰ ਰਾਜ ਵਿਦਿਆ ਕਹੂੰ ਰਾਜਧਾਨੀ ॥
ਕਹੂੰ ਮੰਤ੍ਰ ਵਿਦਿਆ ਕਹੂੰ ਤੰਤ੍ਰ ਮਾਰੰ ॥
ਕਹੂੰ ਜੰਤ੍ਰ ਰੀਤੰ ਕਹੂੰ ਸਸਤ੍ਰ ਧਾਰੰ ॥
ਕਹੂੰ ਹੋਮ ਪੂਜਾ ਕਹੂੰ ਦੇਵ ਅਰਚਾ ॥

ਕਹੂੰ ਪਿੰਗਲਾ ਚਾਰਣੀ ਗੀਤ ਚਰਚਾ'' ॥
(ਦਸਮ ਗ੍ਰੰਥ)

ਇਹ ਸਭ ਕੁਝ ਅਸੀਂ ਹੁਣ ਆਪਣੇ ਗੁਰਦੁਆਰਿਆਂ ਵਿਚ ਵੜਣ ਵੀ ਨਹੀਂ ਦੇਂਦੇ । ਇਸੇ ਤਰਾਂ ਚੰਡੀ ਦੀ ਵਾਰ ਜਿਸ ਦੀ ਪਹਿਲੀ ਪਉੜੀ ਸਾਡੀ ਅਰਦਾਸ ਦਾ ਜ਼ਰੂਰੀ ਅਰੰਭਕ ਅੰਗ ਹੈ ਆਪਣੇ ਗੁਰਦੁਆਰਿਆਂ ਤੋਂ ਇਸ ਨੂੰ ਵੀ ਦੂਰ ਹੀ ਰੱਖ ਰਹੇ ਹਾਂ । ਬਾਬਾ ਰਾਮ ਸਿੰਘ ਜੀ ਨੇ ਜੋ ਮਰਯਾਦਾ ਅੰਗਰੇਜ਼ ਦੇ ਇਸ਼ਾਰੇ ਤੇ ਬੰਦ ਕਰ ਦਿਤੀ ਗਈ ਸੀ ਫਿਰ ਚਾਲੂ ਕਰਵਾਈ ਤੇ ਕੀਤੀ । ਗੁਰੂ ਗੋਬਿੰਦ ਸਿੰਘ ਜੀ ਵਲੋਂ ਕਰਵਾਏ ਜਾਂਦੇ ਹਵਨ ਦੀ ਫਿਰ ਮਰਯਾਦਾ ਚਾਲੂ ਕਰਦਿਆਂ ਹੋਇਆਂ ਹਵਨ ਤੇ ਇਕ ਸਿੱਖ ਵਲੋਂ ਜਪੁ ਜੀ ਸਾਹਿਬ, ਦੁਜੇ ਵਲੋਂ ਜਾਪੁ ਸਾਹਿਬ ,ਤਿਜੇ ਵਲੋਂ ਅਕਾਲ ਉਸਤਤ, ਚੌਥੇ ਵਲੋਂ ਚੰਡੀ ਦੀ ਵਾਰ ਉਗਰਦੰਤੀ,ਪੰਜਵੇਂ ਵਲੋਂ ਚੰਡੀ ਚਰਿਤ੍ਰ , ਛੇਵੇਂ ਵਲੋਂ ਚਉਪੀ ਤੇ ਸਤਵਾਂ ਨਾਮ ਸਿਮਰਨ ਦਾ ਅਭਿਆਸ ਕਰਦਾ ਹੋਇਆ ਹਵਨ ਦੀ ਸੇਵਾ ਵਿਚ ਹੁੰਦਾ ਸੀ।ਗੁਰੂ ਨਾਨਕ ਦੇਵ ਜੀ ਦੇ ਸਮੇ ਸਿੱਖਾਂ ਵਿਚ ਉਦਾਸੀ ਦੀ ਰੀਤ ਅਨੁਸਾਰ ਇਹ ਤਪਸਿਆ ਦੀ ਇਹ ਚਲਦੀ ਹੋਈ ਲਹਿਰ ਕਿਉਂ ਬੰਦ ਕਰਵਾਈ ਗਈ ਕਿਉਂ ਕਿ ਅੰਗਰੇਜ਼ ਇਹ ਸਮਝਦਾ ਸੀ ਕਿ ਗੁਰੁ ਨਾਨਕ ਦੇਵ ਜੀ ਨੇ ਇਹ ਅੰਨਭਵ ਕੀਤਾ ਹੋਇਆ ਸੀ ਕਿ ਜੋ ਵਿਅਕਤੀ ਆਤਮਕ ਰੂਪ ਵਿਚ ਤਪਸਿਆ ਸਾਧਨਾ ਦੁਆਰਾ ਸਵਤੰਤਰ ਹੋ ਜਾਂਦਾ ਹੈ ਤਾਂ ਫਿਰ ਉਹ ਆਪਣੇ ਆਪ ਹੀ ਮਾਨਸਕ ,ਆਰਥਕ ਤੇ ਰਾਜਨੀਤਕ ਅਜ਼ਾਦੀ ਪ੍ਰਾਪਤ ਕਰ ਲੈਂਦਾ ਹੈ । ਜੇ ਕਰ ਕਿਸੇ ਨੂੰ ਆਤਮਕ ਰੂਪ ਵਿਚ ਅਜ਼ਾਦ ਨਾ ਹੋਣ ਦਿਤਾ ਜਾਵੇ ਤਾਂ ਉਹ ਮਾਨਸਕ,ਆਰਥਕ ਤੇ ਰਾਜਨੀਤਕ ਗੁਲਾਮੀ ਨੂੰ ਆਪ ਹੀ ਧਾਰਨ ਕਰ ਲਵੇ ਗਾ । ਅੰਗਰੇਜ਼ ਦੀ ਇਸ ਚਾਲ ਨੂੰ ਸਮਝ ਕੇ ਬਾਬਾ ਰਾਮ ਸਿੰਘ ਜੀ ਨੇ ਨਾ ਮਿਲਵਰਤੋਂ ਦੀ ਲਹਿਰ ਅਰੰਭ ਕੀਤੀ ਸੀ ਜਿਸ ਨੂੰ ਪਿਛੋਂ ਮਹਾਤਮਾ ਗਾਂਧੀ ਨੇ ਸਮੁਚੇ ਭਾਰਤ ਵਿਚ ਲਾਗੂ ਕਰਨ ਦਾ ਯਤਨ ਕੀਤਾ ਸੀ । ਇਨ੍ਹਾਂ ਕਾਰਨਾਂ ਕਰ ਕੇ ਬਾਬਾ ਰਾਮ ਸਿੰਘ ਜੀ ਦਾ ਆਮ ਸਿੱਖਾਂ ਵਿਚ ਬਹੁਤ ਮਾਨ ਸਤਿਕਾਰ ਕੀਤਾ ਜਾਂਦਾ ਸੀ ਤੇ ਉਨਹਾਂ ਦੇ ਸੇਵਕਾਂ ਦਾ ਮਲੇਰਕੋਟਲੇ ਵਿਚ ਤੋਪਾਂ ਨਾਲ ਉਡਾਏ ਜਾਣ ਕਾਰਨ ਸਿੱਖ ਜਗਤ ਵਿਚ ਨਾਮਧਾਰੀ ਲਹਿਰ ਬਹੁਤ ਪ੍ਰਭਾਵ ਰਖਦੀ ਸੀ । ਇਸ ਲਹਿਰ ਦੇ ਵਿਰੁਧ ਜੋ ਖਿਆਲ ਆਮ ਲੋਕਾਂ ਵਿਚ ਪਰਚਾਰੇ ਜਾ ਰਹੇ ਸਨ ਉਸ ਦਾ ਪਤਾ ਪੰਜਾਬ ਦੀ ਅੰਗਰੇਜ਼ ਸਰਕਾਰ ਦੇ ਸਕੱਤਰ ਦੀ ਇਕ ਗੁਪਤ ਚਿੱਠੀ ਤੋਂ ਮਿਲਦਾ ਹੈ ਜੋ ਕਿ ਉਨ੍ਹਾਂ ਨੇ ਹਿੰਦ ਸਰਕਾਰ ਦੇ ਵਿਦੇਸੀ ਵਿਭਾਗ ਦੇ ਸਕੱਤਰ ਨੂੰ ਲਿਖੀ ਸੀ । ਇਸ ਚਿੱਠੀ ਵਿਚ ਉਹ ਲਿਖਦੇ ਹਨ ਕਿ ਉਨ੍ਹਾਂ ਨੇ ਵੱਖ ਵੱਖ ਸਿੱਖ ਤੇ ਹਿੰਦੂ ਲੀਡਰਾਂ ਨਾਲ ਕੂਕਾ ਲਹਿਰ ਬਾਰੇ ਗਲਬਾਤ ਕੀਤੀ ਹੈ। ਇਕ ਹਿੰਦੂ ਲੀਡਰ ਪੰਡਤ ਰਾਧਾ ਕ੍ਰਿਸ਼ਨ ਬਾਬਾ ਰਾਮ ਸਿੰਘ ਜੀ ਦੀ ਕੂਕਾ ਲਹਿਰ ਬਾਰੇ ਆਪਣੀ ਵਿਰੋਧੀ ਰਾਇ ਇਸ ਤਰਾਂ ਦਸਦੇ ਹਨ ਕਿ

‘The Kukas had invented a religion of their own which they said they got out of the Grunths. They put aside the Hindoo religion entirely,and had their own ceremonies for marriage and funerals. It was wicked and contemptible heresy , by the good fortune of the Sirkar their light had been put out.’
(Extract from the letter No.4589,dated Lahore 9th December 1873 from Secretary to the Government of Punjab to secretary to Government of India, Foreign Department.)

ਇਸੇ ਤਰਾਂ ਇਕ ਸਿੱਖ ਆਗੂ ਸ.ਭਗਤ ਸਿੰਘ ਅੰਗਰੇਜ਼ ਸਰਕਾਰ ਦੀ ਚਾਪਲੂਸੀ ਕਰਦੇ ਹੋਏ ਪੰਜਾਬ ਸਰਕਾਰ ਦੇ ਸਕੱਤਰ ਨੂੰ ਇਸ ਤਰਾਂ ਕੂਕਿਆਂ ਬਾਰੇ ਦਸਦੇ ਸਨ ਕਿ

‘The sins of Kukas is, that they had rejected the Dharm Shastras,that is, the ceremonial law of the Hindoos, which is binding upon Sikhs in matters relating to marriages, funerals,property ,&c.
As regards belief in God and morals, the Kukas hold the same opinion as the orthodox Sikhs, but they think they will go to their Guru in Paradise after death, where as the orthodox believe that man go to heaven or hell according to their deserts.’
(Extract from the letter No.4589,dated Lahore 9th December 1873 from Secretary to the Government of Punjab to secretary to Government of India, Foreign Department.)

ਇਕ ਪਾਸੇ ਬਾਬਾ ਜੀ ਨੂੰ ਜਲਾਵਤਨ ਕਰ ਕੇ ਰੰਗੂਨ(ਬ੍ਰਹਮਾ) ਵਿਖੇ ਜੇਲ ਵਿਚ ਬੰਦ ਕਰ ਦਿਤਾ ਗਿਆ ਤੇ ਦੁਜੇ ਪਾਸੇ ਨਾਮਧਾਰੀ ਲਹਿਰ ਦੇ ਪ੍ਰਭਾਵ ਨੂੰ ਖਤਮ ਕਰਨ ਲਈ ਸਿੱਖਾਂ ਦੀਆਂ ਸਿੱਖ ਧਰਮ ਦੇ ਨਾਮ ਤੇ ਕੁਝ ਹੋਰ ਲਹਿਰਾਂ ਚਾਲੂ ਕਰਵਾਏ ਜਾਣ ਦੀ ਲੋੜ ਅੰਗਰੇਜ਼ ਸਰਕਾਰ ਸਮਝਦੀ ਸੀ । ਇਸ ਮੰਤਵ ਲਈ ਕੁਝ ਸਰਕਾਰ ਪੱਖੀ ਸਿੱਖਾਂ ਨੇ ਅੰਮ੍ਰਿਤਸਰ ਵਿਖੇ ੧੯੭੩ ਨੂੰ ਇਕ ਮੀਟਿੰਗ ਕਰ ਕੇ ਇਕ ਧਾਰਮੁਕ ਸੰਸਥਾ ਕਾਇਮ ਕੀਤੀ ਜਿਸ ਦਾ ਨਾਮ ‘ਸਿੰਘ ਸਭਾ ਅੰਮ੍ਰਿਤਸਰ’ ਰਖਿਆ ਗਿਆ ।ਇਸ ਸਿੰਘ ਸਭਾ ਦਾ ਮੰਤਵ ਸਿੱਖਾਂ ਨੂੰ ਆਪਣੇ ਧਾਰਮੁਕ ਵਿਰਸੇ ਨਾਲ ਜੋੜਣਾ ਦਸਿਆ ਜਾਂਦਾ ਸੀ । ਇਸ ਦੇ ਆਗੂਆਂ ਵਿਚ ਬਾਬਾ ਖੇਮ ਸਿੰਘ ਜੀ ਬੇਦੀ,ਕੰਵਰ ਬਿਕਰਮ ਸਿੰਘ ਆਫ ਕਪੂਰਥਲਾ,ਗਿਆਨੀ ਸਰਦੂਲ ਸਿੰਘ ਆਦਿ ਦਸੇ ਜਾਂਦੇ ਹਨ । ਇਸ ਦੀ ਪਹਿਲੀ ਇਕਰਤਰਤਾ ਮੰਜੀ ਸਾਹਿਬ ਅੰਮ੍ਰਿਤਸਰ ਵਿਖੇ ਹੋਈ ਜਿਸ ਵਿਚ ਦਰਬਾਰ ਸਾਹਿਬ ਦੇ ਪੂਜਾਰੀ,ਗ੍ਰੰਥੀ,ਮਹੰਤ,ਨਿਰਮਲੇ ਤੇ ਹੋਰ ਸਿੱਖ ਪਤਵੰਤੇ ਸ਼ਾਮਲ ਹੋਏ । ਸਿੰਘ ਸਭਾ ਦੀ ਪ੍ਰਵਾਨਗੀ ਵੀ ਚਾਰ ਤਖਤ ਸਾਹਿਬਾਨ ਤੇ ਕਈ ਇਤਹਾਸਕ ਗੁਰਦੁਆਰਿਆਂ ਤੋਂ ਪ੍ਰਾਪਤ ਕਰ ਲੀਤੀ ਗਈ । ਇਕਰਤਾ ਵਿਚ ਫੈਸਲਾ ਕੀਤਾ ਗਿਆ ਕਿ ਸਿੱਖੀ ਦਾ

ਪਰਚਾਰ ਹਰ ਸੰਭਵ ਢੰਗ ਨਾਲ ਕੀਤਾ ਜਾਵੇ ਗਾ ਤੇ ਸਿੱਖਾਂ ਵਿਚ ਵਿਦਿਆ ਦਾ ਪਸਾਰ ਕੀਤਾ ਜਾਵੇ ਗਾ । ਸਰਕਾਰੀ ਅਧਿਕਾਰੀਆਂ ਨਾਲ ਮੇਲ ਮਿਲਾਪ ਰਖ ਕੇ ਉਨ੍ਹਾਂ ਤੋਂ ਵੀ ਸਹਿਯੋਗ ਪ੍ਰਾਪਤ ਕੀਤਾ ਜਾਵੇ ਗਾ । ਸ.ਠਾਕਰ ਸਿੰਘ ਸੰਧਾਵਾਲਿਆ ਇਸ ਦੇ ਪਹਿਲੇ ਪ੍ਰਧਾਨ ਸਥਾਪਤ ਕੀਤੇ ਗਏ । ਇਸ ਸਿੰਘ ਸਭਾ ਦੇ ਆਗੂਆਂ ਦੀਆਂ ਰੁਚੀਆਂ ਵਧੇਰੇ ਕਰ ਕੇ ਸਵਾਰਥੀ ਬਣਦੀਆਂ ਗਈਆਂ । ਬਾਬਾ ਖੇਮ ਸਿੰਘ ਜੀ ਆਪਣੇ ਆਪ ਨੂੰ ਗੁਰੂ ਨਾਨਕ ਦੇਵ ਜੀ ਦੀ ਬੰਸ ਵਿਚੋਂ ਹੋਣ ਕਾਰਨ ਚਾਹੁੰਦੇ ਸਨ ਕਿ ਉਨ੍ਹਾਂ ਦਾ ਸਤਿਕਾਰ ਮਾਨ ਗੁਰੂ ਸਾਹਿਬ ਜੀ ਦੀ ਤਰਾਂ ਸਿੱਖਾਂ ਵਲੋਂ ਕੀਤਾ ਜਾਵੇ । ਸ. ਸੰਧਾਵਾਲਿਆਂ ਇਹ ਸੁਪਣਾ ਲੈਣ ਲੱਗ ਪਏ ਕਿ ਧੀਰੇ ਧੀਰੇ ਇਹੋ ਜਹੇ ਹਾਲਾਤ ਪੈਦਾ ਕਰ ਦਿਤੇ ਜਾਣ ਜਿਸ ਨਾਲ ਅੰਗਰੇਜ਼ ਪੰਜਾਬ ਛੱਡ ਕੇ ਚਲੇ ਜਾਨ ਤੇ ਮੁੜ ਉਹ ਸਿੱਖ ਰਾਜ ਕਾਇਮ ਕਰ ਸਕਣ ।ਇਨ੍ਹਾਂ ਕਾਰਨਾਂ ਕਰ ਕੇ ਸਿੰਘ ਸਭਾ ਅੰਮ੍ਰਿਤਸਰ ਕੋਈ ਖਾਸ ਕੰਮ ਨਹੀਂ ਕਰ ਸਕੀ ਸੀ । ਬਾਬਾ ਖੇਮ ਸਿੰਘ ਜੀ ਬੇਦੀ ਬਾਰੇ ਅੰਗਰੇਜ਼ ਸਰਕਾਰ ਦੀ ਕੀ ਰਾਇ ਸੀ ਉਹ ਪੰਜਾਬ ਸਰਕਾਰ ਦੇ ਸਕੱਤਰ ਵਲੋਂ ਹਿੰਦ ਸਰਕਾਰ ਦੇ ਵਿਦੇਸੀ ਵਿਭਾਗ ਦੇ ਸਕਤਰ ਨੂੰ ਲਿਖੀ ਗਈ ਇਕ ਗੁਪਤ ਪਤਰਕਾ ਤੋਂ ਸ਼ਪਸਟ ਦਿਖਾਈ ਦੇਂਦੀ ਹੈ ਕਿ

“Baba Khem is the lineal desecendant of the Sikh Gurus,and is the head of the Sikh religion.He is about 40 year old,very intelligent,and liberal in his view. Within certain limits his wish is law to the Sikhs and a large number of Hindoos in the Punjab.

Baba Khem Singh says that the Sikh religion is simply the service of God and the practice of virtues. All men-Christians,Mussulmans,Hindoos-may belong to this religion. A large proportion of the Mussulmans of the Punjab are Sikhs at heart(I do not think this is the case. –C. Pearson), all that is good in all religions is equally acceptable to God. The Gurus tought what was regealed to them as regard customs. There are two classes of –Sikhs,the follower of Baba Nanak,and Sing(Singh),the disciples of Govind Singh. There is no antagonism between Sikhs and Sings. I asked what did he think of the Koran? He said it was a good book as far as it contained pure religion.---------.

Baba Khem Singh corroborated what the Bhais said of Rehitnamas,viz.,that they were compiled 40 years after Govind Singh’s death and were considered of less authority than the Grunths.

(Extract from the letter No.4589 dated Lahore,9th December 1873 from Secretary to the Government of Punjab to Secretary to the Government of India,Foreign Department).

ਪ੍ਰੋ ਭਾਈ ਗੁਰਮੁਖ ਸਿੰਘ ਜੋ ਕੁਝ ਸਮਾ ਸਿੰਘ ਸਭਾ ਅੰਮ੍ਰਿਤਸਰ ਵਿਚ ਕੰਮ ਕਰਦੇ ਰਹੇ ਸਨ, ਕੁਝ ਚਿਰ ਪਿਛੋਂ ਉਨ੍ਹਾਂ ਨੇ ਵਖਰੀ ਸਿੰਘ ਸਭਾ ਲਾਹੌਰ ਦੀ ਸਥਾਪਣਾ ਕਰ ਲਈ । ਪ੍ਰੋ ਗੁਰਮੁਖ ਸਿੰਘ ਲਾਹੌਰ ਦੇ ਓਰੈਂਟੀਅਲ ਕਾਲਜ ਵਿਚ ਪਰੋਫੈਸਰ ਸਨ । ਦੀਵਾਨ ਬੂਟਾ ਸਿੰਘ ਨੂੰ

ਸਿੰਘ ਸਭਾ ਲਾਹੌਰ ਦਾ ਪ੍ਰਧਾਨ ਬਣਾਇਆ ਗਿਆ । ਪੰਜਾਬ ਦੇ ਅੰਗਰੇਜ਼ ਲੈਫਟੀਨੈਂਟ ਗਵਰਨਰ ਸਰ ਰੌਬਰਟ ਐਗਰਸਨ ਨੂੰ ਇਸ ਦੇ ਪੈਟਰਨ ਬਣਾਇਆ ਗਿਆ ਤੇ ਹਿੰਦ ਦੇ ਗਵਰਨਲ ਜਨਰਲ ਪਾਸੋਂ ਇਸ ਦੀ ਪ੍ਰਵਾਨਗੀ ਪ੍ਰਾਪਤ ਕੀਤੀ ਗਈ । ਇਸ ਤਰਾਂ ਸਿੰਘ ਸਭਾਵਾਂ ਅਰੰਭ ਵਿਚ ਅੰਗਰੇਜ਼ ਦੇ ਇਸ਼ਾਰੇ ਤੇ ਹੀ ਕਾਇਮ ਹੋਈਆਂ ਸਮਝੀਆਂ ਜਾਣੀਆਂ ਚਾਹੀਦੀਆਂ ਹਨ । ਇਸ ਦੇ ਆਗੂ ਜਿਥੇ ਸਿੱਖੀ ਦੇ ਪ੍ਰਚਾਰ ਲਈ ਆਪਣੇ ਆਪ ਨੂੰ ਮੋਹਰੀ ਦਸਦੇ ਸਨ ਉਥੇ ਉਹ ਅੰਗਰੇਜ਼ ਸਰਕਾਰ ਨੂੰ ਖੁਸ਼ ਕਰਨ ਲਈ ਨਾਮਧਾਰੀ ਲਹਿਰ ਦਾ ਵੀ ਵਿਰੋਧ ਕਰਦੇ ਸਨ ਤੇ ਹਿੰਦੂਆਂ ਨੂੰ ਵੀ ਬੂਰਾ ਭਲਾ ਕਹਿੰਦੇ ਰਹਿੰਦੇ ਸਨ । ਪ੍ਰੋ ਭਾਈ ਗੁਰਮੁਖ ਸਿੰਘ ਨੇ ਇਸ ਲਹਿਰ ਵਿਚ ਬੜੀ ਸਰਗਰਮੀ ਨਾਲ ਕੰਮ ਸ਼ੁਰੂ ਕੀਤਾ ਹੋਇਆ ਸੀ । ਹਿੰਦੂਆਂ ਤੇ ਨਾਮਧਾਰੀਆਂ ਦੇ ਵਿਰੁਧ ਪਰਚਾਰ ਅੰਗਰੇਜ਼ ਸਰਕਾਰ ਨੂੰ ਲਾਹੇ ਵੰਧ ਸੀ । ਦੂਜੇ ਪਾਸੇ ਹਿੰਦੂਆਂ ਵਿਚ ਵੀ ਆਰੀਆ ਸਮਾਜ ਪੈਦਾ ਹੋ ਚੁਕਾ ਸੀ ਜਿਸ ਕਾਰਨ ਇਨ੍ਹਾਂ ਦਾ ਪਰਚਾਰ ਜਿਥੇ ਆਪਸੀ ਵਿਰੋਧੀ ਤੇ ਇਕ ਦੂਜੇ ਵਿਚਕਾਰ ਪਾੜਾ ਪਾਉਣ ਵਾਲਾ ਹੋਣ ਕਾਰਨ ਅੰਗਰੇਜ਼ ਸਰਕਾਰ ਦੀ ਪਾੜੋ ਤੇ ਰਾਜ ਕਰੋ ਦੀ ਨੀਤੀ ਦੇ ਅਧੀਨ ਚਲ ਰਿਹਾ ਸੀ । ਪ੍ਰੋ:ਗੁਰਮੁਖ ਸਿੰਘ ਬਾਬਾ ਖੇਮ ਸਿੰਘ ਜੀ ਦੇ ਗੁਰੂ ਬਨਣ ਵਿਰੁਧ ਸੀ ਤੇ ਪੁਜਾਰੀਆਂ ਦੀਆਂ ਹੋ ਰਹੀਆਂ ਗੁਰਧਾਮਾਂ ਵਿਚ ਕੁਰੀਤੀਆਂ ਦੇ ਵੀ ਵਿਰੁਧ ਸੀ । ਉਹ ਇਸ ਖਿਆਲ ਦੇ ਸਨ ਕਿ ਸਰਕਾਰ ਨਾਲ ਮਿਲ ਕੇ ਸਿੱਖੀ ਦਾ ਵੱਧ ਤੋਂ ਵੱਧ ਪਰਚਾਰ ਕੀਤਾ ਜਾਣਾ ਚਾਹੀਦਾ ਹੈ । ਉਹ ਹਰ ਸ਼੍ਰੇਣੀ ਦੇ ਵਿਅਕਤੀਆਂ ਨੂੰ ਅੰਮ੍ਰਿਤ ਪਾਣ ਵੀ ਕਰਵਾਈ ਜਾ ਰਹੇ ਸਨ ਜਿਨ੍ਹਾਂ ਵਿਚ ਕਈ ਮੁਸਲਮਾਨ ਤੇ ਅਛੂਤ ਵੀ ਸ਼ਾਮਲ ਹੁੰਦੇ ਸਨ । ਇਹ ਗਲ ਗੁਰਦੁਆਰਿਆਂ ਦੇ ਪੁਜਾਰੀਆਂ ਤੇ ਮਹੰਤਾਂ ਨੂੰ ਵਾਰਾ ਨਹੀਂ ਸੀ ਖਾਂਦੀ ਜਿਸ ਕਾਰਨ ਸਿੰਘ ਸਭਾ ਲਾਹੌਰ ਦਾ ਟਕਰਾਓ ਗੁਰਦੁਆਰਿਆਂ ਦੇ ਪੁਜਾਰੀਆਂ ਤੇ ਮਹੰਤਾਂ ਨਾਲ ਸਿੱਧੇ ਰੂਪ ਵਿਚ ਬਹੁਤ ਵੱਧ ਗਿਆ । ਪ੍ਰ; ਗੁਰਮਖਿ ਸਿੰਘ ਪੰਜਾਬ ਭਰ ਵਿਚ ਹੋਰ ਸਿੰਘ ਸਭਾਵਾਂ ਖੋਲੀ ਜਾ ਰਹੇ ਸਨ ਜਿਸ ਕਾਰਨ ਸਿੰਘ ਸਭਾ ਇਕ ਲਹਿਰ ਦਾ ਰੂਪ ਧਾਰਨ ਕਰਦੀ ਗਈ । ਪੁਜਾਰੀਆਂ ਤੇ ਮਹੰਤਾਂ ਦਾ ਟਾਕਰਾ ਕਰਨ ਲਈ ਸਿੰਘ ਸਭਾ ਵਲੋਂ ਪਿੰਡ ਪਿੰਡ ਵਿਚ ਪਰਚਾਰ ਕੀਤਾ ਜਾ ਰਿਹਾ ਸੀ । ਪਿਡਾਂ ਤੇ ਸ਼ਹਿਰਾਂ ਵਿਚ  ਗੁਰਦੁਆਰੇ ਸਥਾਪਤ ਕਰਨ ਦੀ ਪਿਰਤ ਵੀ ਪੈ ਗਈ ਸੀ ਤੇ ਕਈ ਪਹਿਲਾਂ ਤੋਂ ਸਥਾਪਤ ਹੋਏ ਗੁਰਧਾਮਾਂ ਵਿਚ ਸਿੰਘ ਸਭਾਈਆ ਨੇ ਕੰਮ ਵੀ ਅਰੰਭ ਕਰ ਦਿਤੇ ਸਨ । ਸਿੰਘ ਸਭਾਈਏ ਗੁਰਦੁਆਰੇ ਸਥਾਪਤ ਕਰ ਕੇ ਪੂਜਾਰੀਆਂ ਦੀਆਂ ਕੁਰੀਤੀਆਂ ਨੂੰ ਨੰਗਾ ਕਰਨ ਵਿਚ ਲਗ ਗਏ ਸਨ । ਮੁਸਲਮਾਨਾਂ ਤੇ ਹਿੰਦੂਆਂ ਤੇ ਵਿਸ਼ਨੂੰ ਦੇ ੨੪ ਅਵਤਾਰਾਂ ਦੀ ਰੱਜ ਕੇ ਨਿੰਦਿਆ ਕੀਤੀ ਜਾਣੀ ਅਰੰਭ ਹੋ ਗਈ ਸੀ । ਇਹ ਕੁਰਹਿਤ ਅਜ ਤਕ ਸਾਡੇ ਗੁਰਦੁਆਰਿਆਂ ਵਿਚ ਰਹਿਤ ਦੇ ਰੂਪ ਵਿਚ ਚਲ ਰਹੀ ਹੈ ਜਦ ਕਿ ਅਸੀਂ ਰਾਮ,ਕ੍ਰਿਸ਼ਨ ਤੇ ਵਿਸ਼ਨੂ ਦੇ ੨੪ ਅਵਤਾਰਾਂ ਦੀ ਭਰਪੁਰ ਨਿਦਿਆਂ ਕਰਦੇ ਹਾਂ । ਇਹ ਪ੍ਰਚਾਰ ਗੁਰੂ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਸਾਹਿਬ ਅਥਵਾ ਗੁਰਮਤ ਦੀ ਇਸ ਸਿਖਿਆਂ ਦੇ ਵਿਰੁਧ ਜਾਣੇ ਜਾਂ ਅਨਜਾਣੇ ਰੂਪ ਵਿਚ ਕੀਤਾ ਜਾ ਰਿਹਾ ਸੀ ਤੇ ਹੈ ਜਦ ਕਿ ਗੁਰੂ ਗ੍ਰੰਥ ਸਾਹਿਬ ਦਾ ਫੁਰਮਾਨ ਹੈ ਕਿ

“ਸਤਿਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥
ਤ੍ਰੈਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥
ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥
ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥
ਕਲਿ ਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ॥
ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ॥”

(ਗੁਰੂ ਗ੍ਰੰਥ ਸਾਹਿਬ ਅੰਗ ੧੩੯੦)

ਭਾਵ ਅਰਥ:– ਇਸ ਸ਼ਬਦ ਵਿਚ ਚਾਰ ਜੁਗਾਂ ਦੇ ਅਵਤਾਰਾਂ ਦਾ ਵਰਨਣ ਕਰਦਿਆ ਸਾਨੂੰ ਇਹ ਸਮਝਾਇਆ ਹੈ ਕਿ ਹਰ ਜੁਗ ਵਿਚ ਜੋ ਵੀ ਗੁਰੂ ਪੀਰ ਅਵਤਾਰ ਹੋਏ ਹਨ ਉਹ ਸਭ ਇਕ ਹੀ ਸਰੂਪ ਹਨ। ਉਨ੍ਹਾਂ ਵਿਚ ਕੋਈ ਅੰਤਰ ਨਹੀ ਹੈ । ਸਤਿਜੁਗ ਵਿਚ ਇਕ ਬਲਿ ਨਾਮ ਦਾ ਬਹੁਤ ਸ਼ਕਤੀਸ਼ਾਲੀ ਰਾਜਾ ਮਨਿਆ ਗਿਆ ਹੈ ਜਿਸ ਨੇ ਸਵਰਗ ਦੇ ਰਾਜੇ ਇੰਦਰ ਨੂੰ ਹਾਰ ਦੇ ਕੇ ਤਰਲੋਕੀ ਦਾ ਰਾਜਾ ਬਨਣ ਦੀ ਇਛਾ ਕੀਤੀ ਤਾਂ ਉਸ ਦੇ ਗੁਰੂ ਸ਼ੁਕਰਾਚਾਰੀਆ ਨੇ ਉਸ ਨੂੰ ਸੌ ਯੱਗ ਕਰਨ ਦਾ ਉਪਦੇਸ ਦਿਤਾ। ਉਸ ਦੇ ਯੱਗਾਂ ਦੀ ਸਫਲਤਾ ਕਾਰਨ ਸਵਰਗ ਦੇ ਰਾਜੇ ਇੰਦਰ ਨੂੰ ਚਿੰਤਾ ਲਗ ਗਈ ਤੇ ਉਸ ਨੇ ਵਿਸ਼ਨੂ ਦੇਵਤੇ ਪਾਸੋਂ ਸਹਾਇਤ ਦੀ ਮੰਗ ਕੀਤੀ । ਵਿਸ਼ਨੂ ਨੇ ਇੰਦਰ ਨੂੰ ਸਹਾਇਤਾ ਦਾ ਭਰੋਸਾ ਦਿਤਾ। ਬਲਿ ਰਾਜੇ ਨੇ ੯੯ ਯੱਗ ਸਫਲਤਾ ਨਾਲ ਸੰਪੂਰਨ ਕਰ ਲਏ ਜਦ ਉਹ ਆਪਣਾ ਸੌਵਾਂ ਯੱਗ ਅਰੰਭ ਕਰਨ ਲਗਾ ਤਾਂ ਉਸ ਸਮੇ ਇਕ ਬਾਉਣਾ ਵਿਅਕਤੀ ਬ੍ਰਾਹਮਣ ਦੇ ਰੂਪ ਵਿਚ ਦਾਨ ਲੈਣ ਵਾਸਤੇ ਆ ਪੁਜਾ। ਬਾਉਣੇ ਬ੍ਰਾਹਮਣ ਨੂੰ “ਬਾਵਨ”ਕਿਹਾ ਗਿਆ ਹੈ ਜਿਸ ਨੇ ਬਲਿ ਰਾਜੇ ਪਾਸੋਂ ਆਪਣੇ ਢਾਈ ਕਦਮ ਭੂਮੀ ਦਾਨ ਲੈਣ ਦੀ ਮੰਗ ਕੀਤੀ। ਰਾਜੇ ਨੂੰ ਬ੍ਰਾਹਮਣ ਦੀ ਇਹ ਇਛਾ ਬਹੁਤ ਛੋਟੀ ਦਿਖਾਈ ਦਿਤੀ ਪਰ ਬਾਵਨ ਅਵਤਾਰ ਜੋ ਅਸਲ ਵਿਚ ਵਿਸ਼ਨੂ ਦਾ ਅਵਤਾਰ ਸੀ, ਦੇ ਜ਼ੋਰ ਦੇਣ ਤੇ ਜਦ ਰਾਜਾ ਮੰਨ ਗਿਆ ਤਾਂ ਉਸ ਬਾਵਨ ਅਵਤਾਰ ਨੇ ਆਪਣੇ ਦੋ ਕਦਮਾਂ ਵਿਚ ਹੀ ਰਾਜੇ ਦੇ ਸਾਰੇ ਰਾਜ ਨੂੰ ਮਾਪ ਲਿਆ ਤਾਂ ਅਗਲੇ ਅੱਧੇ ਕਦਮ ਲਈ ਰਾਜੇ ਨੂੰ ਆਪਣਾ ਸੀਸ ਦਾਨ ਕਰਨਾ ਪਿਆ ਜਿਸ ਦਾ ਹਵਾਲਾ ਗੁਰੂ ਗ੍ਰੰਥ ਸਾਹਿਬ ਦੀ ਉਪਰੋਕਤ ਪੰਗਤੀ ਦੀ ਪਹਿਲੀ ਤੁਕ ਵਿਚ ਦਿਤਾ ਗਿਆ ਹੈ ਜਦ ਕਿ ਅਗਲੀ ਤੁਕ ਵਿਚ ਤ੍ਰੈਤੇ ਯੁੱਗ ਦੇ ਅਵਤਾਰ ਰਾਮ ਦਾ ਹਵਾਲਾ ਮਿਲਦਾ ਹੈ ਕਿ ਰਾਮ ਚੰਦ ਰਘੂ ਕੁਲ ਵਿਚ ਉਹੀ ਸ਼ਕਤੀ ਜੋ ਬਾਵਨ ਅਵਤਾਰ ਦੇ ਰੂਪ ਵਿਚ ਸਤਿ ਯੁੱਗ ਵਿਚ ਪਰਗਟ ਹੋਈ ਸੀ,ਪੈਦਾ ਹੋਇਆ ਹੈ । ਰਘੁ ਬੰਸ ਦਾ ਹਵਾਲਾ ਦਸਮ ਗ੍ਰੰਥ ਵਿਚ ਵੀ ਮਿਲਦਾ ਹੈ ਕਿ ਸੂਰਜ ਵੰਸ ਵਿਚ ਇਕ ਰਾਜਾ ਹੋਇਆ ਹੈ ਜਿਸ ਦਾ ਨਾਮ ਰਘੁ ਸੀ ਜਿਸ ਤੋਂ ਰਘੁ ਵੰਸ ਅਰੰਭ ਹੁੰਦੀ ਹੈ। ਰਾਜੇ ਰਘੁ ਦੇ ਪੁਤਰ ਅਜ ਦੇ

ਘਰ ਰਾਜੇ ਦਸਰਥ ਦਾ ਜਨਮ ਹੋਇਆ ਜਿਸ ਦੇ ਚਾਰ ਪੁਤਰ ਰਾਮ,ਭਰਥ,ਲਛਮਣ ਤੇ ਸ਼ਤਰੂਘਣ ਸਨ। ਰਾਜੇ ਅਜ ਦਾ ਹਵਾਲਾ ਗੁਰੂ ਗ੍ਰੰਥ ਸਾਹਿਬ ਵਿਚ ਇਸ ਰੂਪ ਵਿਚ ਮਿਲਦਾ ਹੈ ਕਿ

"ਅਜੈ ਸੁ ਰੋਵੈ ਭੀਖਿਆ ਖਾਇ॥

ਐਸੀ ਦਰਗਹ ਮਿਲੈ ਸਜਾਇ॥(ਗੁਰੂ ਗ੍ਰੰਥ ਸਾਹਿਬ ਅੰਗ ੯੫੪)"

ਗੁਰੂ ਗ੍ਰੰਥ ਸਾਹਿਬ ਦੇ ਇਹਨਾਂ ਸ਼ਬਦਾਂ ਦਾ ਭਾਵ ਜਾਨਣ ਲਈ ਅਜ ਰਾਜੇ ਦੇ ਜੀਵਨ ਦੀ ਇਹ ਕਹਾਣੀ ਜਾਨਣ ਦੀ ਲੋੜ ਹੈ ਕਿ ਰਾਜੇ ਅਜ ਨੇ ਇਕ ਵਾਰ ਕਰੋਧ ਵਸ ਹੋ ਕੇ ਇਕ ਰਿਸ਼ੀ ਨੂੰ ਆਪਣੀ ਘੋੜਸਾਲਾ ਵਿਚੋਂ ਇਕ ਮੁਠੀ ਭਰ ਲਿੱਦ ਦਾਨ ਦੇ ਰੂਪ ਵਿਚ ਦੇ ਦਿਤੀ। ਉਸ ਰਿਸ਼ੀ ਨੇ ਆਪਣੇ ਆਸ਼ਰਮ ਦੇ ਬਾਹੁਰ ਉਸ ਲਿੱਦ ਨੂੰ ਰਖ ਦਿਤਾ। ਕਹਾਣੀ ਅਨੁਸਾਰ ਉਹ ਲਿੱਦ ਕੁਝ ਸਾਲਾਂ ਵਿਚ ਇਕ ਬਹੁਤ ਵਡੇ ਢੇਰ ਵਿਚ ਬਦਲ ਗਈ । ਰਾਜਾ ਵੀ ਸ਼ਿਕਾਰ ਖੇਡਦਾ ਹੋਇਆ ਜਦ ਉਸ ਪਾਸੇ ਤੋਂ ਗੁਜ਼ਰ ਰਿਹਾ ਸੀ ਤਾਂ ਲਿੱਦ ਦੇਖ ਕੇ ਬੜਾ ਹੈਰਾਨ ਹੋਇਆ ਕਿ ਗੁਪਤ ਰੂਪ ਵਿਚ ਕਿਤੇ ਉਸ ਦੇ ਖਿਲਾਫ ਬਿਗਾਵਤ ਤਾਂ ਨਹੀਂ ਉਠ ਰਹੀ ਜਦ ਕਿ ਘੋੜੇ ਕਿਤੇ ਲਕੋਏ ਹੋਏ ਹੋਵਨ ਜਿਹਨਾਂ ਦੀ ਲਿੱਦ ਦਾ ਇਹ ਬਹੁਤ ਵਡਾ ਢੇਰ ਲਗਾ ਹੋਇਆ ਹੈ । ਜਦ ਪੁਛ ਛਾਣ ਕੀਤੀ ਗਈ ਤਾਂ ਪਤਾ ਲਗਾ ਕਿ ਇਹ ਉਸੇ ਰਾਜੇ ਦਾ ਦਿਤਾ ਹੋਇਆ ਦਾਨ ਫਲ ਰਿਹਾ ਹੈ । ਰਾਜੇ ਦੇ ਇਸ ਦੁਖ ਦਾ ਵਰਨਣ ਗੁਰੂ ਗ੍ਰੰਥ ਸਾਹਿਬ ਵਿਚ ਕੀਤਾ ਗਿਆ ਹੈ ਕਿ ਰਾਜਾ ਅਜ ਦੁਖੀ ਹੋ ਕੇ ਰੋ ਰਿਹਾ ਹੈ ਕਿ ਉਸ ਨੂੰ ਆਪਣੀ ਦਿਤੀ ਹੋਈ ਭਿਖਿਆ (ਲਿੱਦ)ਖਾਣੀ ਪੈਣੀ ਹੈ ਜਦ ਕਿ ਦਰਗਾਹ ਵਿਚ ਉਸ ਨੂੰ ਇਹੀ ਸਜ਼ਾ ਮਿਲਨ ਵਾਲੀ ਹੈ।

ਇਸੇ ਤਰਾਂ ਰਘੁ ਵੰਸ ਦੇ ਰਾਜੇ ਦਸਰਥ ਤੇ ਉਸ ਦੇ ਪੁਤਰ ਰਾਮ ਦਾ ਵੀ ਵਰਨਣ ਗੁਰੂ ਗ੍ਰੰਥ ਸਾਹਿਬ ਵਿਚ ਮਿਲਦਾ ਹੈ ਕਿ

"ਰਘੁ ਬੰਸਿ ਤਿਲਕੁ ਸੁੰਦਰੁ ਦਸਰਥ ਘਰਿ ਮੁਨਿ ਬੰਛਹਿ ਜਾਕੀ ਸਰਣੰ॥"(ਗੁਰੂ ਗ੍ਰੰਥ ਅੰਗ ੧੪੦੨)

ਅਤੇ

"ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮ ਚੰਦੁ ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤੁ ਪੀਜੈ॥"

(ਗੁਰੂ ਗ੍ਰੰਥ ਅੰਗ ੯੭੩)

ਰਘੁ ਵੰਸ ਦਾ ਹਵਾਲਾ ਤਾਂ ਗੁਰੂ ਗ੍ਰੰਥ ਸਾਹਿਬ ਵਿਚ ਕਈ ਵਾਰ ਮਿਲਦਾ ਹੈ ਜੇਵੇਂ

"ਸੰਗ ਸਖਾ ਸਭ ਤਜਿ ਗਏ ਕੋਊ ਨ ਨਿਬਹਿਓ ਸਾਥਿ॥

ਕਹੁ ਨਾਨਕ ਇਹ ਬਿਪਤ ਮੈ ਟੇਕ ਏਕ ਰਘੁਨਾਥ॥"(ਗੁਰੂ ਗ੍ਰੰਥ ਸਾਹਿਬ ਅੰਗ ੧੪੨੯)

ਇਸੇ ਤਰਾਂ ਦਸਰਥ ਰਾਜੇ ਦੇ ਪੁਤਰ ਰਾਮ ਦੇ ਭਗਤ ਹਨੂਵਾਨ ਬਾਰੇ ਗੁਰੂ ਨਾਨਕ ਸਾਹਿਬ ਲਿਖਦੇ ਹਨ ਕਿ

"ਮਨ ਮਹਿ ਝੂਰੈ ਰਾਮ ਚੰਦੁ ਸੀਤਾ ਲਛਮਣ ਜੋਗੁ॥

ਹਣਵੰਤਰੁ ਆਰਾਧਿਆ ਆਇਆ ਕਰਿ ਸੰਜੋਗੁ॥"

(ਗੁਰੂ ਗ੍ਰੰਥ ਅੰਗ ੧੪੧੨)

ਤ੍ਰੈਤੈ ਯੁਗ ਦੇ ਅਵਤਾਰ ਰਾਮ ਸ਼ਬਦ ਦਾ ਵਰਨਣ ਗੁਰੂ ਗ੍ਰੰਥ ਸਾਹਿਬ ਵਿਚ ਅਕਾਲ ਪੁਰਖ ਦੇ ਨਾਮ ਦੇ ਰੂਪ ਵਿਚ ਉਸ ਸਮੇ ਦੇ ਪ੍ਰਮਾਤਮਾ ਦੇ ਪ੍ਰਚਲਤ ਸਭਨਾਂ ਨਾਵਾਂ ਤੋਂ ਵਧੇਰੇ ਵਾਰ ਲਿਖਿਆ ਹੋਇਆ ਮਿਲਦਾ ਹੈ। ਕੁਝ ਵਿਦਵਾਨ ਇਸ ਦੀ ਗਿਣਤੀ ੧੪੬੯ ਵਾਰ ਵਰਨਣ ਕੀਤੀ ਹੋਈ ਮੰਨਦੇ ਹਨ। ਦੁਆਪੁਰ ਯੁਗ ਦੇ ਅਵਤਾਰ ਕ੍ਰਿਸ਼ਨ ਦਾ ਪ੍ਰੰਸਾਪੂਰਵਕ ਵਰਨਣ ਗੁਰਬਾਣੀ ਵਿਚ ਬਹੁਤ ਵਾਰ ਮਿਲਦਾ ਹੈ। ਉਪਰੋਕਤ ਸ਼ਬਦ ਵਿਚ("ਦੁਆਪੁਰਿ ਕ੍ਰਿਸ਼ਨ ਮੁਰਾਰਿ ਕੰਸ ਕਿਰਤਾਰਥੁ ਕੀਓ॥") ਦਾ ਅਰਥ ਇਹੀ ਕੀਤਾ ਜਾਂਦਾ ਹੈ ਕਿ ਦੁਆਪੁਰ ਯੁਗ ਵਿਚ ਕ੍ਰਿਸ਼ਨ ਰੂਪ ਆਣਕੇ ਮੁਰਾਰ ਰਾਕਸ਼ ਨੂੰ ਮਾਰ ਦਿਤਾ ਤੇ ਕੰਸ ਨੂੰ ਮੁਕਤ ਕਰ ਦਿਤਾ। ਆਪਣੇ ਭਗਤ ਉਗਰ ਸੈਣ ਨੂੰ ਰਾਜ ਦੇ ਕੇ ਪਵਿਤਰ ਪੁਰਸ਼ ਤੇ ਭੈ ਰਿਹਤ ਕਰ ਦਿਤਾ। ਕ੍ਰਿਸ਼ਨ ਬਾਰੇ ਗੁਰੂ ਗ੍ਰੰਥ ਸਾਹਿਬ ਵਿਚ ਉਸ ਦੇ ਜੀਵਨ ਦੀਆਂ ਘਟਨਾਵਾਂ ਦਾ ਪਰੰਸਾਤਕਮ ਵਰਨਣ ਕਈ ਸ਼ਬਦਾਂ ਵਿਚ ਮਿਲਦਾ ਹੈ ਜਿਸ ਤਰਾਂ ਕਿ ਗੁਰੂ ਨਾਨਕ ਸਾਹਿਬ ਕ੍ਰਿਸ਼ਨ ਬਾਰੇ ਗੁਰਬਾਣੀ ਵਿਚ ਦਸਦੇ ਹਨ ਕਿ

"ਤੇਰੇ ਬੰਕੇ ਲੋਇਣ ਦੰਤ ਰੀਸਾਲਾ॥ਸੋਹਣੇ ਨਕ ਜਿਨ ਲੰਮੜੇ ਵਾਲਾ॥

ਕੰਚਨ ਕਾਇਆ ਸੁਇਨੇ ਕੀ ਢਾਲਾ॥ਸੋਵਨ ਢਾਲਾ ਕ੍ਰਿਸਨ ਮਾਲਾ ਜਪਹੁ ਤੁਸੀ ਸਹੇਲੀਹੋ॥

ਜਮ ਦੁਆਰਿ ਨ ਹੋਹੁ ਖੜੀਆ ਸਿਖ ਸੁਣਹੁ ਸਹੇਲੀਹੋ॥ਹੰਸ ਹੰਸਾ ਬਗ ਬਗਾ ਲਹੈ ਮਨ ਕੀ ਜਾਲਾ॥

ਬੰਕੇ ਲੋਇਣ ਦੰਤ ਰੀਸਾਲਾ॥੭॥

ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ॥ਕੁਹਕਨਿ ਕੋਕਿਲਾ ਤਰਲ ਜੁਆਣੀ॥

ਤਰਲਾ ਜੁਆਣੀ ਆਪਿ ਭਾਣੀ ਇਛ ਮਨ ਕੀ ਪੂਰੀਏ॥ਸਾਰੰਗ ਜਿਉ ਪਗੁ ਧਰੈ ਠਿਮਿ ਠਿਮਿ ਆਪਿ ਆਪੁ ਸੰਧੂਰਏ॥

ਸ੍ਰੀਰੰਗ ਰਾਤੀ ਫਿਰੈ ਮਾਤੀ ਉਦਕੁ ਗੰਗਾ ਵਾਣੀ॥

ਬਿਨਵੰਤਿ ਨਾਨਕੁ ਦਾਸੁ ਹਰਿ ਕਾ ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ॥"

(ਗੁਰੂ ਗ੍ਰੰਥ ਸਾਹਿਬ ਅੰਗ ੫੬੭)

ਉਪਰੋਕਤ ਸ਼ਬਦ ਵਿਚ ਗੁਰੂ ਨਾਨਕ ਸਾਹਿਬ ਨੇ ਕ੍ਰਿਸ਼ਨ ਦੀ ਪਾਤਰ ਉਸਾਰੀ ਕਰਦਿਆ ਉਸ ਦੀਆਂ ਸੁੰਦਰ ਅੱਖੀਆਂ,ਸੁੰਦਰ ਦੰਦਾਂ, ਲਮੜੇ ਵਾਲਾਂ ਅਤੇ ਸੁਹਾਵੀ ਚਾਲ ਤੇ ਮਿੱਠੀ ਬਾਣੀ ਦਾ ਵਰਨਣ ਬੜੀ ਖੁਬਸੂਰਤੀ ਨਾਲ ਕਰਦਿਆ ਉਸ ਦੀ ਯੁਵਕ ਅਵਸਥਾ ਦਾ ਜ਼ਿਕਰ ਕੀਤਾ ਹੈ। ਕ੍ਰਿਸ਼ਨ ਨੂੰ ਪ੍ਰੇਮ ਪਿਆਰ ਦੀ ਮੂਰਤੀ ਦਸਦਿਆ ਗੁਰੂ ਗ੍ਰੰਥ ਸਾਹਿਬ ਵਿਚ ਦਰਜੋਧਨ ਦੇ ਪਕਵਾਨਾਂ ਦਾ ਤਿਆਗ ਕਰਕੇ ਆਪਣੇ ਭਗਤ ਬਿਦਰ ਦੇ ਘਰ ਸਾਗ ਨਾਲ ਰੋਟੀ ਖਾਂਦਿਆਂ ਸਾਗ ਦੀ ਤੁਲਨਾ ਖੀਰ ਨਾਲ ਕੀਤੀ ਹੈ ਕਿ

“ਰਾਜਨ ਕਉਨੁ ਤੁਮਾਰੈ ਆਵੈ॥ਐਸੋ ਭਾਉ ਬਿਦਰ ਕੋ ਦੇਖਿਓ ਓਹ ਗਰੀਬੁ ਮੋਹਿ ਭਾਵੈ॥
ਹਸਤੀ ਦੇਖਿ ਭਰਮ ਤੇ ਭੂਲਾ ਸ੍ਰੀ ਭਗਵਾਨ ਨ ਜਾਨਿਆ॥
ਤੁਮਰੋ ਦੂਧੁ ਬਿਦਰ ਕੋ ਪਾਨੋ ਅੰਮ੍ਰਿਤ ਕਰਿ ਮੈ ਮਾਨਿਆ॥
ਖੀਰ ਸਮਾਨ  ਸਾਗੁ ਮੈ ਪਾਇਆ ਗੁਨ ਗਾਵਤ ਰੈਨਿ ਬਿਹਾਨੀ॥
ਕਬੀਰ ਕੋ ਠਾਕੁਰੁ ਅਨਦ ਬਿਨੋਦੀ ਜਾਤਿ ਨ ਕਾਹੂ ਕੀ ਮਾਨੀ॥”
(ਗੁਰੂ ਗ੍ਰੰਥ ਅੰਗ ੧੧੦੫)

ਇਸ ਕਥਾ ਨੂੰ ਗੁਰੂ ਗ੍ਰੰਥ ਸਾਹਿਬ ਦੇ ਲਿਖਾਰੀ ਭਾਈ ਗੁਰਦਾਸ ਜੀ ਇਸ ਪ੍ਰਕਾਰ ਬਿਆਨ ਕਰਦੇ ਹਨ ਕਿ

“ਆਯਾ ਸੁਣਿਆ ਬਿਦਰ ਦੇ ਬੋਲੈ ਦਰਜੋਧਨ ਹੋਇ ਰੁਖਾ॥
ਘਰ ਅਸਾਡੇ ਛਡਕੇ ਗੋਲੇ ਦੇ ਘਰੁ ਜਾਇ ਕਿ ਸੁਖਾ॥
ਭੀਖਮ,ਦ੍ਰੋਣਾ ਕਰਨ ਤਜ ਸਭਾ ਸੀਗਾਰ ਵਡੇ ਮਨੁਖਾ॥
ਝੁਗੀ ਜਾਇ ਵਲਾਇਓਨ ਸਭਨਾ ਦੇ ਜੀਅ ਅੰਦਰ ਧੁਖਾ॥
ਹਸ ਬੋਲੇ ਭਗਵਾਨ ਜੀ ਸੁਣਿਹੋ ਰਾਜਾ ਹੋਇ ਸਨਮੁਖਾ॥
ਤੇਰੇ ਭਾਉ ਨ ਦਿਸੋਈ ਮੇਰੇ ਨਾਹੀ ਆਪਦਾ ਦੁਖਾ॥
ਭਾਉ ਜਿਵੇਹਾ ਬਿਦਰ ਦੇ ਹੋਰੀ ਦੇ ਚਿਤ ਚਾਉ ਨ ਚੁਖਾ॥
ਗੋਵਿੰਦ ਭਾਉ ਭਗਤਿ ਦਾ ਭੁਖਾ॥”(ਵਾਰ ੧੦,ਪਉੜੀ ੭)

ਪੰਜਾਂ ਪਾਂਡਵਾਂ ਦੀ ਪਤਨੀ,ਪੰਚਾਲ ਦੇਸ ਦੇ ਰਾਜੇ ਦਰੁਪਦ ਦੀ ਪੁਤਰੀ ਦਰੋਪਦੀ ਜਿਸ ਨੂੰ ਧ੍ਰਿਸ਼ਟ ਰਾਸ਼ਟਰ ਦੀ ਰਾਜ ਸਭਾ ਵਿਚ ਦਰਜੋਦਨ ਦੇ ਹੁਕਮ ਨਾਲ ਨਗਣ ਕਰਨ ਦਾ ਯਤਨ ਕੀਤਾ ਗਿਆ ਤਾਂ ਦਰੋਪਦੀ ਦੀ ਪੁਕਾਰ ਕ੍ਰਿਸ਼ਨ ਨੇ ਸੁਣ ਕੇ ਉਸ ਦੀ ਰਖਿਆ ਕੀਤੀ ਜਿਸ ਦਾ ਹਵਾਲਾ ਨੌਵੇਂ ਪਾਤਿਸ਼ਾਹ ਗੁਰੂ ਤੇਗ ਬਹਾਦਰ ਜੀ ਇਸ ਤਰਾਂ ਦੇਂਦੇ ਹਨ ਕਿ

“ਪੰਚਾਲੀ ਕਉ ਰਾਜ ਸਭਾ ਮੈ ਰਾਮ ਨਾਮ ਸੁਧਿ ਆਈ॥

ਤਾ ਕੇ ਦੂਖੁ ਹਰਿਓ ਕਰੂਣਾ ਮੈ ਆਪਨੀ ਪੈਜ ਬਢਾਈ॥”(ਗੁਰੂ ਗ੍ਰੰਥ ਸਾਹਿਬ ਅੰਗ ੧੦੦੮)

ਗੁਰੂ ਗ੍ਰੰਥ ਸਾਹਿਬ ਦੇ ਇਸ ਹਵਾਲੇ ਦੀ ਕਥਾ ਨੂੰ ਭਾਈ ਸਾਹਿਬ ਭਾਈ ਗੁਰਦਾਸ ਜੀ ਵਿਸਥਾਰ ਨਾਲ ਲਿਖਦੇ ਹਨ ਕਿ

“ਅੰਦਰ ਸਭਾ ਦੁਸਾਸਨੇ ਮਥੇ ਵਾਲ ਦਰੋਪਤੀ ਆਂਦੀ॥
ਦੂਤਾਂ ਨੋ ਫੁਰਮਾਇਆ ਨੰਗੀ ਕਰਹੁ ਪੰਚਾਲੀ ਬਾਂਦੀ॥
ਪੰਜੇ ਪਾਂਡੋ ਵੇਖਦੇ ਅਉਘਟ ਰੁਧੀ ਨਾਰਿ ਜਿਨਾਂ ਦੀ॥
ਅੱਖੀ ਮੀਟ ਧਿਆਨ ਧਰ ਹਾ ਹਾ ਕ੍ਰਿਸ਼ਨ ਕਰੇ ਵਿਲਾਂਦੀ॥
ਕਪੜ ਕੋਟ ਉਸਾਰਿਓ ਥਕੇ ਦੂਤ ਨ ਪਾਰ ਵਸਾਂਦੀ॥
ਹਥ ਮਰੋੜਨ ਸਿਰ ਧੁਣਨਿ ਪਛੋਤਾਨ ਕਹਨ ਜਾਹ ਜਾਂਦੀ॥
ਘਰ ਆਈ ਠਾਕੁਰ ਮਿਲੇ ਪੈਜ ਰਹੀ ਬੋਲੇ ਸ਼ਰਮਾਂਦੀ॥
ਨਾਥ ਅਨਾਥਾਂ ਬਾਣੁ ਧੁਰਾਂਦੀ॥(ਵਾਰ੧੦ ਪਉੜੀ੮)

ਵਾਹਿਗੁਰੂ ਸ਼ਬਦ ਦੀ ਵਿਆਖਿਆ ਕਰਦਿਆ ਹੋਇਆ ਗੁਰੁ ਗ੍ਰੰਥ ਸਾਹਿਬ ਦੀ ਬਾਣੀ ਵੀ ਸਾਨੂੰ ਇਹੀ ਉਪਦੇਸ ਕਰਦੀ ਹੈ ਕਿ ਵਾਹਿਗੁਰੂ ਸ਼ਬਦ ਵੀ ਵਿਸ਼ਨੂੰ ਭਗਵਾਨ ਅਤੇ ਉਸ ਦੇ ਵਖ ਵਖ ਹੋਏ ਅਵਤਾਰਾਂ ਦਾ ਹੀ ਇਕ ਨਾਮ ਹੈ। ਕ੍ਰਿਸ਼ਨ ਸਬੰਧੀ ਵਾਹਿਗੁਰੂ ਸ਼ਬਦ ਇਸ ਪਰਕਾਰ ਲਿਖਿਆ ਮਿਲਦਾ ਹੈ॥

“ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ॥
ਕਵਲ ਨੈਨ ਮਧਰ ਬੈਨ ਕੋਟਿ ਸੈਨ ਸੰਗ ਸੋਭ ਕਹਤ ਮਾ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ॥
ਦੇਖਿ ਰੂਪੁ ਅਤਿ ਅਨੂਪੁ ਮੋਹ ਮਹਾ ਮਗ ਭਈ ਕਿੰਕਨੀ ਸ਼ਬਦ ਝਨਤਕਾਰ ਖੇਲ ਪਾਹਿ ਜੀਉ॥
(ਗੁਰੂ ਗ੍ਰੰਥ ਸਾਹਿਬ ਅੰਗ੧੪੦੨)

ਇਸ ਸ਼ਬਦ ਵਿਚ ਕ੍ਰਿਸ਼ਨ ਭਗਵਾਨ ਦੀ ਮਾਤਾ ਜਸੋਦਾ ਦਾ ਵਰਨਣ ਮਿਲਦਾ ਹੈ ਕਿ ਉਹ ਉਸ ਨੂੰ ਦਹੀ ਚਾਵਲ ਖਾਣ ਵਾਸਤੇ ਆਖਦੀ ਹੈ। ਮਾਤਾ ਜਸੋਦਾ ਨੇ ਕ੍ਰਿਸ਼ਨ ਦੀ ਪਾਲਣਾ ਪੋਸਣਾ ਕੀਤੀ ਸੀ ਜਦ ਕਿ ਉਸ ਨੂੰ ਜਨਮ ਮਾਤਾ ਦੇਵਕੀ ਨੇ ਦਿਤਾ ਸੀ ਜਿਸ ਦਾ ਵਰਨਣ ਵੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਤਰਾਂ ਮਿਲਦਾ ਹੈ ਕਿ

“ਧਨਿ ਧਨਿ ਮੇਘਾ ਰੋਮਾਵਲੀ॥
ਧਨਿ ਧਨਿ ਕ੍ਰਿਸ਼ਨ ਓਢੇ ਕਾਂਬਲੀ॥
ਧਨਿ ਧਨਿ ਤੂ ਮਾਤਾ ਦੇਵਕੀ॥
ਜਿਹ ਗ੍ਰਿਹ ਰਮਈਆ ਕਵਲਾਪਤੀ॥(ਗੁਰੂ ਗ੍ਰੰਥ ਸਾਹਿਬ ਅੰਗ ੯੮੭-੮੮)

ਕਲਯੁਗ ਦੇ ਅਵਤਾਰ ਗੁਰੂ ਨਾਨਕ,ਗੁਰੂ ਅੰਗਦ ਅਤੇ ਗੁਰੂ ਅਮਰਦਾਸ ਜੀ ਅਰਥਾਤ ਦਸਾਂ ਗੁਰੂਆਂ ਦਾ ਵਰਨਣ ਕੀਤਾ ਗਿਆ ਸਮਝਣਾ ਚਾਹੀਦਾ ਹੈ ਕਿ ਗੁਰੂ ਨਾਨਕ,ਰਾਮ, ਕ੍ਰਿਸਨ ਆਦਿ ਅਵਤਾਰਾਂ ਪੈਗੰਬਰਾਂ ਅਤੇ ਗੁਰੂ ਸਾਹਿਬਾਨ ਵਿਚ ਕੋਈ ਅੰਤਰ ਨਹੀ ਹੈ। ਭਾਰਤੀ ਸਭਿਅਤਾ ਅਤੇ ਸੰਸਕ੍ਰਿਤੀ ਵਿਚ ਤਿਨ ਦੇਵਤੇ ਵਿਸ਼ਨੂ,ਬ੍ਰਹਮਾ ਤੇ ਸ਼ਿਵ ਸਿਰਮੋਰ ਦੇਵਤੇ ਮੰਨੇ ਜਾਂਦੇ ਹਨ । ਇਹਨਾਂ ਤਿੰਨਾ ਦਾ ਵਰਨਣ ਹਰ ਰੋਜ਼ ਸਿੱਖ ਜਪੁ ਜੀ ਸਾਹਿਬ ਵਿਚ ਪੜ੍ਹਦੇ ਹਨ ਕਿ

“ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀ ਬਾਣੁ॥
ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥”
(ਜਪੁਜੀ ਸਾਹਿਬ ਪਉੜੀ ੩੦)

ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਬ੍ਰਹਮਾ ਦੀ ਉਤਪਤੀ ਵਿਸ਼ਨੂ ਦੀ ਨਾਭੀ ਵਿਚੋਂ ਉਤਪਨ ਹੋਏ ਕਮਲ ਫੁਲ ਤੋਂ ਹੋਈ ਸੀ ਜਿਹਾ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਕਿ

“ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖਿ ਕੰਠਿ ਸਵਾਰਿ॥”
(ਗੁਰੂ ਗ੍ਰੰਥ ਸਾਹਿਬ ਅੰਗ ੪੮੯)

ਗੁਰੂ ਗ੍ਰੰਥ ਸਾਹਿਬ ਦੇ ਉਪਰੋਕਤ ਅੰਗ ਵਿਚ ਕਮਲ ਫੁਲ ਤੋਂ ਬ੍ਰਹਮਾ ਤੇ ਉਸ ਤੋਂ ਵੇਦ ਦੀ ਉਤਪਤੀ ਦਸੀ ਗਈ ਹੈ ਜਿਸ ਨੂੰ ਹਰ ਸਿੱਖ ਆਪਣੇ ਅਨੰਦਕਾਰਜ(ਵਿਵਾਹ)ਸਮੇ ਪੜ੍ਹਦਾ ਤੇ ਸੁਣਦਾ ਹੈ ਕਿ

“ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿਰਾਮ ਜੀਉ॥

ਬਾਣੀ,ਬ੍ਰਹਮਾ,ਵੇਦੁ,ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿਰਾਮ ਜੀਉ॥"

(ਗੁਰੂ ਗ੍ਰੰਥ ਸਾਹਿਬ ਅੰਗ ੭੭੩(ਲਾਵਾਂ))

ਇਸੇ ਤਰਾਂ ਗੁਰੂ ਗ੍ਰੰਥ ਸਾਹਿਬ ਵਿਚ ਇਸਲਾਮ ਮਤ ਦੇ ਮੋਢੀ ਹਜਰਤ ਮੁਹਮਦ ਰਸੂਲ ਦਾ ਵੀ ਬੜੇ ਸਤਿਕਾਰ ਨਾਲ ਵਰਨਣ ਮਿਲਦਾ ਹੈ ਕਿ

"ਅਠੇ ਪਹਰ ਭਉਦਾ ਫਿਰੈ ਖਾਵਣ ਸੰਦੜੈ ਸੂਲਿ॥

ਦੋਜਕਿ ਪਉਦਾ ਕਿਉ ਰਹੈ ਜਾ ਚਿਤਿ ਨ ਹੋਇ ਰਸੂਲ॥"

(ਗੁਰੂ ਗ੍ਰੰਥ ਅੰਗ ੩੧੯)

ਇਸਲਾਮ ਵਿਚ ਅਕਾਲ ਪੁਰਖ ਵਾਹਿਗੁਰੂ ਨੂੰ ਅਲ੍ਹ ਕਰਕੇ ਸੰਬੋਧਨ ਕੀਤਾ ਜਾਂਦਾ ਹੈ। ਗੁਰਬਾਣੀ ਵਿਚ ਵੀ ਅਲ੍ਹ ਨੂੰ ਇਸੇ ਹੀ ਰੂਪ ਵਿਚ ਵਰਤਿਆ ਗਿਆ ਹੈ ਕਿ

"ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥

ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥"

(ਗੁਰੂ ਗ੍ਰੰਥ ਸਾਹਿਬ ਅੰਗ ੧੩੪੯)

ਗੁਰੂ ਗੋਬਿੰਦ ਸਿੰਘ ਜੀ ਨੇ ਨਿਮਾਜ਼ ਅਤੇ ਪੂਜਾ,ਮਸੀਤ ਤੇ ਦੋਹਰੇ ਵਿਚ ਕੋਈ ਫਰਕ ਨਹੀ ਦਸਿਆ ਤੇ ਨਾ ਹੀ ਹਿੰਦੂ, ਤੁਰਕ,ਮੁਸਿਲਮਾਨ (ਸੁਨੀ ਤੇ ਸ਼ੀਆ)ਵਿਚਕਾਰ ਕੋਈ ਫਰਕ ਸਮਝਿਆ ਹੈ ਸਗੋਂ ਸਾਰੀ ਮਾਨਵਤਾ ਨੂੰ ਹੀ ਇਕ ਜ਼ਾਤ ਦਾ ਦਰਜਾ ਦਿਤਾ ਹੈ॥

"ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ,ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ॥
ਕਰਤਾ ਕਰੀਮ ਸੋਈ ਰਾਜਕ ਰਹੀਮ ਓਈ,ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ,ਏਕ ਹੀ ਸਰੂਪ ਸਭੈ ਏਕੈ ਜੋਤ ਜਾਨਬੋ॥
ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ,ਮਾਨਸ ਸਭੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ,ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥"

(ਅਕਾਲ ਉਸਤਤਿ)

ਸਿਖ ਭਾਵੇਂ ਮਸੀਤ ਵਿਚ ਜਾ ਕੇ ਪੂਜਾ ਪਾਠ ਨਹੀ ਕਰਦੇ ਤੇ ਨਾ ਹੀ ਨਿਮਾਜ਼ ਅਦਾ ਕਰਦੇ ਹਨ ਪਰ ਜਿਹਨਾਂ ਅਨਭਵੀ ਬ੍ਰਹਮਗਿਆਨੀਆਂ ਮੁਸਿਲਮਾਨ ਪੀਰਾਂ,ਫਕੀਰਾਂ ਤੇ ਔਲੀਆਂ ਨੇ ਇਸਲਾਮਿਕ ਤਰੀਕੇ ਨਾਲ ਅਨਭਵ ਗਿਆਨ ਦੀ ਪ੍ਰਾਪਤੀ ਕੀਤੀ ਹੈ ਉਹਨਾਂ ਦੇ ਕਲਾਮ ਵੀ ਬਾਣੀ ਦੇ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ ਤੇ ਮਸੀਤ ਵਿਚ ਜਾ ਕੇ ਨਿਮਾਜ਼ ਨਾ ਪੜ੍ਹਣ ਵਾਲੇ ਨੂੰ ਝਾੜ ਵੀ ਪਾਉਂਦੇ ਹਨ ਕਿ

“ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ॥
ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ॥
ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ॥
ਜੋ ਸਿਰੁ ਸਾਈ ਨ ਨਿਵੈ ਸੋ ਸਿਰੁ ਕਪਿ ਉਤਾਰਿ॥”
(ਗੁਰੂ ਗ੍ਰੰਥ ਸਾਹਿਬ ਅੰਗ ੧੩੮੧)

ਇਸੇ ਤਰਾਂ ਸਿੱਖ ਬੁੱਤ ਪੂਜਾ ਵੀ ਨਹੀਂ ਕਰਦੇ ਪਰ ਜਿਨਾਂ ਨੇ ਭਗਤੀ ਦੁਆਰਾ ਬੁੱਤਾਂ ਦੀ ਪੂਜਾ ਕਰਕੇ ਆਪਣੀ ਆਤਮਾ ਨੂੰ ਪ੍ਰਮਾਤਮਾ ਨਾਲ ਮਿਲਾ ਲਿਆ ਹੈ ਉਹਨਾਂ ਦੀ ਬਾਣੀ ਵੀ ਗੁਰੂ ਗ੍ਰੰਥ ਸਾਹਿਬ ਦਾ ਇਕ ਮਹਤਪੂਰਵਕ ਅੰਗ ਹੈ ਤੇ ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਸਾਹਿਬ ਉਹਨਾਂ ਦੀ ਪ੍ਰਸੰਸਾ ਆਪਣੀ ਬਾਣੀ ਵਿਚ ਇਸ ਤਰਾਂ ਕਰਦੇ ਹਨ ਕਿ ਗੋਬਿੰਦ ਦਾ ਨਾਮ ਜਪਦਿਆ ਹੋਇਆ ਨੀਚ ਜ਼ਾਤੀ ਦੇ ਵਿਅਕਤੀ ਵੀ ਭਗਤ ਦਾ ਰੂਪ ਧਾਰਨ ਕਰਕੇ ਗੁਣਾਂ ਦੇ ਖਜ਼ਾਨੇ ਬਣ ਗਏ ਕਿ

ਮਹਲਾ ੫ ॥
“ਗੋਬਿੰਦ ਗੋਬਿੰਦ ਗੋਬਿੰਦ ਸੰਗ ਨਾਮਦੇਉ ਮਨੁ ਲੀਣਾ॥
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥੧॥ਰਹਾਉ॥
ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ॥
ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ॥੧॥
ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥
ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥

ਸੈਨੁ ਨਾਈ ਬੁਤ ਕਾਰੀਆ ਓਹ ਘਰਿ ਘਰਿ ਸੁਨਿਆ॥
ਹਿਰਦੈ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ॥
ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥
ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥"

(ਗੁਰੂ ਗ੍ਰੰਥ ਸਾਹਿਬ ਅੰਗ ੪੮੭-੮੮)

ਭਗਤ ਨਾਮਦੇਉ ਬਾਰੇ ਤਾਂ ਗੁਰੂ ਗ੍ਰੰਥ ਸਾਹਿਬ ਵਿਚ ਬੜੇ ਸ਼ਪਸਟ ਰੂਪ ਵਿਚ ਦਸਿਆ ਗਿਆ ਹੈ ਕਿ ਕਿਸ ਤਰਾਂ ਬੁਤ ਵਿਚੋਂ ਪਰਗਟ ਹੋਕੇ ਉਸ ਦੇ ਪਾਸੋਂ ਭਗਵਾਨ ਨੇ ਦੁੱਧ ਪੀਤਾ ਸੀ।

"ਦੂਦੁ ਕਟੋਰੈ ਗਡਵੈ ਪਾਨੀ॥ਕਪਲ ਗਾਇ ਨਾਮੇ ਦੁਹਿ ਆਨੀ॥
ਦੂਦੁ ਪੀਉ ਗੋਬਿੰਦੇ ਰਾਇ॥ਦੂਧੁ ਪੀਉ ਮੇਰੇ ਮਨੁ ਪਤੀਆਇ॥
ਨਾਹੀ ਤ ਘਰ ਕੋ ਬਾਪੁ ਰਿਸਾਇ॥੧॥ਰਹਾਉ॥
ਸੋਇਨ ਕਟੋਰੀ ਅੰਮ੍ਰਿਤ ਭਰੀ॥ਲੈ ਨਾਮੈ ਹਰਿ ਆਗੈ ਧਰੀ॥੨॥
ਏਕੁ ਭਗਤੁ ਮੇਰੇ ਹਿਰਧੇ ਬਸੈ॥ਨਾਮੇ ਦੇਖਿ ਨਰਾਇਨੁ ਹਸੈ॥੩॥
ਦੂਧੁ ਪੀਅਇ ਭਗਤੁ ਘਰਿ ਗਇਆ॥ਨਾਮੇ ਹਰਿ ਕਾ ਦਰਸਨੁ ਭਇਆ॥੪॥੩॥

(ਗੁਰੂ ਗ੍ਰੰਥ ਸਾਹਿਬ ਅੰਗ ੧੧੬੩-੬੪)

ਗੁਰੂ ਗ੍ਰੰਥ ਸਾਹਿਬ ਵਿਚ ਤਕਰੀਬਨ ਹਰ ਮਜ਼ਹਬ ਦੇ ਪੀਰਾਂ,ਫਕੀਰਾਂ,ਔਲੀਆਂ,ਗੁਰੂਆਂ,ਅਵਤਾਰਾਂ,ਭਗਤਾਂ ਪੈਗ਼ੰਮਬਰਾਂ ਅਦਿ ਦਾ ਵਰਨਣ ਬੜੇ ਆਦਰ ਸਤਿਕਾਰ ਨਾਲ ਕੀਤਾ ਗਿਆ ਹੈ । ਉਸ ਸਮੇ ਈਸਾਈ ਮਤ ਭਾਵੇਂ ਭਾਰਤ ਵਿਚ ਆਮ ਨਹੀ ਜਾਨਿਆ ਜਾਂਦਾ ਸੀ ਪਰ ਫਿਰ ਵੀ ਸ਼ਬਦ ਈਸਾ ਸਾਨੂੰ ਬਾਣੀ ਵਿਚ ਮਿਲ ਜਾਂਦਾ ਹੈ ਕਿ

"ਦੁਖ ਨਾਸ, ਭਰਮ ਬਿਨਾਸ, ਤਨ ਤੇ, ਜਪਿ ਜਗਦੀਸ ਈਸਹ ਜੈ ਜਏ॥"

(ਗੁਰੂ ਗ੍ਰੰਥ ਸਾਹਿਬ ਅੰਗ ੫੭੭)

ਸ਼ਬਦ ਈਸਹ ਦਾ ਅਰਥ ਆਮ ਤੌਰ ਤੇ ਈਸਵਰ,ਵਾਹਿਗੁਰੂ ਅਕਾਲਪੁਰਖ ਤੇ ਕਈ ਵਿਦਵਾਨਾਂ ਨੇ ਇਸ ਨੂੰ ਸ਼ਿਵਜੀ ਦਾ ਨਾਮ ਦਸਿਆ ਹੈ। ਇਸ ਦੇ ਠੀਕ ਅਰਥ ਤਾਂ ਭਾਵੇਂ ਗੁਰੂ ਮਾਹਾਰਾਜ ਹੀ ਜਾਣਦੇ ਹਨ ਪਰ ਇਸ ਸ਼ਬਦ ਦੀ ਸਤਿਕਾਰ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਵਿਚ

ਵਰਤੋਂ ਸਾਨੂੰ ਸਿੱਖਾਂ ਨੂੰ ਮਜ਼ਹਬੀ ਫਿਰਕਾਪ੍ਰਸਤ ਦੀ ਜਨੂਨੀ ਜਹਿਰ ਤੋਂ ਦੂਰ ਰਖਣ ਲਈ ਸਹਾਈ ਜਰੂਰ ਹੋ ਸਕਦੀ ਹੈ ਤੇ ਸਾਨੂੰ ਇਸ ਗਲ ਦਾ ਗਿਆਨ ਗੁਰਬਾਣੀ ਦਾ ਇਹ ਸ਼ਬਦ ਹੋਰ ਵੀ ਸਪਸ਼ਟ ਕਰ ਦੇਂਦਾ ਹੈ ਕਿ

"ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ॥"

(ਗੁਰੂ ਗ੍ਰੰਥ ਸਾਹਿਬ ਅੰਗ ੧੪੫੦)

ਜਿਸ ਤਰਾਂ ਬੇਦ ਚਾਰ ਪੁਸਤਕਾਂ ਦਾ ਨਾਮ ਹੈ ਉਸੇ ਤਰਾਂ ਕਤੇਬ ਵੀ ਸਮੈਸਟਿਕ ਪੁਤਕਾਂ ਨੂੰ ਕਿਹਾ ਜਾਂਦਾ ਹੈ ਜਿਹਨਾਂ ਵਿਚ ਬਾਈਬਲ,ਕੁਰਾਨ ਤੇ ਤੌਹਰਾ ਕਿਤਾਬਾਂ ਸ਼ਾਮਲ ਹਨ। ਇਹ ਕਿਤਾਬਾਂ ਈਸਾਈ ਮਤ,ਮੁਸਲਿਮ ਮਤ,ਯਾਹੂਦੀ ਤੇ ਪਾਰਸੀ ਮਤ ਦੀਆਂ ਮੰਨੀਆਂ ਜਾਂਦੀਆਂ ਹਨ । ਗੁਰੂ ਗ੍ਰੰਥ ਸਾਹਿਬ ਇਹਨਾਂ ਸਭਨਾਂ ਧਾਰਮੁਕ ਪੁਸਤਕਾਂ ਨੂੰ ਸਤਿਕਾਰ ਦੇਂਦਾ ਹੈ ਤਾਂ ਫਿਰ ਨਫਰਤ ਕਰਨ ਵਾਲਾ ਰਹਿ ਕੌਣ ਜਾਂਦਾ ਹੈ?ਕੇਵਲ ਮਨਮਤੀਐ,ਨਾਸਤਕ,ਪਾਖੰਡੀ,ਦੰਭੀ,ਨਿੰਦਕ,ਈਰਖਾਲੂ ਹੰਕਾਰੀ ਤੇ ਧਾਰਮੁਕ ਹੁਜ਼ਤਬਾਜ਼ ਸਵਾਰਥੀ ਆਦਿ ਜੋ ਕਿ ਇਕ ਦੁਜੇ ਦੇ ਮਤ ਦੀ ਨਿੰਦਿਆ ਕਰਨਾ ਹੀ ਆਪਣਾ ਕਰਤਵ ਸਮਝਦੇ ਹਨ ਪਰ ਤੀਸਰੇ ਪਾਤਿਸ਼ਾਹ ਸ੍ਰੀ ਗੁਰੂ ਅਮਰ ਦਾਸ ਜੀ ਮਾਹਾਰਾਜ ਤਾਂ ਗੁਰ ਸ਼ਬਦ ਨੂੰ ਵਿਸਾਰਨ ਵਾਲਿਆ ਨੂੰ ਤਾੜਣਾ ਤੇ ਨਿੰਦਿਆ ਨੂੰ ਬਹੁਤ ਹੀ ਮਾੜਾ ਦਸਦੇ ਹਨ ਕਿ

"ਗੁਰ ਕਾ ਸਬਦਿ ਵਿਸਾਰਿਆ ਦੂਜੈ ਭਾਇ ਰਚੰਨਿ॥ਤ੍ਰਿਸਨਾ ਭੁਖ ਨ ਉਤਰੈ ਅਨਦਿਨੁ ਜਲਤ ਫਿਰੰਨਿ॥
ਦੁਸਟਾ ਨਾਲਿ ਦੋਸਤੀ ਨਾਲਿ ਸੰਤਾ ਵੈਰੁ ਕਰੰਨਿ॥ਆਪਿ ਡੁਬੇ ਕੁਟੰਬ ਸਿਉ ਸਗਲੇ ਕੁਲ ਡੋਬੰਨਿ॥
ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥"

(ਗੁਰੂ ਗ੍ਰੰਥ ਸਾਹਿਬ ਅੰਗ ੭੫੫)

ਜੇ ਕਰ ਅਸੀ ਨਿੰਦਿਆ ਦਾ ਤਿਆਗ ਕਰ ਕੇ ਹਰ ਇਕ ਨੂੰ ਸਤਿਕਾਰ ਨਾਲ ਆਪਣੇ ਧਰਮ ਅਸਥਾਨਾਂ ਅਥਵਾ ਗੁਰੂ ਦੁਆਰਿਆਂ ਵਿਚ ਇਜ਼ਤ ਮਾਨ ਦੇਂਦੇ ਹੋਏ ਸਮਾਜਕ,ਧਾਰਮੁਕ,ਸਭਿਆਚਾਰਕ,ਆਤਮੁਕ,ਮਾਨਸਕ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਦੀ ਸਿਖਿਆਂ ਨੂੰ ਮਨ,ਬਚਨ ਤੇ ਕਰਮ ਕਰਕੇ ਮਨ ਲਈਏ ਤਾਂ ਸੰਸਾਰ ਭਰ ਵਿਚ ਸਿੱਖੀ ਦਾ ਬੋਲਬਾਲਾ ਹੋ ਸਕਦਾ ਹੈ ਤੇ ਹਰ ਵਿਅਕਤੀ ਗੁਰਬਾਣੀ ਨਾਲ ਜੋੜਿਆ ਜਾ ਸਕਦਾ ਹੈ। ਸਭ ਲੋਕਾਈ ਨਾਲ ਪਿਆਰ ਕਰਨਾ ਹੀ ਗੁਰੂ ਨਾਨਕ ਸਾਹਿਬ ਦੀ ਸਿਖਿਆ ਹੈ ਜਿਸ ਦੇ ਨਤੀਜੇ ਵਜੋ ਗੁਰੂ ਕਾਲ ਵਿਚ ਭਾਰਤ ਵਿਚ ਵਸ ਰਹੇ ਹਿੰਦੂਆਂ ਤੇ ਮੁਸਿਲਮਾਨਾਂ ਨੇ ਆਪਣੇ ਪਰਸਪਰ ਮਤਭੇਦ ਭੁਲਾ ਕੇ ਗੁਰੂ ਸਾਹਿਬਾਨ ਦੀ ਅਗਵਾਈ ਸਵੀਕਾਰ ਕੀਤੀ ਸੀ ਕਿ ਪਰਮਾਤਮਾ ਇਕ ਹੈ ਜੋ ਕਿ ਸਰਗੁਣ ਤੇ ਨਿਰਗੁਣ ਧਾਰਨ ਕਰਕੇ ਵੀ ਇਕ ਹੈ। ਉਹ ਸ਼ਬਦ ਰੂਪ ਵਿਚ ਵੀ ਇਕ ਹੀ ਹੈ ਜਿਸ ਤਰਾਂ ਕਿ ਬਾਈਬਲ ਦਾ ਕਥਨ ਹੈ ਕਿ

1“In the beginning was the Word, and the Word was with God,and the Word was God..”
ਇਸ ਤਰਾਂ ਇਹ ਨਿੰਦਿਆਂ ਦੀ ਕੁਰੀਤੀ ਵੀ ਸਾਡੇ ਗੁਰਦੁਆਰਿਆਂ ਵਿਚ ਧੁਸੜ ਗਈ ਜੋ ਕਿ ਹੁਣ ਤਕ ਜਾਰੀ ਹੈ ।

ਸਿੰਘ ਸਭਾ ਨੇ ਵਿਦਿਅਕ ਅਦਾਰੇ ਖੋਲਣ ਤੇ ਗੁਰਮਤ ਅਤੇ ਪੰਜਾਬੀ ਦੇ ਪਰਚਾਰ ਲਈ ਸਕੂਲ ਸਥਾਪਤ ਕਰਨ ਵਲ ਵੀ ਬਹੁਤ ਧਿਆਨ ਦਿਤਾ । ਲਾਹੌਰ ਦੀ ਸਿੰਘ ਸਭਾ ਵਲੋਂ ਪੁਜਾਰੀਆਂ ਦੀ ਵਿਰੋਧਤਾ ਕਾਰਨ ਸਿੰਘ ਸਭਾ ਅੰਮ੍ਰਿਤਸਰ ਤੇ ਲਾਹੌਰ ਵਿਚਕਾਰ ਮਤ ਭੇਦ ਪੈਦਾ ਹੋ ਗਏ । ਅੰਮ੍ਰਿਤਸਰ ਸਿੰਘ ਸਭਾ ਵਿਚ ਜ਼ਿਆਦਾ ਤਰ ਮੈਂਬਰਾਂ ਵਿਚ ਗੁਰਦੁਆਰਿਆਂ ਦੇ ਪੁਜਾਰੀ ਤੇ ਗ੍ਰੰਥੀ ਆਦਿ ਤੇ ਸੋਢੀ ,ਬਾਵੇ ਤੇ ਬਾਬਾ ਖੇਮ ਸਿੰਘ ਜੀ ਬੇਦੀ ਸ਼ਾਮਲ ਸਨ । ਲਾਹੌਰ ਦੀ ਸਿੰਘ ਸਭਾ ਬਾਬਾ ਖੇਮ ਸਿੰਘ ਬੇਦੀ ਨੂੰ ਗੁਰੂ ਸਮਾਨ ਅਸਥਾਨ ਦੇਣ ਲਈ ਤਿਆਰ ਨਹੀਂ ਸੀ ਤੇ ਪੁਜਾਰੀਆਂ ਦੇ ਵਿਰੁਧ ਮੁਹਿਮ ਚਲਾ ਰਹੀ ਸੀ । ਆਪਸੀ ਇਸ ਲੜਾਈ ਵਿਚ ਕੁਰੀਤੀਆਂ ਹਟਾਉਣ ਵਲ ਧਿਆਨ ਦੇਣ ਦੀ ਥਾਂ ਤੇ ਇਕ ਦੁਜੇ ਵਿਰੁਧ ਦੁਸ਼ਨਬਾਜ਼ੀ ਦਾ ਪਰਚਾਰ ਅਰੰਭ ਹੋ ਗਿਆ ਤੇ ਇਕ ਹੋਰ ਕੁਰੀਤੀ ਨਿਦਿਆ ਦੇ ਨਾਮ ਦੀ ਗੁਰਮਤ ਵਿਚ ਸ਼ਾਮਲ ਹੋ ਗਈ। ਇਸ ਵੱਧ ਰਹੀ ਫੁੱਟ ਨੂੰ ਕਈ ਸਿੱਖ ਪਤਵੰਤਿਆਂ ਨੇ ਚੰਗਾ ਨਹੀਂ ਸਮਝਿਆਂ ਤੇ ਇਨ੍ਹਾਂ ਦੋਹਾਂ ਸਿੰਘ ਸਭਾਵਾਂ ਵਿਚ ਇਕਤਰਤਾ ਕਰਵਾਉਣ ਲਈ ਇਕ ਸਾਂਝੀ ਬੈਠਕ ਦਾ ੧੮੮੦ ਵਿਚ ਪ੍ਰਬੰਧ ਕੀਤਾ ਗਿਆ ਜਿਸ ਵਿਚ ਇਕ ਜਨਰਲ ਸਿੰਘ ਸਭਾ ਕਾਇਮ ਕੀਤੀ ਗਈ ਜੋ ਕਿ ਬਹੁਤਾ ਚਿਰ ਚਲ ਨਾ ਸਕੀ । ਜਨਰਲ ਸਿੰਘ ਸਭਾ ਨੂੰ ਫਿਰ ਨਵਾ ਰੂਪ ੧੮੮੩ ਵਿਚ ਦੇ ਕੇ ਇਸ ਦਾ ਨਾਮ ਖਾਲਸਾ ਦੀਵਾਨ ਅੰਮ੍ਰਿਤਸਰ ਰਖਿਆ ਗਿਆ ਜਿਸ ਦੇ ਪ੍ਰਧਾਨ ਸ.ਮਾਨ ਸਿੰਘ ਤੇ ਸਕਤਰ ਭਾਈ ਗੁਰਮੁਖ ਸਿੰਘ ਬਣਾਏ ਗਏ । ਸ.ਮਾਨ ਸਿੰਘ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਰਬਰਾਹ ਹੋਣ ਕਾਰਨ ਸਰਕਾਰੀ ਵਿਅਕਤੀ ਸਮਝੇ ਜਾਂਦੇ ਸਨ । ਉਸ ਸਮੇ ਸਰਬਰਾਹ ਦੀ ਨਿਯੁਕਤੀ ਅੰਮ੍ਰਿਤਸਰ ਦਾ ਅੰਗਰੇਜ਼ ਡਿਪਟੀ ਕਮਿਸ਼ਨਰ ਕੀਤਾ ਕਰਦਾ ਸੀ ਜਿਸ ਕਾਰਨ ਸਰਬਰਾਹ ਡੀ:ਸੀ ਦੀ ਮਰਜ਼ੀ ਵਿਰੁਧ ਨਹੀਂ ਚਲ ਸਕਦਾ ਸੀ । ਥੋੜੇ ਚਿਰ ਪਿਛੋਂ ਸ. ਮਾਨ ਸਿੰਘ ਦੀ ਥਾਂ ਤੇ ਸ.ਠਾਕਰ ਸਿੰਘ ਸੰਧਾਵਾਲੀਏ ਨੂੰ ਇਸ ਦਾ ਪ੍ਰਧਾਨ ਬਣਾ ਦਿਤਾ ਪਰ ਕੁਝ ਦੇਰ ਪਿਛੋਂ ਸ. ਸੰਧਾਵਾਲੀਏ ਨੇ ਵੀ ਅਸਥੀਫਾ ਦੇ ਦਿਤਾ ਤੇ ਬਾਬਾ ਖੇਮ ਸਿੰਘ ਜੀ ਨੂੰ ਇਸ ਦਾ ਪ੍ਰਧਾਨ ਬਣਾ ਦਿਤਾ ਗਿਆ । ਇਸ ਪ੍ਰਬੰਧ ਤੋਂ ਲਾਹੌਰ ਦੀ ਸਿੰਘ ਸਭਾ ਸੰਤੁਸ਼ਟ ਨਾ ਹੋ ਸਕੀ ਜਿਸ ਕਾਰਨ ਆਪਸੀ ਝਗੜੇ ਇਥੋਂ ਤਕ ਵੱਧ ਗਏ ਕਿ ਮੈਂਬਰ ਇਕ ਦੁਜੇ ਵਿਰੁਧ ਗਾਲੀ ਗਲੋਚ ਕਰਨ ਤੋਂ ਵੀ ਨਹੀਂ ਸੰਕੋਚ ਕਰਦੇ ਸਨ ।ਇਸ ਆਪਸੀ ਝਗੜੇ ਕਾਰਨ ਲਾਹੌਰ ਸਿੰਘ ਸਭਾ ਨੇ ਖਾਲਸਾ ਦੀਵਾਨ ਲਾਹੌਰ ਸਥਾਪਤ ਕਰ ਲਿਆ । ਇਹੋ ਜਹੇ ਹਾਲਾਤ ਵਿਚ ਸਿੱਖ ਰਹਿਤ ਮਰਯਾਦਾ ਵਲ ਕਿਸੇ ਵੀ ਧਿਆਨ ਨਹੀਂ ਦਿਤਾ ਪਰ ਖਾਲਸਾ ਸਕੂਲ ਸਥਾਪਤ ਕਰਨ ਦੇ ਨਾਲ ਨਾਲ ਪਤਰਕਾਰੀ ਵਲ ਧਿਆਨ ਦਿਤਾ ਗਿਆ। ਲਾਹੋਰ ਸਿੰਘ ਸਭਾ ਵਲੋਂ ਭਾਈ ਗੁਰਮੁਖ ਸਿੰਘ ਦੇ ਯਤਨਾਂ ਕਾਰਨ ਤਕਰੀਬਨ ਪੰਜ ਪਤਰ ਜਾਰੀ ਕੀਤੇ ਗਏ। (੧)ਗੁਰਮੁਖੀ ਅਖਬਾਰ,(੨)ਵਿਦਿਅਕ ਪੰਜਾਬ,(੩)ਖਾਲਸਾ ਅਖਬਾਰ,(੪)ਰਸਾਲਾ ਸੁਧਾਰਕ ਤੇ (੫) ਖਾਲਸਾ ਗਜ਼ਟ ਚਾਲੂ

ਕੀਤੇ ਗਏ ।ਮਹਾਰਾਜਾ ਹੀਰਾ ਸਿੰਘ ਆਫ ਨਾਭਾ ਨੇ ਸੱਤ ਹਜ਼ਾਰ ਰੁਪਇਆ ਦਿਤਾ ਜਿਸ ਨਾਲ ੧੯੮੩ ਵਿਚ ਖਾਲਸਾ ਪ੍ਰੈਸ ਚਾਲੂ ਕੀਤਾ ਗਿਆ।ਪਰਚਾਰ ਦੇ ਇਹ ਸਾਰੇ ਸਾਧਨ ਗੁਰਦੁਆਰਿਆਂ ਵਿਚੋਂ ਕੁਰੀਤੀਆਂ ਨੂੰ ਦੂਰ ਕਰਨ ਦੇ ਨਾਮ ਤੇ ਇਕ ਦੁਜੇ ਵਿਰੁਧ ਦੂਸ਼ਨਬਾਜ਼ੀ ਲਈ ਹੀ ਵਰਤੇ ਜਾਣ ਲਗੇ । ਇਨ੍ਹਾਂ ਵਿਚ ਲਿਖਨ ਵਾਲੇ ਕਿਸੇ ਲੇਖਕ ਨੇ ਵੀ ਗੁਰਬਾਣੀ ਅਨੁਸਾਰ ਜਾਂ ਰਹਿਤਨਾਮਿਆਂ ਤੇ ਦਸਮ ਗ੍ਰੰਥ ਅਨੁਸਾਰ ਗੁਰਮਤ ਦਾ ਪਰਚਾਰ ਕਰਨ ਦੀ ਬਜਾਏ ਆਪਣੇ ਨਿਜੀ ਪੱਖਾਂ ਨੂੰ ਹੀ ਪਰਚਾਰਨਾ ਸ਼ੁਰੂ ਕਰ ਦਿਤਾ । ਸਿੰਘ ਸਭਾਈਆਂ ਦੇ ਗੁਰਦੁਆਰਿਆਂ ਵਿਚ ਵੀ ਪੁਜਾਰੀਆਂ ਦੀ ਰੀਤੀ ਅਨੁਸਾਰ ਗ੍ਰੰਥੀ,ਰਾਗੀ,ਕਥਾਵਾਚਕ ਤੇ ਪਰਚਾਰਕ ਆਦਿ ਵੀ ਤਨਖਾਹਦਾਰ ਹੋਣ ਕਾਰਨ ਪੂਜਾ ਦਾ ਧਾਨ ਖਾਣ ਵਾਲੇ ਬਣਦੇ ਗਏ। ਪੂਜਾ ਦਾ ਧਾਨ ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਹਿਰ ਦਾ ਨਾਮ ਦਿਤਾ ਸੀ ਸਿੱਖ ਰਹਿਤ ਮਰਯਾਦਾ ਵਿਚ ਇਕ ਵੱਡੀ ਕੁਰੀਤੀ ਦੇ ਰੂਪ ਵਿਚ ਧੁਸੜ ਗਿਆ ਜੋ ਕਿ ਹੁਣ ਤਕ ਜਾਰੀ ਹੈ।ਸਭ ਕੁਰੀਤੀਆਂ ਦੀ ਜਨਮਦਾਤਾ ਇਸ ਕੁਰੀਤੀ ਵਲ ਖਾਲਸਾ ਪੰਥ ਧਿਆਨ ਹੀ ਨਹੀਂ ਦੇ ਰਿਹਾ ਜਿਸ ਕਾਰਨ ਅਜੋਕੇ ਕਾਲ ਵਿਚ ਕਈ ਗੁਰਦੁਆਰੇ ਵਪਾਰਕ ਅਦਾਰਿਆਂ ਦਾ ਰੂਪ ਧਾਰਨ ਕਰੀ ਜਾ ਰਹੇ ਹਨ। ਸਾਡੀ ਗਿਰਾਵਟ ਇਥੋਂ ਤਕ ਗਿਰ ਚੁਕੀ ਹੈ ਕਿ ਅਸੀਂ ਕੁਝ ਪੈਸਿਆਂ ਲਈ ਜੇ ਲੋੜ ਪਵੇ ਤੇ ਗੁਰਧਾਮਾਂ ਤੇ ਮੁਕਦਮੇ ਚਲਾ ਕੇ ਉਨ੍ਹਾਂ ਦੇ ਖਾਤੇ ਕਰੁਕ ਕਰਵਾਉਣ ਤਕ ਵੀ ਜਾ ਸਕਦੇ ਹਾਂ।ਦੁਖ ਦੀ ਗਲ ਇਹ ਹੈ ਕਿ ਕਈ ਅਜੋਕੇ ਸਿੱਖ ਵਿਦਿਵਾਨ ਲਿਖਾਰੀ ਇਹ ਸਵੀਕਾਰ ਕਰਦੇ ਹਨ ਕਿ ਸਿੱਖ ਮੱਤ ਵਿਚ ਪੂਜਾਰੀਵਾਦ ਲਈ ਕੋਈ ਅਸਥਾਨ ਨਹੀਂ ਹੈ ਜਿਹਾ ਕਿ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿੱਖ ਇਤਿਹਾਸ ਰੀਸਰਚ ਬੋਰਡ ਵਲੋਂ ਪਰਕਾਸ਼ਤ ਪੁਸਤਕ'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਹਾਸ' ਦੇ ਪੰਨਾ'ਤ' ਤੇ ਇਹ ਦਰਜ ਹੈ ਕਿ 'ਸਿੱਖ ਰਹੁ-ਰੀਤ ਮੁਤਾਬਿਕ ਗੁਰਦੁਆਰਿਆਂ ਵਿਚ ਪੁਜਾਰੀਆਂ ਤੇ ਪਾਦਰੀਆਂ ਜਹੇ ਕਿਸੇ ਵਖਰੇ ਵਰਗ ਦੀ ਗੁੰਜ਼ਾਇਸ਼ ਨਹੀਂ' । ਪੂਜਾ ਦਾ ਧਾਨ ਖਾਣਾ ਸਿੱਖ ਮਰਯਾਦਾ ਦੇ ਵਿਰੁਧ ਹੈ ਜੇਵੇਂ ਕਿ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਸੇ ਹੀ ਲਿਖੀ ਹੋਈ ਪੁਤਕ ਪੰਨਾ ' ੬'ਵਿਚ ਇਹ ਦਰਜ ਹੈ ਕਿ 'ਗੁਰਮਤਿ ਸਿੱਧਾਂਤ ਅਨੁਸਾਰ ਧਰਮ ਖੇਤਰ ਵਿਚ ਪੁਜਾਰੀ ਵਰਗ ਨੂੰ, ਨੀਤੀਚਾਰੇ ਵਿਚ ਤਾਨਾਂਸਾਹਾਂ ਤੇ ਉਨ੍ਹਾਂ ਵਲੋਂ ਕੇਂਦਰਤ ਅਧਿਕਾਰਾਂ ਨੂੰ,ਆਰਥਿਕ ਪਿੜ ਵਿਚ ਪੂੰਜੀਪਤੀ ਮਨਾਪਲਿਸ਼ਟਾਂ ਨੂੰ,ਸਮਾਜਕ ਖੇਤਰ ਵਿਚ ਜਾਤ ਬੰਸ ਅਭਿਮਾਨੀਆਂ ਨੂੰ ਅਤੇ ਸਭਿਆਚਾਰਕ ਮਾਹੌਲ ਵਿਚ ਅਸਹਿਨਸ਼ੀਲ ਹਿੰਡੀਆਂ ਹੰਕਾਰੀਆਂ ਨੂੰ ਮਾਨਵਤਾ ਦੀ ਪਰਗਤੀ ਦੇ ਰਸਤੇ ਦੇ ਰੋੜੇ ਸਮਝਿਆ ਜਾਂਦਾ ਹੈ।' ਕੀ ਅਜ ਕਲ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਹੀ ਲਿਖੇ ਦੇ ਵਿਰੁਧ ਤਾਂ ਕੰਮ ਨਹੀਂ ਕਰ ਰਹੀ ?

ਇਸੇ ਤਰਾਂ ਸਿੰਘ ਸਭਾ ਦੇ ਗੁਰਦੁਆਰਿਆਂ ਵਿਚ ਹਵਨ ਦੀ ਰੀਤੀ ਵੀ ਚਾਲੂ ਨਹੀਂ ਹੋ ਸਕੀ ਸੀ । ਇਸ ਨੂੰ ਹਿੰਦੂ ਰੀਤੀ ਕਹਿ ਕੇ ਨਿਕਾਰ ਦਿਤਾ ਗਿਆ।ਇਹ ਚਾਲੂ ਕਰਨ ਨਾਲ ਸਿੱਖ ਗੁਰੂ ਗੋਬਿੰਦ ਸਿੰਘ ਦੀਆਂ ਪੰਜ ਬਾਣੀਆਂ ਦਾ ਪਾਠ ਹਵਨ ਤੇ ਕਰ ਸਕਦੇ ਸਨ।ਗੁਰੂ ਗ੍ਰਥ ਸਾਹਿਬ ਤੇ ਦਸਮ ਗ੍ਰੰਥ ਸਾਹਿਬ ਵਿਚ ਹਵਨ ਦੀ ਮਹਿਮਾ ਲਿਖੀ ਹੋਈ ਮਿਲਦੀ ਹੈ ।

ਪਰ ਦਸਮ ਗ੍ਰੰਥ ਵਿਚ ਲਿਖੀ ਹੋਈ ਗੁਰੂ ਗੋਬਿੰਦ ਸਿੰਘ ਜੀ ਦੀ ਬੀਰ ਰਸੀ ਬਾਣੀ ਜਿਹੜੀ ਸੰਤ ਸਿਪਾਹੀ ਦਾ ਰੂਪ ਖਾਲਸੇ ਨੂੰ ਦੇਂਦੀ ਸੀ ਅੰਗਰੇਜ਼ ਨੂੰ ਪਸੰਦ ਨਹੀਂ ਸੀ ਤੇ ਸਿੰਘ ਸਭਾ ਦੇ ਕਾਰਕੁਨ ਅੰਗਰੇਜ਼ ਸਰਕਾਰ ਨੂੰ ਨਿਰਾਜ਼ ਨਹੀਂ ਕਰਨਾ ਚਾਹੁੰਦੇ ਸਨ । ਉਹ ਤਾਂ ਆਪਣੇ ਗੁਰਦੁਆਰਿਆਂ ਵਿਚ ਦਸਮ ਗ੍ਰੰਥ ਸਾਹਿਬ ਦਾ ਪ੍ਰਕਾਸ਼ ਵੀ ਬੰਦ ਕਰਵਾ ਚੁਕੇ ਸਨ ਭਾਵੇਂ ਉਸ ਸਮੇ ਦਸਮ ਗ੍ਰੰਥ ਦਾ ਪ੍ਰਕਾਸ਼ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਵੀ ਹਰ ਰੋਜ਼ ਗੁਰੂ ਗ੍ਰੰਥ ਸਾਹਿਬ ਦੇ ਨਾਲ ਹੋਇਆ ਕਰਦਾ ਸੀ। ਅੰਗਰੇਜ਼ ਨੂੰ ਖੁਸ਼ ਕਰਨ ਵਾਸਤੇ ਦਸਮ ਗ੍ਰੰਥ ਵਿਚ ਕਈ ਭੁਲੇਖੇ ਖੜੇ ਕਰਨੇ ਅਰੰਭ ਹੋ ਗਏ ਕਿ ਇਹ ਬਾਣੀ ਦਸਮੇਸ ਪਿਤਾ ਜੀ ਦੀ ਨਹੀਂ ਹੈ । ਇਸ ਚਰਚਾ ਦਾ ਮੁਢ ਅੰਗਰੇਜ਼ ਇਤਹਾਸਕਾਰ ਜਨਰਲ ਕਨਿਘੰਮ ਵਲੋਂ ਬੱਝਾ ਗਿਆ ਜਿਸ ਕਾਰਨ ਬਹੁਤ ਸਾਰੇ ਸਿੱਖ ਲਿਖਾਰੀ ਵੀ ਅੰਗਰੇਜ਼ ਨੂੰ ਖੁਸ ਕਰਨ ਲਈ ਇਸ ਚਰਚਾ ਵਿਚ ਕੁੱਧ ਪਏ।ਇਹ ਚਰਚਾ ਜਦ ਵੱਧ ਗਈ ਤਾਂ ਖਾਲਸਾ ਦੀਵਾਨ ਅੰਮ੍ਰਿਤਸਰ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਤੇ ਦਸਮ ਗ੍ਰੰਥ ਸਾਹਿਬ ਦੀਆਂ ੩੨ ਬੀੜਾਂ ਇਕਤਰ ਕਰ ਕੇ ਪੰਥ ਦੇ ਵਿਦਵਾਨਾਂ ਪਾਸੋਂ ਦਸਮ ਗ੍ਰੰਥ ਦਾ ਅਧਿਅਨ ਕਰਵਾ ਕੇ ਇਹ ਨਿਰਣਾ ਲਿਆ ਗਿਆ ਕਿ ਦਸਮ ਗ੍ਰੰਥ ਦੀ ਸਮੁਚੀ ਬਾਣੀ ਦੇ ਰਚਨਹਾਰ ਗੁਰੂ ਗੋਬਿੰਦ ਸ਼ਿੰਘ ਜੀ ਹੀ ਹਨ।ਇਕ ਰੀਪੋਰਟ ਪੰਥ ਨੂੰ ਪੇਸ਼ ਕੀਤੀ ਗਈ ਜਿਸ ਦੇ ਅਧਾਰ ਤੇ ਦਸਮ ਗ੍ਰੰਥ ਸਾਹਿਬ ਦੀ ਛਪਾਈ ਦੇ ਪ੍ਰਬੰਧ ਕੀਤੇ ਗਏ ਤੇ ਹੁਣ ਜੋ ਦਸਮ ਗ੍ਰੰਥ ਛਪ ਰਿਹਾ ਹੈ ਉਹ ਉਸੇ ਰੀਪੋਰਟ ਦੇ ਅਧਾਰ ਤੇ ਛਪ ਰਿਹਾ ਹੈ ।

ਸਿੰਘ ਸਭਾ ਲਾਹੌਰ ਤੇ ਖਾਲਸਾ ਦੀਵਾਨ ਲਾਹੌਰ ਨੇ ਵਿਦਿਅਕ ਖੇਤਰ ਵਿਚ ਬੜੀਆਂ ਪ੍ਰਾਪਤੀਆਂ ਕਰਨੀਆਂ ਅਰੰਭ ਦਿਤੀਆਂ । ਸ਼ ਅੱਤਰ ਸਿੰਘ ਭਦੌੜ ਵੀ ਲਾਹੌਰ ਪੁਜ ਗਏ ਤੇ ਉਨ੍ਹਾਂ ਨੂੰ ਸਿੰਘ ਸਭਾ ਦਾ ਪ੍ਰਧਾਨ ਨਿਯੁਕਤ ਕਰ ਦਿਤਾ ਗਿਆ । ਸ. ਅੱਤਰ ਸਿੰਘ ਦਾ ਅੰਗਰੇਜ਼ ਸਰਕਾਰ ਵਿਚ ਬਹੁਤ ਅਸਰ ਰਸੂਖ ਸੀ ਤੇ ਉਹ ਚੰਗੇ ਵਿਦਿਵਾਨ ਵੀ ਸਨ ਤੇ ਦਸਮ ਗ੍ਰੰਥ ਦੇ ਤਿਜੇ ਅਧਿਆਇ ਤੇ ਸੌ ਸਾਖੀ ਦਾ ਤਰਜ਼ਮਾ ਕਰ ਕੇ ਅੰਗਰੇਜ਼ ਸਰਕਾਰ ਨੂੰ ਪੇਸ ਕਰ ਚੁਕੇ ਸਨ ਜਿਸ ਕਾਰਨ ਅੰਗਰੇਜ਼ ਸਰਕਾਰ ਉਨ੍ਹਾਂ ਤੇ ਭਰੋਸਾ ਕਰਦੀ ਸੀ । ਉਨ੍ਹਾਂ ਨੂੰ ਕਈ ਸਨਮਾਨ ਪੱਤਰ ਵੀ ਸਰਕਾਰ ਵਲੋਂ ਮਿਲੇ ਹੋਏ ਸਨ । ਉਨ੍ਹਾਂ ਨੇ ਸਿੱਖ ਆਗੂਆਂ ਤੇ ਸਿੱਖ ਰਿਆਸਤਾਂ ਦੇ ਮਹਾਂਰਾਜਿਆਂ ਦਾ ਸਹਿਯੋਗ ਲੈ ਕੇ ਖਾਲਸਾ ਕਾਲਜ ਅੰਮ੍ਰਿਤਸਰ ਦੀ ਸਥਾਪਣਾ ਲਈ ਬੜਾ ਸ਼ਲਾਘਾ ਯੋਗ ਕੰਮ ਕੀਤਾ ।

ਕੁਝ ਸਮੇ ਪਿਛੋਂ ਸਿੰਘ ਸਭਾ ਲਾਹੌਰ ਵੀ ਫੁੱਟ ਦਾ ਸ਼ਿਕਾਰ ਹੋ ਗਈ ਜਿਸ ਦਾ ਪ੍ਰਭਾਵ ਖਾਲਸਾ ਦੀਵਾਨ ਲਾਹੌਰ ਤੇ ਵੀ ਪਿਆ । ਲਾਹੌਰ ਸਿੰਘ ਸਭਾ ਤੇ ਖਾਲਸਾ ਦੀਵਾਨ ਲਾਹੌਰ ਦੇ ਕਈ ਆਗੂਆਂ ਦੇ ਅਕਾਲ ਚਲਾਣਾ ਕਰ ਜਾਣ ਕਾਰਨ ਇਸ ਦੀਆਂ ਸਰਗਰਮੀ ਮੱਧਮ ਪੈ ਗਈਆਂ । ਇਸ ਸਮੇ ਸਰਦਾਰ ਸੁੰਦਰ ਸਿੰਘ ਮਜੀਠੀਆ ਦੇ ਯਤਨਾਂ ਕਾਰਨ ਇਕ ਸਾਂਝੇ ਦੀਵਾਨ ਦੀ ਲੋੜ ਮਹਿਸੂਸ ਕਰਦਿਆਂ ੧੯੦੨ ਵਿਚ ਅੰਮ੍ਰਿਤਸਰ ਵਿਖੇ ਚੀਫ ਖਾਲਸਾ ਦੀਵਾਨ ਦੀ ਸ਼ਥਪਣਾ ਕਰ ਦਿਤੀ ਗਈ । ਭਾਈ ਅਰਜਨ ਸਿੰਘ ਜੀ ਬਾਗੜੀਆ ਇਸ ਦੇ ਪ੍ਰਧਾਨ ਤੇ

ਸਰਦਾਰ ਸੁੰਦਰ ਸਿੰਘ ਜੀ ਮਜੀਠੀਆ ਇਸ ਦੇ ਸਕੱਤਰ ਥਾਪੇ ਗਏ ।ਚੀਫ ਖਾਲਸਾ ਦੀਵਾਨ ਵਲੋਂ ਇਕ ਵਿਦਿਅਕ ਕਮੇਟੀ ਦੀ ਸਥਾਪਣਾ ਕੀਤੀ ਗਈ ਜਿਸ ਨੇ ਪੰਜਾਬ ਵਿਚ ਸਕੂਲ ਤੇ ਕਾਲਜ ਖੋਲਣੇ ਸ਼ੁਰੂ ਕਰ ਦਿਤੇ । ਵੇਖੋ ਵੇਖੀ ਪੰਜਾਬ ਦੇ ਬਹੁਤ ਸਾਰੇ ਸ਼ਹਿਰਾਂ ਤੇ ਵੱਡੇ ਨਗਰਾਂ ਵਿਚ ਸਿੰਘ ਸਭਾਵਾਂ ਤੇ ਖਾਲਸਾ ਦੀਵਾਨ ਕਾਇਮ ਹੋਈ ਗਏ । ਕਈ ਪੰਜਾਬੀ ਦੇ ਅਖਬਾਰ ਵੀ ਚਾਲੂ ਕਰ ਲੀਤੇ ਗਏ। ਇਹ ਸਭ ਇਕ ਦੁਜੇ ਨਾਲ ਈਰਖਾ ਕਰਦੇ ਹੋਏ ਇਕ ਦੁਜੇ ਦੀ ਵਿਰੋਧਤਾ ਦੇ ਨਾਲ ਨਾਲ ਹਿੰਦੂਆਂ ,ਮੁਸਲਮਾਨਾਂ ਤੇ ਗੁਰਦੁਆਰਿਆਂ ਦੇ ਪੁਜਾਰੀਆਂ ਦੀ ਵੀ ਬੜੇ ਜ਼ੋਰ ਨਾਲ ਵਿਰੋਧਤਾ ਕਰ ਰਹੇ ਸਨ । ਸਿੱਖਾਂ ਦੇ ਇਹ ਸਭ ਧੜੇ ਅੰਦਰਖਾਤੇ ਅੰਗਰੇਜ਼ ਸਰਕਾਰ ਦੀ ਸਹਾਇਤਾ ਪ੍ਰਾਪਤ ਕਰ ਰਹੇ ਸਨ ਜਿਸ ਕਾਰਨ ਇਹ ਇਹੋ ਜਹੀ ਕੋਈ ਹਰਕਤ ਨਹੀਂ ਸਨ ਕਰਦੇ ਜਿਸ ਕਾਰਨ ਅੰਗਰੇਜ਼ ਸਰਕਾਰ ਨਰਾਜ਼ ਹੋ ਜਾਵੇ । ਗੁਰਦੁਆਰਿਆਂ ਦੇ ਪੁਜਾਰੀਆਂ ਦੀ ਤਾਂ ਅੰਗਰੇਜ਼ ਖੁਲੇ ਆਮ ਸਹਾਇਤਾ ਕਰਦੇ ਸਨ । ਇਨ੍ਹਾਂ ਪੁਜਾਰੀਆਂ ਦਾ ਗੁਰਦੁਆਰਿਆਂ ਦੀਆਂ ਜ਼ਮੀਨਾਂ ਜਾਇਦਾਦਾਂ ਤੇ ਜਾਗੀਰਾਂ ਉਪਰ ਪੂਰਾ ਕਬਜ਼ਾ ਹੋਣ ਕਾਰਨ ਚੋਖੀ ਆਮਦਨ ਹੋ ਜਾਂਦੀ ਸੀ । ਇਹ ਵਹਿਲੜ ਪੁਜਾਰੀ ਆਪਣੇ ਸਮੇ ਨੂੰ ਅਨੰਦ ਮਈ ਬਿਤਾਉਣ ਲਈ ਕਈ ਇਖਲਾਕੀ ਗਿਰਾਵਟਾਂ ਦਾ ਵੀ ਸ਼ਿਕਾਰ ਹੋ ਗਏ ਸਨ । ਨਸ਼ਿਆਂ ਤੇ ਵਿਭਚਾਰ ਦੇ ਗੁਲਾਮ ਇਹ ਪੁਜਾਰੀ ਗੁਰਦੁਆਰਿਆਂ ਵਿਚ ਯਾਤਰੂ ਬੀਬੀਆਂ ਨਾਲ ਵੀ ਮਾੜਾ ਵਰਤਾਓ ਕਰਨ ਲਗ ਪਏ ਸਨ ਜਿਸ ਕਾਰਨ ਆਮ ਸਿੱਖ ਇਨ੍ਹਾਂ ਪੁਜਾਰੀਆਂ ਤੋਂ ਖਹਿੜਾ ਛਡਵਾਉਣਾ ਚਾਹੁੰਦੇ ਸਨ ।ਗੁਰਦੁਆਰਿਆਂ ਵਿਚ ਜਾਤ ਪਾਤ ਨੂੰ ਵੀ ਧਸੋੜ ਦਿਤਾ ਗਿਆ ।ਨੀਵੀਆਂ ਜਾਤਾਂ ਵਾਲਿਆਂ ਦੀ ਅਰਦਾਸ ਨਹੀਂ ਕੀਤੀ ਜਾਂਦੀ ਸੀ ਤੇ ਨਾ ਹੀ ਕਿਸੇ ਨੀਵੀ ਜਾਤ ਵਾਲੇ ਦਾ ਪਰਸ਼ਾਦ ਹੀ ਗੁਰਦੁਆਰੇ ਵਿਚ ਕਬੂਲ ਕੀਤਾ ਜਾਂਦਾ ਸੀ । ਜਿਹੜਾ ਵਿਅਕਤੀ ਇਨ੍ਹਾਂ ਪੁਜਾਰੀਆਂ ਦੀਆਂ ਇਨ੍ਹਾਂ ਹਰਕਤਾਂ ਵਿਰੁਧ ਆਵਾਜ਼ ਚੁਕਦਾ ਉਸ ਵਿਰੁਧ ਸਿੱਖਾਂ ਦੇ ਨਾਮ ਹੁਕਮਨਾਮਾ ਜਾਰੀ ਕਰ ਕੇ ਉਸ ਦਾ ਬਾਈਕਾਟ ਕਰਨ ਦਾ ਸਦਾ ਦਿਤਾ ਜਾਣ ਲਗ ਪਿਆ । ਇਸ ਦੇ ਬਾਵਜੂਦ ਸਿੱਖ ਸੰਗਤਾਂ ਵਿਚ ਪੁਜਾਰੀਆਂ ਦੇ ਵਿਰੁਧ ਰੋਸ ਦਿਨ ਪ੍ਰਤੀ ਦਿਨ ਵੱਧਦਾ ਗਿਆ।

# ਅੰਗਰੇਜ਼ ਸਰਕਾਰ ਵਲੋਂ ਹਰਿਮੰਦਰ ਸਾਹਿਬ 'ਚ ਅਖੰਡ ਪਾਠ

ਰਾਜਨੀਤੀ ਦੀਆਂ ਚਾਲਾਂ ਅਤੇ ਰਾਜਸੀ ਤਬਦੀਲੀਆਂ ਦਾ ਪ੍ਰਭਾਵ ਹਰ ਵਿਅਕਤੀ ਅਤੇ ਹਰ ਸੰਸਥਾ ਤੇ ਪੈਂਦਾ ਹੈ ਭਾਵੇਂ ਉਹ ਕਿਸੇ ਵੀ ਰਾਜਸੀ ਸਰਗਰਮੀ ਵਿਚ ਹਿੱਸਾ ਲੈਂਦੀ ਹੋਵੇ ਜਾਂ ਨਾ ਲੈਂਦੀ ਹੋਵੇ ਹਰ ਰਾਜਸੀ ਤਬਦੀਲੀ ਆਪਣਾ ਅਸਰ ਦਿਖਾਏ ਬਿਨਾ ਨਹੀਂ ਰਹਿੰਦੀ । ਵੀਂਹਵੀਂ ਸਦੀ ਦਾ ਅਰੰਭ ਦਾ ਸਮਾ ਸੰਸਾਰ ਦੇ ਮੰਚ ਤੇ ਕਈ ਰਾਜਸੀ ਤਬਦੀਲੀਆਂ ਲਿਆ ਰਿਹਾ ਸੀ ।ਪੰਜਾਬ ਤੋਂ ਲੈਕੇ ਸੰਸਾਰ ਦੇ ਹਰ ਦੇਸ ਵਿਚ ਕੁਝ ਨਾ ਕੁਝ ਇਤਹਾਸਕ ਰੂਪ ਵਿਚ ਵਾਪਰ ਰਿਹਾ ਸੀ ।ਪੰਜਾਬ ਵਿਚੋਂ ਬਹੁਤ ਸਾਰੇ ਵਿਅਕਤੀ ਦੂਜੇ ਦੇਸਾਂ ਨੂੰ ਆਪਣੀ ਕਮਾਈ ਲਈ ਜਾ ਰਹੇ ਸਨ ਜਿਸ ਕਾਰਨ ਉਨ੍ਹਾਂ ਵਿਚ ਧਾਰਮੁਕਤਾ ਦੇ ਨਾਲ ਰਾਜਨੀਤਕ ਜਾਗਰਿਤੀ ਵੀ ਪੈਦਾ ਹੋ ਰਹੀ ਸੀ ਜਿਸ ਦਾ ਪ੍ਰਭਾਵ ਪੰਜਾਬ ਵਿਚ ਰਹਿ ਰਹੇ ਉਨ੍ਹਾਂ ਦੇ ਰਿਸ਼ਤੇਦਾਰਾਂ ਤੇ ਮਿੱਤ੍ਰਾਂ ਤੇ ਪੈ ਰਿਹਾ ਸੀ । ਲਾਹੌਰ ਵਿਖੇ ਲਾਲਾ ਹਰਦਿਆਲ ੧੯੧੩ ਈ ਨੂੰ ਗਦਰ ਪਾਰਟੀ ਦੀ ਨੀਂਹ ਰਖ ਕੇ ਬਦੇਸ਼ਾਂ ਵਿਚ ਅੰਗਰੇਜ਼ ਤੋਂ ਭਾਰਤ ਨੂ ਅਜ਼ਾਦ ਕਰਵਾਉਣ ਲਈ ਪਰਚਾਰ ਕਰ ਕੇ ਗਦਰ ਪਾਰਟੀ ਨੂੰ ਮਜ਼ਬੂਤ ਕਰੀ ਜਾ ਰਹੇ ਸਨ । ਗਦਰ ਪਾਰਟੀ ਵਿਚ ਸਿੱਖਾਂ ਦੀ ਗਿਣਤੀ ਸਭ ਨਾਲੋਂ ਵਧੇਰੇ ਹੋਣ ਕਾਰਨ ਇਸ ਦਾ ਪ੍ਰਭਾਵ ਪੰਜਾਬ ਦੇ ਸਿੱਖਾਂ ਤੇ ਵੀ ਪੈ ਰਿਹਾ ਸੀ । ਆਲ ਇੰਡਿਆ ਕਾਂਗਰਸ ਪਾਰਟੀ ਜਿਥੇ ਅੰਗਰੇਜ਼ਾਂ ਪਾਸੋਂ ਰਾਜ ਪ੍ਰਬੰਧ ਵਿਚ ਵਧੇਰੇ ਸਹੂਲਤਾਂ ਤੇ ਹਿੱਸੇ ਦੀ ਮੰਗ ਕਰ ਰਹੀ ਸੀ ਉਥੇ ਉਹ ਆਪਣੇ ਪੈਰ ਪੰਜਾਬ ਵਿਚ ਮਜ਼ਬੂਤ ਕਰਨ ਵਲ ਬੜੀ ਸਰਗਰਮੀ ਨਾਲ ਕਦਮ ਪੁਟ ਰਹੀ ਸੀ । ਸੰਸਾਰ ਦੀ ਪਹਿਲੀ ਜੰਗ ਅਰੰਭ ਹੋਣ ਕਰਕੇ ਅੰਗਰੇਜ਼ ਸਰਕਾਰ ਨੂੰ ਆਪਣੀ ਫੌਜੀ ਤਾਕਤ ਵਧਾਉਣ ਦੀ ਲੋੜ ਹੋਣ ਕਾਰਨ ਬਹੁਤ ਸਾਰੇ ਸਿੱਖ ਅੰਗਰੇਜ਼ ਸਰਕਾਰ ਦੀ ਫੌਜ ਵਿਚ ਭਰਤੀ ਹੋ ਕੇ ਯੂਰਪ ਵਿਚ ਲੜ ਰਹੀ ਵਿਸ਼ਵ ਜੰਗ ਵਿਚ ਹਿੱਸਾ ਲੈ ਰਹੇ ਸਨ ।ਫੌਜੀ ਸਿੱਖਾਂ ਦਾ ਯੂਰਪ ਵਿਚ ਜਰਮਨੀ ਦੇ ਵਿਰੁਧ ਲੜਣ ਦੀਆਂ ਘਟਨਾਵਾਂ ਨੇ ਉਨ੍ਹਾਂ ਫੌਜੀਆਂ ਤੋਂ ਇਲਾਵਾ ਉਨ੍ਹਾਂ ਦੇ ਰਿਸ਼ਤੇਦਾਰਾਂ ਸੰਬੰਧੀਆਂ ਤੇ ਵੀ ਬੜਾ ਅਗਾਂਹ ਵਧੂ ਪ੍ਰਭਾਵ ਪਾਇਆ।ਜੰਗ ਵਿਚ ਜਰਮਨੀ ਦੀ ਚੜ੍ਹਤ ਕਾਰਨ ਅੰਗਰੇਜ਼ ਕਾਫੀ ਪ੍ਰੇਸਾਨ ਸਨ । ਸਿੱਖ ਇਤਹਾਸ ਅਨੁਸਾਰ ਉਨਹਾਂ ਨੇ ਪ੍ਰਮਾਤਮਾ ਦੀ ਓਟ ਲੈਣ ਲਈ ਧਾਰਮਕ ਰਹੁ ਰੀਤੀਆਂ ਕਰਨ ਤੇ ਕਰਵਾਉਣ ਵਲ ਵੀ ਧਿਆਨ ਦਿਤਾ। ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਦੀ ਮਹਿਮਾਂ ਤੋਂ ਅੰਗਰੇਜ਼ ਚੰਗੀ ਤਰਾਂ ਜਾਣੂ ਸਨ ਜਿਸ ਕਾਰਨ ਉਨ੍ਹਾਂ ਨੇ ਹਰਿਮੰਦਰ ਸਾਹਿਬ ਵਿਖੇ ਅਖੰਡ ਪਾਠ ਕਰਵਾਉਣੇ ਸ਼ੁਰੂ ਕਰ ਦਿਤੇ।ਇਨ੍ਹਾਂ ਅਖੰਡ ਪਾਠਾਂ ਦੀ ਲੜੀ ਉਤਨਾ ਚਿਰ ਚਲਦੀ ਰਹੀ ਜਦ ਤਕ ਕਿ ਵਿਸ਼ਵ ਦੀ ਪਹਿਲੀ ਜੰਗ ਜਾਰੀ ਰਹੀ । ਅਖੰਡ ਪਾਠਾਂ ਦੀ ਇਸ ਚਲ ਰਹੀ ਲੜੀ ਵਿਚ ਕੋਈ ਅਖੰਡ ਪਾਠੀ ਆਪਣੀ ਰੌਲ ਦੇ ਪੈਸੇ ਨਹੀਂ ਲੈਂਦਾ ਸੀ । ਸਭ ਪਾਠੀ ਸਵੈਇਛਕ ਤੌਰ ਤੇ ਅਖੰਡ ਪਾਠਾਂ ਦੀ ਮੁਫਤ ਸੇਵਾ ਕਰਦੇ ਸਨ। ਉਸ ਸਮੇ ਅਖੰਡ ਪਾਠਾਂ ਲਈ ਜਾਂ ਸਧਾਰਨ ਪਾਠਾਂ ਲਈ ਕੋਈ ਵੀ ਪਾਠੀ ਪਾਠ ਭੇਟ ਨਹੀਂ ਲਿਆ ਕਰਦਾ ਸੀ । ਹਰ ਵਿਅਕਤੀ ਨੂੰ ਇਹ ਗਿਆਨ ਸੀ ਕਿ ਪਾਠ ਭੇਟ ਲੈਣੀ ਕੁਰਹਿਤ ਹੈ ਤੇ ਕੋਈ ਵੀ ਪਾਠੀ ਇਹ ਕੁਰਹਿਤ ਨਹੀਂ ਕਰਨੀ ਚਾਹੁੰਦਾ ਸੀ । ਇਨ੍ਹਾਂ ਅਖੰਡ ਪਾਠਾਂ ਦੀ ਲੜੀ ਵਿਚ ਕਈ

ਅੰਗਰੇਜ਼ ਅਫਸਰ ਵੀ ਸ਼ਾਮਲ ਹੋਏ ਦਸੇ ਜਾਂਦੇ ਹਨ । ਹਰ ਅਖੰਡ ਪਾਠ ਦੇ ਭੋਗ ਸਮੇ ਫਰੰਗੀਆਂ ਦੀ ਜਿੱਤ ਲਈ ਅਰਦਾਸਾ ਕੀਤਾ ਜਾਂਦਾ ਸੀ ।ਜੰਗ ਜਿੱਤਨ ਪਿਛੋਂ ਜਦੋਂ ਪੰਜਾਬ ਦੇ ਫੌਜੀ ਵਾਪਸ ਪੰਜਾਬ ਪਰਤੇ ਤਾਂ ਉਨ੍ਹਾਂ ਵਿਚੋਂ ਕਈ ਫੌਜੀਆਂ ਨੇ ਹਰਿਮੰਦਰ ਸਾਹਿਬ ਵਿਖੇ ਅਖੰਡ ਪਾਠ ਕਰਵਾਉਣੇ ਸ਼ੁਰੂ ਕਰ ਦਿਤੇ । ਇਸ ਸਮੇ ਅੰਗਰੇਜ਼ ਦੇ ਪਿਠੂ ਪੁਜਾਰੀਆਂ ਨੇ ਅਖੰਡ ਪਾਠ ਦੀ ਭੇਟ ੫੦/੦੦ ਰੁਪੈ ਨਿਸਚਤ ਕਰ ਦਿਤੀ ਤੇ ਅਖੰਡ ਪਾਠਾਂ ਨੂੰ ਵਿਕਰੀ ਤੇ ਲਾ ਕੇ ਸਿੱਖ ਮਰਯਾਦਾ ਨੂੰ ਇਕ ਹੋਰ ਕੁਰੀਤੀ ਦਾ ਸ਼ਿਕਾਰ ਬਣਾ ਦਿਤਾ । ਅਖੰਡ ਪਾਠ ਰਾਹੀਂ ਬਾਣੀ ਵੇਚਨ ਦੀ ਕੁਰੀਤੀ ਉਸ ਸਮੇ ਤੋਂ ਲੈਕੇ ਹੁਣ ਤਕ ਸਿੱਖ ਜਗਤ ਵਿਚ ਚਲ ਰਹੀ ਹੈ ਜਦ ਕਿ ਹਰ ਪਾਠੀ ਆਪਣੀ ਰੌਲ ਦੇ ਪੈਸੇ ਲੈ ਰਿਹਾ ਹੈ । ਇਹ ਕੁਰੀਤੀ ਹੁਣ ਗੁਰਦੁਆਰਿਆਂ ਵਿਚ ਮਰਯਾਦਾ ਦਾ ਰੂਪ ਧਾਰਨ ਕਰ ਚੁਕੀ ਹੈ ।

# ਲੰਗਰ ਦੀ ਮਰਯਾਦਾ

ਸਿਖ ਧਰਮ ਵਿਚ ਲੰਗਰ ਇਕ ਆਪਣਾ ਵਿਸ਼ੇਸ ਅਸਥਾਨ ਰਖਦਾ ਹੈ ਜਿਸ ਵਿਚ ਛੁਤ ਛਾਤ ਤੋਂ ਮੁਕਤ ਬ੍ਰਾਬਰਤਾ,ਸਾਂਝੀਵਾਲਤਾ,ਭਾਈਵਾਲਤਾ,ਨਿਮਰਤਾ ਤੇ ਪਿਆਰ ਦਾ ਸੁੰਦੇਸ਼ ਹਰ ਇਕ ਪ੍ਰਾਣੀ ਨੂੰ ਕਿਸੇ ਮਜ਼ਬੂਬੀ ,ਜ਼ਾਤ ਪਾਤ ਅਤੇ ਲਿੰਗ ਦੇ ਵਿਤਕਰੇ ਤੋਂ ਬਿਨਾ ਅਮਲੀ ਰੂਪ ਵਿਚ ਦਿਤਾ ਜਾਂਦਾ ਹੈ । ਇਸ ਦਾ ਅਰੰਭ ਗੁਰੂ ਨਾਨਕ ਦੇਵ ਜੀ ਦੇ ਸਮੇ ਤੋਂ ਹੀ ਸ਼ੁਰੂ ਹੋ ਚੁਕਾ ਸੀ । ਗੁਰੂ ਅਮਰਦਾਸ ਜੀ ਨੇ ਤਾਂ ਇਹ ਹੁਕਮ ਜਾਰੀ ਕੀਤਾ ਹੋਇਆ ਸੀ ਕਿ 'ਪਹਿਲੇ ਪੰਗਤ ਫਿਰ ਸੰਗਤ'। ਗੁਰੂ ਮਹਾਰਾਜ ਜੀ ਦੇ ਇਸ ਹੁਕਮ ਅਨੁਸਾਰ ਹਿੰਦੁਸਤਾਨ ਦੇ ਸ਼ਹਿਨਸ਼ਾਹ ਅੱਕਬਰ ਨੇ ਵੀ ਗੋਇੰਦਵਾਲ ਦੇ ਅਸਥਾਨ ਤੇ ਗੁਰੂ ਕੀ ਪੰਗਤ ਵਿਚ ਬੈਠ ਕੇ ਲੰਗਰ ਛਕਿਆ ਸੀ । ਇਸ ਦੀ ਆਪਣੀ ਇਕ ਮਰਯਾਦਾ ਹੈ ਜਿਸ ਦਾ ਵਰਨਣ ਸਿੱਖ ਰਹਿਤਨਾਮਿਆ ਵਿਚ ਕੀਤਾ ਹੋਇਆ ਇਸ ਤਰਾਂ ਮਿਲਦਾ ਹੈ ਕਿ

'ਜੇ ਕਤਹੂੰ ਪਰਸਾਦਹਿ ਪਾਵੈ॥
ਕਰਦ ਭੇਟ ਬਿਨ ਕਬਹੂੰ ਨ ਖਾਵੈ॥
ਜੋ ਪ੍ਰਸ਼ਾਦ ਛਕਨੇ ਲਗੇ, ਹਾਥ ਸੁਚੇਤ ਕਰੇਇ॥
ਏਕਾਕੀ ਵਹ ਖਾਇ ਨਹਿ,ਅਵਰਨ ਕੋ ਭੀ ਦੇਇ॥
ਭਾਂਗ ਤਮਾਕੂ ਨਿਕਟ ਨ ਜਾਵੈ ॥
ਤਿਨ ਤੇ ਭੀ ਸੁਚਿ ਦੇਗ ਕਰਾਵੈ ॥
ਬਕਰਾ ਝਟਕਾ ਬੀਚ ਨਹਿ ਕਰੈ ॥

ਅਵਰ ਮਾਸ ਨਹਿ ਲੰਗਰ ਧਰੈ ॥
ਯਾ ਤੇ ਯਹ ਸਿਖਯਾ ਸੁਨ ਲੀਜੈ॥
ਲ਼ੰਗਰ ਮਹਿ ਨਹਿ ਮਾਸ ਅਨੀਜੈ॥
ਪ੍ਰਿਥਮ ਗੁਰੂ ਕੇ ਭੋਗ ਹਿਤ,ਭਾਂਜਨ ਸੁਧ ਮੰਗਾਇ॥
ਜੋ ਜੋ ਲੰਗਰ ਕੀਨ ਹੈ,ਸੋ ਸਬ ਤਹਾਂ ਧਰਾਇ॥
ਤਿਹ ਕਰ ਗੁਰ ਕੋ ਭੋਗ ਲਗਾਵੈ॥
ਗੁਰ ਕੋ ਰੂਪ ਰਿਦੈ ਮੋ ਧਿਆਵੈ॥
ਗੁਰੂ ਗ੍ਰੰਥ ਮੋ ਭੇਦ ਨ ਕਾਈ ॥
ਗ੍ਰੰਥ ਹੋਇ ਤੋ ਨਿਕਟਿ ਧਰਾਈ॥
ਤਾਂ ਪਾਛੇ ਖਾਲਸੇ ਬੁਲਾਵੈ॥
ਲੰਗਰ ਨਿਕਟੇ ਪਾਂਤਿ ਬਠਾਵੈ॥
ਸਮ ਬਰਤਾਰਾ ਸਭ ਕੋ ਦੇਈ॥
ਦੂਜਾ ਭਾਵ ਨ ਮਨ ਮਹਿ ਲੇਈ॥
ਸੁਧ ਭੂਮ ਵਹ ਭੋਜਨ ਪਾਵੈ॥
ਖਟੀਆ ਪਰ ਬਹਿ ਕਬੀ ਨ ਖਾਵੈ॥'
(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

ਗੁਰੂ ਗੋਬਿੰਦ ਸਿੰਘ ਜੀ ਲੰਗਰ ਦੀ ਮਰਯਾਦਾ ਨੂੰ ਬੜੀ ਸਖਤੀ ਨਾਲ ਆਪਣੇ ਖਾਲਸਾ ਪੰਥ ਵਿਚ ਲਾਗੂ ਰਖਦੇ ਸਨ ਜਿਸ ਦਾ ਵਰਨਣ 'ਸੌ ਸਾਖੀ' ਵਿਚ ਇਸ ਤਰਾਂ ਮਿਲਦਾ ਹੈ ਕਿ ਇਕ ਵਾਰ ਜਦ ਇਲਾਕੇ ਵਿਚ ਕਾਲ ਪੈ ਗਿਆ ਤਾਂ ਗੁਰੂ ਜੀ ਨੇ ਹੁਕਮ ਕੀਤਾ ਕਿ ਗਰੀਬਾਂ ਨੂੰ ਲੰਗਰ ਦੇ ਨਾਲ ਨਾਲ ਕੁਝ ਮਾਇਆ ਵੀ ਉਨ੍ਹਾਂ ਦੇ ਗੁਜ਼ਰ ਲਈ ਦਿਤੀ ਜਾਵੇ। ਸਿੱਖਾਂ ਨੇ ਗੁਰੂ ਦੇ ਹੁਕਮ ਅਨੁਸਾਰ ਬੜਾ ਖੁਲਾ ਲੰਗਰ ਚਾਲੂ ਕਰ ਦਿਤਾ । ਕੁਝ ਸਿਖਾਂ ਨੇ ਮਾਤਾ ਜੀ ਨੂੰ ਜਾ ਕੇ ਕਿਹਾ ਕਿ ਜੰਗ ਦੇ ਦਿਨ ਹਨ ਤੇ ਓਦਰ ਇਲਾਕੇ ਵਿਚ ਕਾਲ ਪਿਆ ਹੋਇਆ ਹੈ ਜਿਸ ਕਾਰਨ ਲੰਗਰ ਦੀ ਰਸਦ ਬਚਾ ਕੇ ਰਖਣੀ ਚਾਹੀ ਦੀ ਹੈ ਤਾਂ ਕਿ ਲੋੜ ਸਮੇ ਕੰਮ ਆ ਸਕੇ । ਮਾਤਾ ਜੀ ਨੇ ਲੰਗਰ ਬੰਦ ਕਰਵਾ ਦਿਤਾ । ਜਦ

ਗੁਰੂ ਗੋਬਿੰਦ ਸਿੰਘ ਜੀ ਨੂੰ ਇਸ ਦਾ ਪਤਾ ਲਗਾ ਤਾਂ ਉਨ੍ਹਾਂ ਜੋ ਵਾਕ ਆਪਣੇ ਮੁਖ ਤੋਂ ਉਚਾਰੇ ਉਹ 'ਸੌ ਸਾਖੀ' ਵਿਚ ਇਸ ਤਰਾਂ ਲਿਖੇ ਹੋਏ ਸਾਨੂੰ ਮਿਲਦੇ ਹਨ ਕਿ

'ਜਿਸਘਰਦੋਮਤੇਉਹਘਰਨਹੀਰਹਦਾਇਸਘਰਸਦਾਆਪਦਾਤੇ ਖਤ੍ਰੀਆਨੁਮਾਰੇਗਾ॥ਮੇਰਾਪੰਥਲੂਟੇਗਾ॥ਤੇਸਿਖਝਾੜਾਵਿਚਆਪਦਾਭੋਗਨਗੇ॥ਤੁਰਕਾਂਤੇਖਲੜੀਆਂਉਤਰਾਂਊਗਾ॥ਐਸਾਸਮਾਵਰਤਾਂਊਗਾ॥ਰਾਜਿਆਂਕੀਰ ਜਾਈਦੂਰਕਰੌਂਗਾ॥ਸੂਰਾਂਤੇਕਾਇਰਕਾਇਰਾਂਤੇਸੁਰਮੇ॥ਤੀਵੀਆਂ ਦੀ ਮਜੂਰੀਪੁਰਖ॥ਅਤੇਤੀਵੀਆਂਸਿਖਾਂਦੀਆਂਸਉਪਾਂਗਾਇਸੇਦੀਅਉਲਾਦਨੂ॥ਘਰਘਰਇਹਤਮਾਸਾਹੋਇਗਾ॥'

('ਸੌ ਸਾਖੀ' ਸਾਖੀ ੨੩)

ਜਦ ਸਿੱਖਾਂ ਨੇ ਅਰਦਾਸ ਬੇਂਨਤੀ ਕਰਕੇ ਆਪਣੇ ਆਪ ਤੇ ਮਾਤਾ ਜੀ ਲਈ ਬਖਸ਼ਿਸ ਕਰਵਾਈ ਤਾਂ ਸਾਹਿਬਾਂ ਨੇ ਫੁਰਮਾਇਆ ਕਿ ਤੁਰੰਤ ਲੰਗਰ ਚਾਲੂ ਕਰੋ।

'ਲੰਗਰ ਚਲੇ ਗਾ ਤਾਂ ਸ੍ਰਾਪ ਨ ਆਵੈਗਾ॥ ਲੰਗਰ ਅਟਕਾ॥ਸ੍ਰਾਪ ਖਟਕਾ'॥

(ਸੌ ਸਾਖੀ)

ਸ਼ਰੋਮਣੀ ਗੁਰਦੁਆਰਾ ਵਲੋਂ ਪ੍ਰਕਾਸਤ ਰਹਿਤ ਮਰਯਾਦਾ ਵਿਚ ਲੰਗਰ ਬਾਰੇ ਇਸ ਤਰਾਂ ਲਿਖਿਆ ਮਿਲਦਾ ਹੈ ਕਿ

(ੳ)ਗੁਰੂ ਕਾ ਲੰਗਰ:-ਇਸ ਦੇ ਦੋ ਭਾਵ ਹਨ:ਇਕ ਸਿੱਖ ਨੂੰ ਸੇਵਾ ਸਿਖਾਉਣਾ,ਦੂਜਾ ਊਚ-ਨੀਚ,ਛੂਤ-ਛਾਤ ਦਾ ਭਰਮ ਮਿਟਾਉਣਾ।

(ਅ)ਗੁਰੂ ਕੇ ਲੰਗਰ ਵਿਚ ਬੈਠ ਕੇ ਊਚ-ਨੀਚ,ਕਿਸੇ ਜ਼ਾਤ ਜਾਂ ਵਰਣ ਦਾ ਪ੍ਰਾਣੀ ਪ੍ਰਸਾਦ ਛਕ ਸਕਦਾ ਹੈ।ਪੰਗਤ ਵਿਚ ਬਿਠਾਣ ਲਗਿਆਂ ਕਿਸੇ ਦੇਸ,ਵਰਣ,ਜ਼ਾਤਿ ਜਾਂ ਮਜ਼੍ਹਬ ਦਾ ਵਿਤਕਰਾ ਨਹੀਂ ਕਰਨਾ।ਹਾਂ,ਇਕ ਥਾਲੀ ਵਿਚ ਕੇਵਲ ਅੰਮ੍ਰਿਤਧਾਰੀ ਸਿੱਖ ਹੀ ਛੱਕ ਸਕਦੇ ਹਨ ।

ਲੰਗਰ ਦੀ ਜੋ ਮਰਯਾਦਾ ਅਜ ਕਲ ਚਲ ਰਹੀ ਹੈ ਉਸ ਤੇ ਅਸੀਂ ਕੋਈ ਟਿਪਣੀ ਨਹੀਂ ਕਰਨਾ ਚਾਹੁੰਦੇ ਕਿਉਂਕਿ ਅਜ ਕਲ ਕਈ ਗੁਰਦੁਆਰਿਆ ਵਿਚ ਲੰਗਰ ਦੀ ਜਿਸ ਢੰਗ ਨਾਲ ਮਰਯਾਦਾ ਤੋੜੀ ਜਾ ਰਹੀ ਹੈ ਉਹ ਹਰ ਸਿੱਖ ਦੀਆਂ ਅੱਖਾਂ ਸਾਹਮਣੇ ਹੀ ਹੈ ਕਿ ਕੁਝ ਗੁਰੂ ਘਰਾਂ ਵਿਚ ਲੰਗਰ ਥਾਲੀਆਂ ਦੇ ਰੂਪ ਵਿਚ ਹੋਟਲਾਂ ਦੀ ਤਰਜ਼ ਤੇ ਤਿਆਰ ਕੀਤਾ ਜਾਂਦਾ ਹੈ ਤੇ ਫਿਰ ਵਰਤਾਇਆ ਜਾਂਦਾ ਹੈ।

# ਗੁਰਬਾਣੀ ਵਿਚ ਤਬਦੀਲੀ ਸ਼ੁਰੂ

ਸਿੱਖਾਂ ਨੂੰ ਕੰਮਜ਼ੋਰ ਕਰਨ ਵਾਸਤੇ ਸਿੱਖਾਂ ਨੂੰ ਗੁਰਬਾਣੀ ਤੋਂ ਤੋੜਣ ਤੇ ਦੂਰ ਕਰਨ ਲਈ ਅੰਗਰੇਜ਼ ਨੇ ਇਕ ਖਾਸ ਨੀਤੀ ਤਿਆਰ ਕੀਤੀ ਹੋਈ ਸੀ । ਇਸ ਸਬੰਧੀ ਅੰਗਰੇਜ਼ ਸਰਕਾਰ ਨੇ ਸਿੱਖ ਮੀਡੀਆਂ,ਸਿੱਖ ਲਿਖਾਰੀਆਂ,ਪਰਚਾਰਕਾਂ, ਰਾਗੀਆਂ ਢਾਢੀਆਂ, ਕਥਾਵਾਚਕਾਂ ਤੇ ਗ੍ਰੰਥੀਆਂ ਆਦਿ ਨੂੰ ਆਪਣੀ ਮਰਜ਼ੀ ਮੁਤਾਬਕ ਤੋਰਣ ਦੇ ਯਤਨ ਕੀਤੇ ਹੋਏ ਸਨ ।ਸ਼ੁਰੂ ਵਿਚ ਇਸ ਮੰਤਵ ਲਈ ਸ. ਤੇਜਾ ਸਿੰਘ ਭਸੌੜ ਦੀਆਂ ਸੇਵਾਵਾਂ ਲੀਤੇ ਜਾਣ ਦਾ ਪਤਾ ਲਗਦਾ ਹੈ । ਸ. ਤੇਜਾ ਸਿੰਘ ਭਸੌੜ ਇਕ ਪ੍ਰਕਾਰ ਦਾ ਅੰਗਰੇਜ਼ ਸਰਕਾਰ ਦਾ ਕਰਮਚਾਰੀ ਸੀ ਜਿਸ ਨੂੰ ਸਿੱਖ ਦੁਸ਼ਮਣੀ ਲਈ ਬਾਕਾਇਦਾ ਆਰਥਕ ਸਹਾਇਤਾ ਦਿਤੇ ਜਾਣ ਦਾ ਪਤਾ ਚਲਦਾ ਹੈ । ਅੰਗਰੇਜ਼ ਸਰਕਾਰ ਦੀ ਸਹਾਇਤਾ ਨਾਲ ਉਹ ਇਕ ਸਕੂਲ ਤੇ ਪਰਿੰਟਿੰਗ ਪ੍ਰੈਸ ਵੀ ਚਲਾ ਰਿਹਾ ਸੀ । ਅੰਗਰੇਜ਼ ਇਹ ਮਹਿਸੂਸ ਕਰਦੇ ਸਨ ਕਿ ਸਿੱਖ ਆਪਣੀ ਰਾਜਸੀ, ਸਮਾਜਕ ਤੇ ਵਿਹਾਰਕ ਸ਼ਕਤੀ ਗੁਰਬਾਣੀ ਤੋਂ ਪ੍ਰਾਪਤ ਕਰ ਦੇ ਹਨ ਜਿਸ ਦਾ ਮੇਨ ਧੁਰਾ ਮਾਨਸਕ ਤੇ ਆਤਮੁਕ ਉਚਤਾ ਦੇ ਦੁਆਲੇ ਘੁਮਦਾ ਹੈ । ਇਸ ਲਈ ਸਿੱਖਾਂ ਵਿਚ ਕੁਰੀਤੀਆਂ ਤੇ ਭ੍ਰਿਸ਼ਟਾਚਾਰ ਧਸੌੜਣ ਲਈ ਇਹ ਜਰੂਰੀ ਹੈ ਕਿ ਸਿੱਖਾਂ ਦੇ ਮਨਾਂ ਵਿਚ ਗੁਰਬਾਣੀ ਬਾਰੇ ਸ਼ਕੂਕ ਪੈਦਾ ਕੀਤੇ ਜਾਣ ਤੇ ਗੁਰਬਾਣੀ ਨੂੰ ਜਿਥੋਂ ਕਿ ਇਹ ਆਤਮਕ ਸ਼ਕਤੀ ਪ੍ਰਾਪਤ ਕਰਦੇ ਹਨ ਉਸ ਨੂੰ ਘਟਾਇਆ ਤੇ ਤੋੜਿਆਂ ਮੜੋਰਿਆ ਜਾਵੇ । ਇਸ ਮੰਤਵ ਵਿਚ ਸ. ਤੇਜਾ ਸਿੰਘ ਭਸੌੜ ਨੇ ਅੰਗਰੇਜ਼ ਸਰਕਾਰ ਦੀ ਕਾਫੀ ਸਹਾਇਤਾ ਕੀਤੇ ਜਾਣ ਦਾ ਪਤਾ ਚਲਦਾ ਹੈ ।ਸਭ ਤੋਂ ਪਹਿਲਾਂ ਸਿੱਖਾਂ ਦੀਆਂ ਉਨ੍ਹਾਂ ਬਾਣੀਆਂ ਨੂੰ ਨਿਸ਼ਾਨਾ ਬਣਾਇਆ ਗਿਆਂ ਜਿਹੜੀਆਂ ਕਿ ਅੰਮ੍ਰਿਤ ਤਿਆਰ ਕਰਨ ਸਮੇਂ ਪੜ੍ਹੀਆਂ ਜਾਂਦੀਆਂ ਹਨ ਤੇ ਨਿਤਨੇਮ ਵਿਚ ਸ਼ਾਮਲ ਹਨ ।ਸਿੱਖ ਇਤਹਾਸ ਅਨੁਸਾਰ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਜਦ ਅੰਮ੍ਰਿਤ ਤਿਆਰ ਕੀਤਾ ਸੀ ਤਾਂ ਅੰਮ੍ਰਿਤ ਤਿਆਰ ਕਰਨ ਤੋਂ ਪਹਿਲਾਂ ਮਹਾਰਾਜ ਜੀ ਨੇ ਚੰਡੀ ਦੀ ਵਾਰ ਦਾ ਪਾਠ ਕੀਤਾ ਸੀ । ਇਸ ਬਾਣੀ ਦੇ ਪਾਠ ਨੂੰ ਬਿਲਕੁਲ ਹੀ ਹਟਾ ਦਿਤਾ ਗਿਆ । ਅੰਮ੍ਰਿਤ ਤਿਆਰ ਕਰਨ ਸਮੇ 'ਬੇਂਨਤੀ ਚੌਪਈ' ਦਾ ਪਾਠ ਵੀ ਕੀਤਾ ਜਾਂਦਾ ਹੈ ਤੇ ਇਹ ਬਾਣੀ ਨਿਤਨੇਮ ਦੀਆਂ ਬਾਣੀਆਂ ਵਿਚ ਵੀ ਰਹਿਰਾਸ ਦੇ ਨਾਲ ਪੜ੍ਹੀ ਜਾਂਦੀ ਹੈ । ਇਸ ਬਾਣੀ ਦੀਆਂ ੨੭ ਪਉੜੀਆਂ ਤੇ ਇਕ ਅੜਿਲ ਹੈ ਜਿਸ ਨੂੰ ਸ਼ਾਮਲ ਕਰਨ ਨਾਲ ਇਸ ਦੀਆਂ ੨੯ ਪਉੜੀ ਬਣ ਜਾਂਦੀਆਂ ਹਨ । ਜੇ ਕਰ ਅਗਲੀ ਚੌਪਈ ਜਿਸ ਵਿਚ ਬਾਣੀ ਦੇ ਰਚਨ ਕਾਲ ਤੇ ਅਸਥਾਨ ਦਾ ਵਰਨਣ ਕੀਤਾ ਗਿਆ ਹੈ ਸ਼ਾਮਲ ਕਰ ਲਈਏ ਤਾਂ ਇਹ ਗਿਣਤੀ ੨੯ ਤਕ ਪੁਜ ਜਾਂਦੀ ਹੈ । ਇਹ ਬਾਣੀ ਦਸਮ ਗ੍ਰੰਥ ਵਿਚ ਚਰਿਤ੍ਰੋ ਪਖਿਆਨ  ਦੀ ਆਖਰੀ ਬਾਣੀ ਹੈ ਜਿਸ ਦਾ ਅੰਗ ਨੰਬਰ ੩੭੬ ਤੋਂ ਸ਼ੁਰੂ ਹੋ ਕੇ ੪੦੫ ਤੇ ਸਮਾਪਤ ਹੁੰਦਾ ਹੈ । ਇਸ ਬਾਣੀ ਨੂੰ ਘਟਾ ਕੇ ਕੇਵਲ ੨੫ਵੇਂ ਅੰਗ ਤੇ ਹੀ

ਸਮਾਪਤ ਕਰ ਦਿਤਾ ਗਿਆ ਹੈ । ਇਸ ਦੀ ਸਭ ਤੋਂ ਪਹਿਲਾਂ ਤਬਦੀਲੀ ਸ. ਤੇਜਾ ਸਿੰਘ ਭਸੌੜੀਏ ਦੇ ਲੜਕੇ ਰਾਮ ਸਿੰਘ ਨੇ ਦਸਮ ਗ੍ਰੰਥ ਨਿਰਣੇ ਵਿਚ ਕੀਤੀ ਹੋਈ ਮਿਲਦੀ ਹੈ । ਇਸ ਤੋਂ ਪਹਿਲਾਂ ਕਿਸੇ ਵੀ ਲਿਖਤ ਵਿਚ ਇਹ ਤਬਦੀਲੀ ਨਹੀਂ ਮਿਲਦੀ ਪਰ ਅਜ ਇਹ ਬਾਣੀ 'ਚੌਪਈ ਬੇਂਨਤੀ' ਤਕਰੀਬਨ ਹਰ ਛਪੇ ਹੋਏ ਗੁਟਕੇ ਵਿਚ ੨੫ ਵੇਂ ਅੰਗ ਤਕ ਹੀ ਲਿਖੀ ਹੋਈ ਮਿਲਦੀ ਹੈ । ਕੇਵਲ ਨਿਹੰਗ ਸਿੰਘਾਂ ਜਾਂ ਕੁਝ ਸੰਪਰਦਾਵਾਂ ਵਲੋਂ ਛਾਪੇ ਗਏ ਗੁਟਕਿਆ ਵਿਚ ਇਸ ਦਾ ਪੂਰਨ ਸਰੂਪ ਮਿਲਦਾ ਹੈ । ਇਸ ਬਾਰੇ ਦਸਿਆ ਜਾਂਦਾ ਹੈ ਕਿ ਜਿਥੇ ਇਹ ਬਾਣੀ ਪਹਿਲਾਂ ਤੇਜਾ ਸਿੰਘ ਭਸੌੜ ਦੇ ਛਾਪੇ ਖਾਨੇ ਵਿਚ ਘਟਾਈ ਗਈ ਉਥੇ ਜਦ ਤੇਜਾ ਸਿੰਘ ਭਸੌੜ ਦਾ ਇਕ ਸਾਥੀ ਸਰਕਾਰੀ ਸਹਾਇਤਾ ਨਾਲ ਗਿਆਨੀ ਕਰਤਾਰ ਸਿੰਘ ਕਲਸੀਵਾਲੀਆ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਹੈਡ ਗ੍ਰੰਥੀ ਦੀ ਪਦਵੀ ਤੇ ਲਗਾ ਤਾਂ ਉਸ ਨੇ ਵੀ ਸ.ਤੇਜਾ ਸਿੰਘ ਦੇ ਇਸ਼ਾਰੇ ਤੇ ਚੌਪਈ ਬੇਂਨਤੀ ਵਿਚ ਆਖਰੀ ਪਉੜੀਆਂ ਘਟਾ ਕੇ ਇਸ ਨੂੰ ੨੫ ਪਉੜੀਆਂ ਤਕ ਸੀਮਤ ਕਰ ਦਿਤਾ । ਇਹ ਕੁਰੀਤੀ ਹੁਣ ਤਕ ਨਿਤਨੇਮ ਦੇ ਹਰ ਗੁਟਕੇ ਵਿਚ ਵੇਖੀ ਜਾ ਸਕਦੀ ਹੈ । ਇਸੇ ਤਰਾਂ ਰਹਿਰਾਸ ਨੂੰ ਵੀ ਛੋਟੀ ਕਰ ਦਿਤਾ ਗਿਆ ਹੈ । ਅਨੰਦ ਸਾਹਿਬ ਜੀ ਦੀਆਂ ੪੦ ਪਉੜੀਆਂ ਦੇ ਪਾਠ ਦੀ ਬਜਾਏ ਹੁਣ ਕੇਵਲ ਪਹਿਲਆਂ ਪੰਜ ਪਉੜੀਆਂ ਤੇ ਆਖਰੀ ੪੦ਵੀਂ ਪਉੜੀ ਦੇ ਪਾਠ ਦਾ ਹੀ ਰਵਾਜ਼ ਪਾ ਦਿਤਾ ਗਿਆ ਹੈ । ਇਸ ਤੋਂ ਬਿਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਲਿਖੇ ਹੋਏ ਦੋਹਰੇ ਨਾਲੋਂ ਮਹਲਾ ੧੦ ਵੀ ਖਤਮ ਕਰ ਦਿਤਾ ਗਿਆ ਹੈ ਜਦ ਕਿ ਪੂਰਾਤਨ ਹੱਥ ਲਿਖਤ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਵਿੱਚ ਇਹ ਦੋਹਰਾ ਇਸ ਤਰਾਂ ਲਿਖਿਆਂ ਮਿਲਦਾ ਹੈ ਕਿ

" ॥ਦੋਹਰਾਮ:੧੦॥ ੧ੴ ਸੇਤਿਗੁਰਪ੍ਰਸਾਦਿ ॥
ਬਲਿਹਉਬੰਦਨਛੁਟੇਸਭਕੁਛਹੋਤਉਪਾਇ॥
ਕਉਨਾਨਕਸਭਿਕਿਛੁਤੁਮਰੇਹਾਥਮੇਤੁਮਹੀਹੋਇਸਹਾਇ॥"
(੧੯ਵੀਂ ਸਦੀ ਈ.ਦੀ ਲਿਖੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੱਥ ਲਿਖਤ ਬੀੜ ਵਿੱਚੋਂ)

# ਹੱਥ ਲਿਖਤ ਬੀੜ ਸਾਹਿਬ ਦੇ ਸਬੰਧਤ ਅੰਗ ਦੀ ਫੋਟੋ ਕਾਪੀ



ਹੁਣ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ ਬਾਣੀ ਜਪੁ ਜੀ ਸਾਹਿਬ ਦੀਆਂ ਵੀ ਆਖਰੀ ਦੋ ਪਉੜੀਆਂ ਘਟਾਉਣ ਦੀ ਚਰਚਾ ਚਲਾਈ ਜਾ ਰਹੀ ਹੈ । ਬਾਣੀ ਨੂੰ ਇਸ ਤਰਾਂ ਘਟਾਉਣ ਦਾ ਕਾਰਨ ਇਹ ਦਸਿਆ ਜਾਂਦਾ ਹੈ ਕਿ ਬਾਣੀ ਦਾ ਸੰਪੂਰਨ ਰੂਪ ਵਿਚ ਹੀ ਪਾਠ ਕਰਨ ਨਾਲ ਪਾਠ ਕਰਨ ਵਾਲੇ ਨੂੰ ਆਤਮਕ ਉਚਤਾ ਦਾ ਲਾਭ ਪ੍ਰਾਪਤ ਹੋ ਸਕਦਾ ਹੈ ਕਿਉਂਕਿ ਗੁਰੂ ਨਾਨਕ ਦੇਵ ਜੀ ਦਾ ਆਸਾ ਦੀ ਵਾਰ ਵਿਚ ਇਹ ਕਥਨ ਹੈ ਕਿ

“ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥
ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ॥”
(ਆਸਾ ਦੀ ਵਾਰ)

ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖਾਂ ਨੂੰ ਸਮਝਾਉਣ ਲਈ ਕਿਰਸਾਨੀ ਦੀ ਉਧਾਰਨਾ ਦਿਤੀ ਹੈ ਕਿ ਜਿਸ ਤਰਾਂ ਕਿਸੇ ਖੇਤ ਵਿਚ ਸਾਬਤ ਬੀਜ ਬੀਜਿਆ ਜਾਂਦਾ ਹੈ ,ਕੋਈ ਵੀ ਕਿਰਸਾਨ ਬੀਜ ਨੂੰ ਦੋਫਾੜ ਕਰ ਕੇ ਉਸ ਦੀ ਦਾਲ ਬਣਾ ਕੇ ਨਹੀਂ ਬੀਜਦਾ ਕਿਉਂਕਿ ਦਾਲ ਕਦੇ ਵੀ ਉਗਾਈ ਨਹੀਂ ਜਾ ਸਕਦੀ । ਕੇਵਲ ਸਾਬਤ ਬੀਜ ਹੀ ਉਗਦਾ ਹੈ । ਇਸੇ ਤਰਾਂ ਮਨ ਰੂਪੀ ਖੇਤੀ ਵਿਚ ਬਾਣੀ ਦਾ ਪਰਵੇਸ਼ ਕਰਵਾਉਣ ਲਈ ਪੂਰੀ ਬਾਣੀ ਦਾ ਹੀ ਪਾਠ ਕਰਨ ਨਾਲ ਆਤਮਕ ਫਲ ਦੀ ਪ੍ਰਾਪਤੀ ਹੋ ਸਕਦੀ ਹੈ । ਅਧੂਰੀ ਬਾਣੀ ਪੜ੍ਹਣ ਨਾਲ ਜਾਂ ਨਾ ਬਾਣੀ ਪੜ੍ਹਣ ਨਾਲ ਆਤਮਕ ਉਚਤਾ ਨੂੰ ਪ੍ਰਾਪਤ ਕਰਨਾ ਕਠਨ ਹੈ । ਸੰਪੂਰਨ ਰੂਪ ਵਿਚ ਸੁਧ ਬਾਣੀ ਹੀ ਵਾਹਿਗੁਰੂ ਅਕਾਲ ਪੁਰਖ ਦਾ ਸਿਮਰਨ ਹੈ ਜਿਸ ਨੂੰ ਗੁਰੂ ਸਾਹਿਬ ਮਨੁਖੀ ਮਨ ਦੀ ਖੁਰਾਕ ਦਸਦੇ ਹਨ ਕਿ “ਮਨ ਕਾ ਤੋਸਾ ਹਰਿਨਾਮੁ ਹੈ” । ਜਿਸ ਤਰਾਂ ਪੂਰੀ ਖੁਰਾਕ ਹੀ ਸਾਡੇ ਸਰੀਰ ਲਈ ਜਰੂਰੀ ਹੈ ਉਸੇ ਤਰਾਂ ਬਾਣੀ ਵੀ ਸੰਪੂਰਨ ਰੂਪ ਵਿਚ ਸਾਡੇ ਮਨ ਲਈ ਜਰੂਰੀ ਹੈ । ਇਹੀ ਕਾਰਨ ਸੀ ਕਿ ਸਤਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੇ ਆਪਣੇ ਵੱਡੇ ਸਾਹਿਬਜ਼ਾਦੇ ਬਾਬਾ ਰਾਮ ਰਾਇ ਜੀ ਨੂੰ ਗੁਰੂ ਘਰ ਵਿਚੋਂ ਕੇਵਲ ਇਕ ਅੱਖਰ ਗੁਰਬਾਣੀ ਦਾ ਬਦਲਣ ਕਾਰਨ ਛੇਕ ਦਿਤਾ ਸੀ ਤੇ ਸਾਰੀ ਉਮਰ ਉਸ ਨੂੰ ਮੁੰਹ ਨਹੀਂ ਲਾਇਆ ਸੀ ਪਰ ਅਜ ਅਸੀਂ ਗੁਰਬਾਣੀ ਦੇ ਕਈ ਸ਼ਬਦ ਹੀ ਆਪਣੇ ਨਿਜੀ ਸਵਾਰਥਾਂ ਲਈ ਬਦਲੀ ਜਾ ਰਹੇ ਹਾਂ ਜਿਸ ਨਾਲ ਸਿੱਖੀ ਵਿਚੋਂ ਆਤਮਕ ਸ਼ਕਤੀ ਅਲੋਪ ਹੁੰਦੀ ਜਾ ਰਹੀ ਹੈ । ਇਥੋਂ ਤਕ ਕਿ **ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਕਈ ਅਧਿਕਾਰੀ ਗੁਰੂ ਨਾਨਕ ਦੇਵ ,ਗੁਰੂ ਅੰਗਦ ਦੇਵ ਅਤੇ ਗੁਰੂ ਅਰਜਨ ਦੇਵ ਦੇ ਨਾਵਾਂ ਨਾਲੋਂ ਦੇਵ ਸ਼ਬਦ ਹੀ ਹਟਾ ਰਹੇ ਹਨ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਕਾਸ਼ਤ ਗੁਟਕਿਆਂ ਵਿਚ ਦੇਖੇ ਜਾਂ ਅਣਦੇਖੇ ਰੂਪ ਵਿਚ ਅਸ਼ੁਧ ਬਾਣੀ ਦੇ ਕਈ ਸ਼ਬਦ ਲਿਖੀ ਜਾ ਰਹੇ ਹਾਂ । ਇਸੇ ਤਰਾਂ ਦਸਮ ਗ੍ਰੰਥ ਦਾ ਪ੍ਰਕਾਸ ਜੋ ਕਿ ਉਸ ਸਮੇ ਹਰਿਮੰਦਰ ਸਾਹਿਬ ,ਅੰਮ੍ਰਿਤਸਰ ਤੇ ਸ੍ਰੀ ਅਕਾਲ ਤਖਤ ਸਾਹਿਬ ਕੀਤਾ ਜਾਂਦਾ ਸੀ ਸਨ ੧੯੩੨ ਵਿਚ ਅੰਗਰੇਜ਼ ਦੇ ਇਸ਼ਾਰੇ ਤੇ ਇਹ ਕਹਿ ਕੇ ਬੰਦ ਕਰ ਦਿਤਾ**

**ਗਿਆ ਕਿ ਗੁਰੂ ਗ੍ਰੰਥ ਸਾਹਿਬ ਦੇ ਬ੍ਰਾਬਰ ਹੋਰ ਕਿਸੇ ਗ੍ਰੰਥ ਦਾ ਪ੍ਰਕਾਸ਼ ਨਹੀਂ ਹੋ ਸਕਦਾ।ਇਹ ਪ੍ਰਚਾਰ ਤੇ ਇਹ ਰੁਚੀ ਹੁਣ ਤਕ ਚਲਦੀ ਆ ਰਹੇ ਹੈ ਜਦ ਕਿ ਕੁਝ ਸ਼ਰਾਰਤੀ ਅਨਾਸਰ ਤਖਤ ਸ੍ਰੀ ਜਨਮ ਅਸਥਾਨ ਪਟਨਾ ਸਾਹਿਬ ਤੇ ਤਖਤ ਸ੍ਰੀ ਸੱਚ ਖੰਡ ਹਜ਼ੂਰ ਸਾਹਿਬ ਅਤੇ ਹੋਰ ਗੁਰਦੁਆਰਿਆਂ ਵਿਚ ਦਸਮ ਗ੍ਰੰਥ ਦਾ ਪ੍ਰਕਾਸ ਬੰਦ ਕਰਵਾਉਣ ਲਈ ਇਹੀ ਪ੍ਰਚਾਰ ਕਰ ਰਹੇ ਹਨ । ਇਸ ਤਰਾਂ ਕਰਨ ਨਾਲ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੀ ਗੁਰਬਾਣੀ ਤੋਂ ਮੁਨਕਰ ਹੋ ਰਹੇ ਹਾਂ । ਇਹ ਸਾਡੀ ਇਤਨੀ ਵੱਡੀ ਭੁਲ ਹੈ ਕਿ ਅਸੀਂ ਮੀਰੀ ਪੀਰੀ ਅਤੇ ਸੰਤ ਸਿਪਾਹੀ ਦੇ ਸਿੱਧਾਂਤ ਤੋਂ ਅਮਲੀ ਤੌਰ ਤੇ ਭਟਕਦੇ ਜਾ ਰਹੇ ਹਾਂ ।**

# ਅਕਾਲ ਤਖਤ ਸਾਹਿਬ ਨੂੰ ਅਸ਼ਰਧੱਕ ਬਣਾਉਣ ਦੀ ਯੋਜਨਾ

ਗੁਰੂ ਹਰਿਗੋਬਿੰਦ ਸਾਹਿਬ ਜੀ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਦੀ ਊਸਾਰੀ ਉਸ ਸਮੇ ਦੇ ਦਿੱਲੀ ਦੇ ਮੁਗ਼ਲ ਤਖਤ ਨਾਲੋਂ ਉੱਚੀ ਕੀਤੀ ਗਈ ਸੀ ਕਿ ਇਹ ਤਖਤ ਸਾਹਿਬ ਸ੍ਰੀ ਅਕਾਲ ਪੁਰਖ ਨੇ ਉਨ੍ਹਾਂ ਨੂੰ ਹੁਕਮ ਦੇ ਕੇ ਆਪਣੇ ਨਾਮ ਦਾ ਬਣਵਾਇਆ ਹੈ। ਸਿੱਖ ਇਤਹਾਸ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਜੀ ਆਪ ਇਸ ਅਕਾਲ ਦੇ ਤਖਤ ਤੇ ਬਿਰਾਜਨਾ ਹੋਣਾ ਨਹੀਂ ਚਾਹੁੰਦੇ ਸਨ ਪਰ ਅਕਾਲ ਪੁਰਖ ਦਾ ਹੁਕਮ ਉਨ੍ਹਾਂ ਨੂੰ ਮਨਣਾ ਪਿਆ ਸੀ ਤੇ ਉਹ ਹਮੇਸ਼ਾਂ ਹੀ ਬੀਰ ਆਸਨ ਵਿਚ ਸ੍ਰੀ ਅਕਾਲ ਤਖਤ ਸਾਹਿਬ ਤੇ ਬਿਰਾਜਿਆ ਕਰਦੇ ਦਸੇ ਗਏ ਹਨ । ਉਨ੍ਹਾ ਤੋਂ ਪਿਛੋਂ ਉਥੇ ਕੇਵਲ ਉਨ੍ਹਾਂ ਦੇ ਸ਼ਸਤਰ ਹੀ ਰਖਣ ਦਾ ਹੁਕਮ ਦਸਿਆ ਜਾਂਦਾ ਹੈ । ਸ੍ਰੀ ਅਕਾਲ ਤਖਤ ਸਾਹਿਬ ਦੇ ਅਰੰਭ ਕਾਲ ਤੋਂ ਹੀ ਇਥੇ ਜੋ ਵੀ ਗੁਰਮਤਾ ਹੋਇਆ ਉਸ ਨੂੰ ਸਮੁਚੇ ਪੰਥ ਨੇ ਹਮੇਸ਼ਾ ਹੀ ਪਰਵਾਨ ਕੀਤਾ ਹੈ । ਇਥੋਂ ਜਾਰੀ ਮਰਯਾਦਾ ਅਨਕੂਲ ਹੁਕਮ ਨਾਮਾ ਸਾਰੇ ਪੰਥ ਤੇ ਲਾਗੂ ਸਮਝਿਆ ਜਾਂਦਾ ਹੈ । ਸਿੱਖੀ ਦੀ ਕੋਈ ਮਰਯਾਦਾ ਭੰਗ ਕਰਨ ਵਾਲੇ ਸਿੱਖ ਨੂੰ ਇਥੋਂ ਤਨਖਾਹ ਵੀ ਲਾਈ ਜਾਂਦੀ ਹੈ ਜਿਸ ਨੂੰ ਹਰ ਸਿੱਖ ਖਿੜੇ ਮੱਥੇ ਪ੍ਰਵਾਨ ਕਰਦਾ ਹੈ । ਦੁਜੇ ਮਜ਼ਹਬ ਸਿੱਖਾਂ ਦੀ ਇਸ ਮਰਯਾਦਾ ਤੋਂ ਹੈਰਾਨ ਹੁੰਦੇ ਹਨ ਕਿ ਸ੍ਰੀ ਅਕਾਲ ਤਖਤ ਸਾਹਿਬ ਪਾਸ ਆਪਣਾ ਹੁਕਮ ਲਾਗੂ ਕਰਨ ਲਈ ਕੋਈ ਪੁਲੀਸ ਜਾਂ ਫੌਜ ਦੀ ਸ਼ਕਤੀ ਨਹੀਂ ਹੈ ਪਰ ਫਿਰ ਵੀ ਇਸ ਦੇ ਹੁਕਮ ਸਨਮੁਖ ਹਰ ਸਿੱਖ ਆਪਣਾ ਸਿਰ ਝੁਕਾਉਂਦਾ ਹੈ । ਇਸ ਅਸਥਾਂਨ ਉਤੇ ਮਹਾਰਾਜਾ ਰਣਜੀਤ ਸਿੰਘ ਦੇ ਸਮੇ ਤਕ ਸਿੱਖ ਰਹਿਤ ਮਰਯਾਦਾ ਦਾ ਬੜਾ ਖਿਆਲ ਰਖਿਆ ਜਾਂਦਾ ਸੀ । ਧਾਰਮਕ ਕਾਰਜਾਂ ਵਿੱਚ ਰਾਜਸੀ ਦਖਲ ਨਹੀਂ ਦਿਤਾ ਜਾਂਦਾ ਸੀ ਸਗੋਂ ਰਾਜਨੀਤੀ ਨੂੰ ਧਰਮ ਅਧੀਨ ਚਲਾਉਣ ਦੇ ਯਤਨ ਪੂਰੀ ਤਰਾਂ ਕੀਤੇ ਜਾਂਦੇ ਸਨ । ਇਸ ਸਮੇ ਗੁਰਦੁਆਰਾ ਪਰਬੰਧ ਨੂੰ ਸਿੱਖ ਰਹਿਤ ਮਰਯਾਦਾ ਦੇ ਅਨਕੂਲ ਚਲਾਉਣ ਲਈ ਸਰਦਾਰ ਲਹਿਣਾ ਸਿੰਘ ਮਜੀਠੀਆ ਨੂੰ ਨਿਯੁਕਤ ਕੀਤਾ ਹੋਇਆ ਸੀ । ਸਰਦਾਰ ਮਜੀਠੀਆ ਸਿੱਖ ਰਹਿਤ ਮਰਯਾਦਾ ਦੇ ਬੜੇ ਗਿਆਨੀ ਸਨ ਤੇ ਉਹ ਬੜੀ ਸਖਤੀ ਨਾਲ ਮਰਯਾਦਾ ਨੂੰ ਲਾਗੂ ਕਰਵਾਈ ਜਾ ਰਹੇ ਸਨ । ਸ੍ਰੀ ਅਕਾਲ ਤਖਤ ਸਾਹਿਬ ਜੀ ਤੋਂ ਜਾਰੀ ਹੋਏ ਹੁਕਮਨਾਮਿਆਂ ਨੂੰ ਹਰ ਸਿੱਖ ਗੁਰੂ ਦਾ ਹੁਕਮ ਸਮਝ ਕੇ ਖਿੜੇ ਮੱਥੇ ਪ੍ਰਵਾਣ ਕਰਦਾ ਸੀ । ਸਿੱਖਾਂ ਦੀ ਇਸ ਮਰਯਾਦਾ ਤੋਂ ਲਾਭ ਲੈਣ ਲਈ ਅੰਗਰੇਜ਼ ਸਰਕਾਰ ਨੇ ਇਹ ਰਾਹ ਅਪਣਾਇਆ ਹੋਇਆ ਸੀ ਕਿ ਸ੍ਰੀ ਅਕਾਲ ਤਖਤ ਸਾਹਿਬ ਦਾ ਕੰਟਰੌਲ ਸਿੱਖਾਂ ਰਾਹੀ ਆਪਣੇ ਅਧੀਨ ਕਰ ਕੇ ਆਪਣੇ ਹਿਤਾਂ ਲਈ ਇਥੋਂ ਹੁਕਮਨਾਮੇ ਜਾਰੀ ਕਰਵਾਏ ਜਾਣ । ਪੰਜਾਬ ਤੇ ਕਬਜ਼ਾ ਕਰਨ ਉਪਰੰਤ ਅੰਗਰੇਜ਼ ਸਰਕਾਰ ਨੇ ਰਾਜਾ ਤੇਜ਼ਾ ਸਿੰਘ ਰਾਹੀਂ ਗੁਰਦੁਆਰਿਆਂ ਦੇ ਪ੍ਰਬੰਧ ਅਤੇ ਸ੍ਰੀ ਅਕਾਲ ਤਖਤ

ਸਾਹਿਬ ਦੀ ਮਰਯਾਦਾ ਉਤੇ ਆਪਣਾ ਕੰਟਰੋਲ ਅਰੰਭ ਕਰ ਦਿਤਾ ਸੀ । ਰਾਜਾ ਤੇਜ਼ਾ ਸਿੰਘ ਨੇ ਸਿੱਖਾਂ ਤੇ ਅੰਗਰੇਜ਼ਾਂ ਦੀਆਂ ਲੜਾਈਆਂ ਵਿੱਚ ਖਾਲਸਾ ਫੌਜ ਨਾਲ ਗਦਾਰੀ ਕਰ ਕੇ ਅੰਗਰੇਜ਼ ਸਰਕਾਰ ਦੀ ਸਹਾਇਤਾ ਕੀਤੀ ਸੀ ਜਿਸ ਕਾਰਨ ਉਸ ਦੀ ਰਾਇ ਨੂੰ ਬੜਾ ਮਹੱਤਵ ਦਿਤਾ ਜਾਂਦਾ ਸੀ ਤੇ ਸਿਖਾਂ ਵਿੱਚ ਧੜੇ ਬੰਦੀ ਪੈਦਾ ਕਰ ਕੇ ਪਾੜੋ ਤੇ ਰਾਜ ਕਰੋ ਦੀ ਨੀਤੀ ਅਪਣਾਈ ਜਾ ਰਹੀ ਸੀ । ਅੰਗਰੇਜ਼ ਸਰਕਾਰ ਨੇ ਆਪਣੀ ਇਸ ਪਾਲਸੀ ਵਿਚ ਕਾਫੀ ਸਫਲਤਾ ਵੀ ਪ੍ਰਾਪਤ ਕਰ ਲਈ ਸੀ । ਭਾਰਤ ਦੀ ਅਜ਼ਾਦੀ ਵਿੱਚ ਹਿੱਸਾ ਪਾ ਰਹੇ ਸਿੱਖਾਂ ਨੂੰ ਬਦਨਾਮ ਕਰਨ ਲਈ ਅੰਗਰੇਜ਼ ਸਰਕਾਰ ਸਿੱਖਾਂ ਵਿਰੁਧ ਹੁਕਮਨਾਮੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਕਰਵਾਉਂਦੀ ਰਹੀ ਸੀ ਜਿਹਾ ਕਿ ਗਦਰ ਪਾਰਟੀ ਦੇ ਕਾਮਾ ਗਾਟਾ ਮਾਰੂ ਜਹਾਜ਼ ਦੇ ਸਿੱਖ ਯਾਤਰੂਆਂ ਜਿਨ੍ਹਾਂ ਨੂੰ ਬਜ਼ਬਜ਼ ਘਾਟ ਵਿਖੇ ਗੋਲੀਆਂ ਨਾਲ ਸ਼ਹੀਦ ਕਰ ਦਿਤਾ ਗਿਆ ਸੀ,ਦੇ ਵਿਰੁਧ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੁਕਮ ਨਾਮਾ ਜਾਰੀ ਹੋਇਆ ਸੀ ਤਾਂ ਕਿ ਪੰਜਾਬ ਵਿੱਚ ਸਿੱਖ ਬਗਾਵਤ ਨਾ ਕਰ ਦੇਣ । ਇਸੇ ਤਰਾਂ ਜਲਿਆਂ ਵਾਲਾ ਬਾਗ ਵਿਖੇ ੧੯੧੯ ਦੀ ਵਿਸਾਖੀ ਸਮੇ ਗੋਲੀਆਂ ਚਲਾ ਕੇ ਹਜ਼ਾਰਾਂ ਹੀ ਵਿਅਕਤੀਆਂ ਨੂੰ ਸ਼ਹੀਦ ਕਰਨ ਵਾਲੇ ਅੰਗਰੇਜ਼ ਜਨਰਲ ਡਾਇਰ ਨੂੰ ਸਿਰੋਪਾ ਦੇ ਕੇ ਸਨਮਾਨਿਆ ਗਿਆ ਸੀ ।

ਭਾਰਤ ਦੇ ਅਜ਼ਾਦ ਹੋਣ ਪਿਛੋਂ ਸਿੱਖਾਂ ਦੀ ਇਸ ਮਰਯਾਦਾ ਤੇ ਕਈ ਵਾਰ ਕਾਂਗਰਸ ਸਰਕਾਰ ਨੇ ਸਮੇ ਸਮੇ ਸਿਰ ਅੰਤਰਮੁਖੀ ਤੇ ਬਾਹਰ ਮੁਖੀ ਹਮਲੇ ਕੀਤੇ ਤਾਂ ਕਿ ਆਮ ਸਿੱਖਾਂ ਦੇ ਮਨਾਂ ਵਿਚੋਂ ਸ੍ਰੀ ਅਕਾਲ ਤਖਤ ਸਾਹਿਬ ਦਾ ਸਤਿਕਾਰ ਕਿਸੇ ਨਾ ਕਿਸੇ ਢੰਗ ਨਾਲ ਘਟਾਇਆ ਜਾ ਸਕੇ । ਭਾਰਤ ਦੀਆਂ ਪਹਿਲੀਆਂ ਆਮ ਚੋਣਾਂ ਵਿੱਚ ਪੰਜਾਬ ਵਿੱਚ ਕਾਂਗਰਸ ਨੂੰ ਕਾਫੀ ਬਹੁਮਤ ਪ੍ਰਾਪਤ ਹੋਇਆ ਸੀ ਜਿਸ ਕਾਰਨ ਗੁਰਦੁਆਰਾ ਚੋਣਾਂ ਸਮੇ ਕਾਂਗਰਸੀ ਸਿੱਖਾਂ ਨੇ ਸ਼੍ਰੋਮਣੀ ਗੁਰਦੁਆਰਾ ਚੋਣਾਂ ਲੜਣ ਲਈ ਸ਼੍ਰੋਮਣੀ ਅਕਾਲੀ ਦਲ ਦੇ ਮੁਕਾਬਲੇ ਆਪਣੀ ਇਕ ਵੱਖਰੀ ਪਾਰਟੀ ਬਣਾ ਲਈ ਜਿਸ ਦਾ ਨਾਮ ਖਾਲਸਾ ਦੱਲ ਰਖਿਆ ਗਿਆ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਅਜ਼ਾਦੀ ਤੋਂ ਪਿਛੋਂ ਹੋਈਆਂ ਪਹਿਲਆਂ ਚੋਣਾਂ ਵਿੱਚ ਖਾਲਸਾ ਦਲ ਨੂੰ ੧੪੫ ਦੇ ਹਾਉਸ ਵਿੱਚੋਂ ਕੇਵਲ ਤਿਨ 'ਕ ਸੀਟਾਂ ਤੇ ਹੀ ਜਿੱਤ ਪ੍ਰਾਪਤ ਹੋਈ ਸੀ । ਉਸ ਸਮੇ ਪੰਥ ਵਿੱਚ ਦੋ ਧੜੇ ਨਾਗੋ ਕੇ ਗਰੁਪ ਤੇ ਮਾਸ਼ਟਰ ਤਾਰਾ ਸਿੰਘ ਗਰੁਪ ਬੜੇ ਸਰਗਰਮ ਸਨ । ਜਦ ਨਾਗੋ ਕੇ ਗਰੁਪ ਸਵਤੰਤਰ ਪਾਰਟੀ ਵਿੱਚ ਸ਼ਾਮਲ ਹੋ ਗਿਆ ਤਾਂ ਸ਼੍ਰੋਮਣੀ ਅਕਾਲੀ ਦਲ ਮਾਸ਼ਟਰ ਤਾਰਾ ਸਿੰਘ ਤੇ ਗਿਆਨੀ ਕਰਤਾਰ ਸਿੰਘ ਗਰੁਪ ਵਿੱਚ ਵੰਡਿਆ ਗਿਆ ਜਿਸ ਦੇ ਸਿੱਟੇ ਵਜੋਂ ਇਕ ਵਾਰ ਗਿਆਨੀ ਕਰਤਾਰ ਸਿੰਘ ਧੜੇ ਨੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਸਲਾਨਾ ਪ੍ਰਧਾਨਗੀ ਚੋਣ ਵਿੱਚ ਮਾਸਟ ਤਾਰਾ ਸਿੰਘ ਨੂੰ ਤਿਨ ਵੋਟਾਂ ਦੇ ਫਰਕ ਨਾਲ ਹਾਰ ਦੇ ਦਿਤੀ ਸੀ । ਗਿਆਨੀ ਗਰੁਪ ਦੇ ਉਮੀਦਵਾਰ ਸ. ਪ੍ਰੇਮ ਸਿੰਘ ਲਾਲ ਪੁਰਾ ਤੋਂ ਮਾਸਟਰ ਤਾਰਾ ਸਿੰਘ ਹਾਰ ਗਏ ਸਨ । ਭਾਰਤ ਦੇ ਉਸ ਸਮੇ ਦੇ ਪ੍ਰਧਾਨ ਮੰਤ੍ਰੀ ਪੰਡਤ ਜਵਾਹਲਾਲ ਨਹਿਰੂ ਨੇ ਸਿੱਖਾਂ ਦੀ ਇਸ ਫੁੱਟ ਦਾ ਵੱਧ ਤੋਂ ਵੱਧ ਲਾਭ ਲੈਣ ਦਾ ਯਤਨ ਕੀਤਾ । ੧੯੬੨ ਦੀਆਂ ਆਮ ਚੋਣਾਂ ਤਕ ਕਈ ਸਿੱਖ ਲੀਡਰ ਆਮ ਤੌਰ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਆਪਣੇ ਸਵਾਰਥੀ ਹਿੱਤਾਂ ਲਈ ਇਕ ਪੜੁੱਲ ਦੇ ਰੂਪ ਵਿੱਚ ਵਰਤਦੇ ਆ ਰਹੇ ਸਨ । ਕਈ ਸਿੱਖ ਲੀਡਰ ਪਹਿਲਾਂ ਸ਼ਰੋਮਣੀ ਅਕਾਲੀ ਦਲ ਦੀ ਟਿਕਟ ਤੇ ਗੁਰਦੁਆਰਾ ਚੋਣਾਂ ਵਿੱਚ ਸਫਲਤਾ ਪ੍ਰਾਪਤ ਕਰਨ ਉਪਰੰਤ ਅਸੰਬਲੀ ਦੀਆਂ ਚੋਣਾਂ ਕਾਗਰਸ ਟਿਕਟ ਤੇ ਜਿੱਤ ਪ੍ਰਾਪਤ ਕਰ ਕੇ ਅਕਾਲੀ ਦਲ ਨੂੰ ਇਕ ਪੜੁਲ ਦੇ ਰੂਪ ਵਿੱਚ ਵਰਤ ਕੇ ਕਾਂਗਰਸ ਵਿੱਚ ਸ਼ਾਮਲ ਹੋ ਕੇ ਮੰਤ੍ਰੀ ਮੰਡਲ ਵਿੱਚ ਪੁਜ ਜਾਂਦੇ ਰਹੇ ਸਨ । ਮਾਸਟਰ ਤਾਰਾ ਸਿੰਘ ਦੀ ਲੀਡਰਸ਼ਿਪ ਨੂੰ ਸੰਤ ਫਤਹਿ ਸਿੰਘ ਨੇ ਆ ਚੈਲੰਜ ਕੀਤਾ ਤੇ ਅਕਾਲੀ ਦਲ ਫਿਰ ਦੋ ਗਰੁਪਾਂ ਮਾਸ਼ਟਰ ਦਲ ਤੇ ਸੰਤ ਦਲ ਵਿੱਚ ਵੰਡਿਆ ਗਿਆ । ਮਾਸਟਰ ਤਾਰਾ ਸਿੰਘ ਤੇ ਸੰਤ ਫਤਹਿ ਸਿੰਘ ਸਮੇ ਹੀ ਸਿੱਖ ਲੀਡਰਾਂ ਵਿਰੁਧ ਆਮ ਹੁਕਮਨਾਮੇ ਜਾਰੀ ਹੋਣੇ ਸ਼ੁਰੂ ਹੋਏ ਸਨ । ਜਦ ਮਾਸਟਰ ਤਾਰਾ ਸਿੰਘ ਅਤੇ ਸੰਤ ਫਤਹਿ ਸਿੰਘ ਵਲੋਂ ਸਿੱਖ ਮਰਯਾਦਾ ਭੰਗ ਹੋਈ ਤਾਂ ਇਨ੍ਹਾਂ ਵਿਰੁਧ ਵੀ ਹੁਕਮ ਨਾਮੇ ਜਾਰੀ ਹੋਏ ਤੇ ਇਨ੍ਹਾਂ ਸਿੱਖ ਲੀਡਰਾਂ ਨੂੰ ਵੀ ਸ੍ਰੀ ਅਕਾਲ ਤਖਤ ਸਾਹਿਬ ਤੋਂ ਤਨਖਾਹ ਲਗਾਈ ਗਈ ਸੀ ਜਿਸ ਨੂੰ ਇਨ੍ਹਾਂ ਨੇ ਖਿੜੇ ਮੱਥੇ ਪ੍ਰਵਾਨ ਕੀਤਾ ਸੀ । ਇਸੇਤਰਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਂਨ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਵੀ ਸ੍ਰੀ ਅਕਾਲ

ਤਖਤ ਸਾਹਿਬ ਜੀ ਦੇ ਹੁਕਮਾਂ ਦੀ ਪਾਲਣਾਂ ਕਰਦਿਆਂ ਹੋਇਆਂ ਲੰਗਰ ਵਿੱਚ ਸੰਗਤਾਂ ਦੇ ਜੂਠੇ ਭਾਂਡੇ ਸਾਫ ਕਰ ਕੇ ਆਪਣੀ ਤਨਖਾਹ ਦੀ ਪੂਰਤੀ ਕੀਤੀ ਸੀ । ਭਾਰਤ ਵਿੱਚ ਇੰਦ੍ਰਾ ਗਾਂਧੀ ਸਰਕਾਰ ਸਮੇ ਸਿੱਖਾਂ ਦੀ ਇਸ ਮਰਯਾਦਾ ਨੂੰ ਸਿੱਖਾਂ ਵਿੱਚ ਅਸ਼ਰਧੱਕ ਬਨਾਉਣ ਦੀ ਨੀਤੀ ਦਾ ਅਰੰਭ ਕੀਤਾ ਗਿਆ । ਇੰਦ੍ਰਾ ਗਾਂਧੀ ਨੇ ਇਸ ਬਾਰੇ ਆਪਣੀ ਨੀਤੀ ਘੜ ਕੇ ਇਹ ਰਾਹ ਅਖਿਤਿਆਰ ਕੀਤਾ ਕਿ ਆਪਣਾ ਰਾਜਸੀ ਪ੍ਰਭਾਵ ਵਰਤ ਕੇ ਅਕਾਲ ਤਖਤ ਸਾਹਿਬ ਤੋਂ ਸਿੱਖ ਮਰਯਾਦਾ ਦੇ ਨਾ ਅਨਕੂਲ ਹੁਕਮਨਾਮੇ ਜਾਰੀ ਕਰਵਾਏ ਜਾਣ ਤੇ ਫਿਰ ਜਿਸ ਸਿੱਖ ਦੇ ਵਿਰੁਧ ਹੁਕਮਨਾਮਾ ਜਾਰੀ ਹੋਇਆ ਹੋਵੇ ਉਸ ਨੂੰ ਹਲਾਸ਼ੇਰੀ ਦੇ ਕੇ ਅਕਾਲ ਤਖਤ ਸਾਹਿਬ ਦੇ ਹੁਕਮ ਨਾਮੇ ਦੀ ਪਾਲਣਾ ਨਾ ਕਰਨ ਦਿਤੀ ਜਾਵੇ । ਆਪਣੇ ਇਸ ਮੰਤਵ ਲਈ ਉਸ ਨੇ ਦਿਲੀ ਦੇ ਜਥੇਦਰ ਸੰਤੋਖ ਸਿੰਘ ਨੂੰ ਚੁਣਿਆ ਕਿ ਇਸ ਤੋਂ ਵੱਧ ਭਰੋਸੇ ਵਾਲਾ ਤੇ ਯੋਗ ਵਿਅਕਤੀ ਸਿੱਖਾਂ ਵਿਚੋਂ ਉਸ ਸਮੇ ਉਸ ਨੂੰ ਮਿਲਨਾ ਕਠਨ ਸੀ । ਪਹਿਲਾਂ ਜ: ਸੰਤੋਖ ਸਿੰਘ ਤੋਂ ਸਿੱਖ ਮਰਯਾਦਾ ਵਿਰੁੱਧ ਗਲਤੀ ਇਹ ਕਰਵਾਈ ਗਈ ਕਿ ਉਸ ਨੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਗਿਆਨੀ ਗੁਰਦਿਆਲ ਸਿੰਘ ਜੀ ਤੇ ਝੂਠੇ ਦੋਸ਼ ਲਾਏ । ਸਿੱਖ ਇਤਹਾਸ ਵਿੱਚ ਸ਼ਾਇਦ ਇਹ ਪਹਿਲੀ ਵਾਰ ਹੋਇਆ ਕਿ ਜਦ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਤੇ ਖੁਲ ਕੇ ਭਿਰਸ਼ਟਾਚਾਰ ਦੇ ਦੋਸ਼ ਲਾਏ ਗਏ ਹੋਣ ਅਤੇ ਹਰਿਮੰਦਰ ਸਾਹਿਬ ਜੀ ਦੇ ਹੈਡ ਗ੍ਰੰਥੀ ਤੇ ਗ੍ਰੰਥੀ ਸਾਹਿਬਾਨ ਅਤੇ ਤਖਤ ਸਾਹਿਬਾਨ ਦੇ ਜਥੇਦਾਰਾਂ ਦੀ ਧਾਰਮਿਕ ਅਥਾਰਟੀ (ਅਧਿਕਾਰ) ਨੂੰ ਮਨਣ ਤੋਂ ਕੋਈ ਮੁਨਕਰ ਹੋਇਆ ਹੋਵੇ ਤੇ ਇਹ ਵੀ ਪਹਿਲੀ ਵਾਰ ਹੋਇਆ ਕਿ ਕੋਈ ਸਿੱਖ ਸ੍ਰੀ ਅਕਲ ਤਖਤ ਸਾਹਿਬ ਦੇ ਸੱਦੇ ਤੇ ਸ੍ਰੀ ਅਕਾਲ ਤਖਤ ਸਾਹਿਬ ਹਾਜ਼ਰ ਨਾ ਹੋਇਆ ਹੋਵੇ । ਇਹ ਅਵਗਿਆ ਜਥੇਦਾਰ ਸੰਤੋਖ ਸਿੰਘ ਨੇ ੨੦ ਅਗਸਤ,੧੯੮੧ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੇਸ਼ ਨਾ ਹੋ ਕੇ ਕੀਤੀ ਸੀ ਪਰ ਜਦ ਉਸ ਨੂੰ ਉਸ ਦੀ ਗੇਰਹਾਜ਼ਰੀ ਵਿੱਚ ਹੀ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਤਨਖਾਹੀਆ ਕਰਾਰ ਦਿਤਾ ਗਿਆ ਸੀ ਤੇ ਫਿਰ ੧੦ ਸਤੰਬਰ,੧੯੮੧ ਨੂੰ ਪੇਸ਼ ਹੋਣ ਲਈ ਹੁਕਮਨਾਮਾ ਜਾਰੀ ਕੀਤਾ ਗਿਆ ਸੀ । ਇਸ ਸਮੇ ਫਿਰ ਸ੍ਰੀ ਅਕਾਲ ਤਖਤ ਸਾਹਿਬ ਤੇ ਸੰਤੋਖ ਸਿੰਘ ਨੂੰ ਜਾਣ ਤੋਂ ਰੋਕਣ ਲਈ ਇੰਦ੍ਰਾ ਗਾਂਧੀ ਨੇ ਦਬਾਉ ਉਸ ਤੇ ਪਾਉਣਾ ਸ਼ੁਰੂ ਕਰ ਦਿਤਾ ਸੀ । ਜਦ ਜਥੇਦਾਰ ਸੰਤੋਖ ਸਿੰਘ ਨੇ ਆਪਣੀ ਮਜ਼ਬੂਰੀ ਪਰਗਟ ਕੀਤੀ ਤਾਂ ਉਸ ਤੇ ਨਰਾਜ਼ ਹੋ ਕੇ ਇਦ੍ਰਾਂ ਗਾਂਧੀ ਨੇ ਉਸ ਨੂੰ ਹਮੇਸ਼ਾਂ ਲਈ ਪਾਸੇ ਕਰ ਕੇ ਰੱਖ ਦਿਤਾ। ਇਸ ਬਾਰੇ ਭਾਰਤ ਸਰਕਾਰ ਦੀ ਸੁਪਰੀਮ ਪਾਲਸੀ ਪਲਾਨਿੰਗ ਬਾਡੀ ਦੇ ਸਿੱਖ ਮੈਂਬਰ ਡਾ:ਸੰਗਤ ਸਿੰਘ ਲਿਖਦੇ ਹਨ ਕਿ

'Giani zail Singh now because of his official position had limitations in influencing Bhindrawale. Indra wanted Santokh Singh to perform that function and also serve as a conduit for sustaining terrorism in Punjab.Earlier in August 1981 ,she had wanted him to defy Akal Takht summons to appear before it'.

ਇੰਦ੍ਰਾਂ ਗਾਂਧੀ ਨੇ ਆਪਣੀ ਇਹ ਇੱਛਾ ਗਿਆਨੀ ਜ਼ੈਲ ਸਿੰਘ ਨੂੰ ਦਸ ਕੇ ਉਸ ਨੂੰ ਜਥੇਦਾਰ ਸੰਤੋਖ ਸਿੰਘ ਨੂੰ ਅਕਾਲ ਤਖਤ ਤੇ ਪੇਸ਼ ਹੋਣ ਤੋਂ ਰੋਕਣ ਲਈ ਕਿਹਾ। ਗਿਆਨੀ ਜ਼ੇਲ ਸਿੰਘ ਨੇ ਟੈਲੀਫੋਨ ਕਰ ਕੇ ਜਥੇਦਾਰ ਸੰਤੋਖ ਸਿੰਘ ਨੂੰ ਪੂਰਾਣੀ ਦਿੱਲੀ ਦੇ ਰੇਲਵੇ ਸ਼ਟੇਸਨ ਮਾਸਟਰ ਦੇ ਦਫਤਰ ਬੁਲਾਇਆ। ਇਹ ਗਲ ੯ ਸਤੰਬਰ,੧੯੮੧ ਦੀ ਦਸੀ ਜਾਂਦੀ ਹੈ। ਗਿਆਨੀ ਜ਼ੈਲ ਸਿੰਘ ਨੇ ਸੰਤੋਖ ਸਿੰਘ ਨੂੰ ਪ੍ਰਧਾਨ ਮੰਤ੍ਰੀ ਦਾ ਸੁਨੇਹਾ ਦਿਤਾ ਕਿ ਉਹ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੇਸ਼ ਨਾ ਹੋਣ । ਦਸਿਆ ਜਾਂਦਾ ਹੈ ਕਿ ਸੰਤੋਖ ਸਿੰਘ ਨੇ ਇਸ ਬਾਰੇ ਸਖਤ ਰਵੀਆ ਜਦ ਅਖਿਤਿਆਰ ਕੀਤਾ ਤਾਂ ਗਿਆਨੀ ਜੀ ਨੇ ਉਸ ਨੂੰ ਇਹ ਵਾਰਨਿੰਗ ਦੇ ਦਿਤੀ ਕਿ ਇਸ ਤੇ ਇੰਦ੍ਰਾ ਗਾਂਧੀ ਨਰਾਜ਼ ਹੋ ਜਾਵੇਗੀ । ਜਥੇਦਾਰ ਸੰਤੋਖ ਸਿੰਘ ਸ੍ਰੀ ਅਕਾਲ ਤਖਤ ਤੇ ਪੇਸ਼ ਹੋ ਗਏ ਜਿਸ ਦਾ ਇੰਦ੍ਰਾ ਗਾਂਧੀ ਨੇ ਬਹੁਤ ਬੂਰਾ ਮਨਾਇਆ । ਇਕ ਵਿਉਂਤ ਅਨੁਸਾਰ ਜਥੇਦਾਰ ਸੰਤੋਖ ਸਿੰਘ ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਸ ਦੇ ਵਿਰੋਧੀ ਸ.ਪਰੀਤਮ ਸਿੰਘ ਸੰਧੂ ਦੀ ਇਕ ਮੀਟਿੰਗ ਕਰਾਈ ਗਈ ਤਾਂ ਕਿ ਦੋਹਾਂ ਧਿਰਾਂ ਵਿਚਕਾਰ ਕੋਈ ਸਮਝੋਤਾ ਹੋ ਸਕੇ । ਇਨ੍ਹਾਂ ਦੋਵਾਂ ਵਿਚਕਾਰ ਗਲਬਾਤ ਜਦ ਚਲ ਰਹੀ ਸੀ ਤਾਂ ਜਥੇਦਾਰ ਸੰਤੋਖ ਸਿੰਘ ਦੇ ਅੰਗ ਰਖਿਅਕਾਂ ਨੇ ਪਹਿਲਾਂ ਗੋਲੀ ਮਾਰ ਕੇ ਸ.ਸੰਧੂ ਦੀ ਹਤਿਆ ਕਰ ਦਿਤੀ ਤੇ ਫਿਰ ਜਥੇਦਾਰ ਸੰਤੋਖ ਸਿੰਘ ਨੂੰ ਵੀ ਨਾਲ ਹੀ ਪਾਰ ਬੁਲਾ ਦਿਤਾ ਗਿਆ । ਦਸਿਆ ਜਾਂਦਾ ਹੈ ਕਿ

ਉਸੇ ਸਮੇ ਪੁਲੀਸ ਸ. ਸੰਧੂ ਦੇ ਘਰ ਗਈ ਤੇ ਉਸ ਦਾ ਲਾਇਸੰਸੀ ਪਸਤੌਲ ਆਪਣੇ ਕਬਜ਼ੇ ਵਿਚ ਕਰ ਲਿਆ । ਇਨ੍ਹਾਂ ਦੋਹਾਂ ਹਤਿਆਵਾਂ ਦੀ ਘੜੀ ਗਈ ਕਹਾਣੀ ਦੀ ਕੋਈ ਜਾਂਚ ਨਾ ਕਰਵਾਏ ਜਾਣ ਦਾ ਪਤਾ ਚਲਦਾ ਹੈ। ਪਰੈਸ ਮੀਡੀਆ ਨੂੰ ਇਸ ਬਾਰੇ ਦਸਿਆ ਜਾਂਦਾ ਹੈ ਕਿ ਕੇਂਦ੍ਰੀ ਸਰਕਾਰ ਦੇ ਇਹ ਹੁਕਮ ਸੁਣਾਏ ਗਏ ਸਨ ਕਿ ਸਰਕਾਰੀ ਪੱਖ ਤੋਂ ਸਿਵਾ ਹੋਰ ਕੋਈ ਪੱਖ ਇਸ ਬਾਰੇ ਨਹੀਂ ਪ੍ਰਕਾਸ਼ਤ ਕੀਤਾ ਜਾਣਾ ਚਾਹੀਦਾ। ਇਥੋਂ ਤਕ ਕਿ ਕਤਲ ਦਾ ਮੁਕਦਮਾ ਵੀ ਦਰਜ ਨਹੀਂ ਹੋਣ ਦਿਤਾ ਗਿਆ ਸੀ । ਕੇਂਦ੍ਰੀ ਸਰਕਾਰ ਨੇ ਸੀ ਬੀ ਆਈ ਦੀ ਜਾਂਚ ਤੋਂ ਮੁਨਕਰ ਹੋ ਕੇ ਅਦਾਲਤੀ ਜਾਂਚ ਦੇ ਹੁਕਮ ਦੇ ਦਿਤੇ ਸਨ । ਇਦ੍ਹਾ ਗਾਂਧੀ ਦੀ ਸ੍ਰੀ ਅਕਾਲ ਤਖਤ ਬਾਰੇ ਘੜੀ ਗਈ ਇਹ ਪਾਲਸੀ ਭਾਰਤ ਦੇ ਚੌਕਸੀ ਵਿਭਾਗ ਤੇ ਖਾਸ ਕਰ ਕੇ ਥਰਡ ਏਜੰਸੀ ਵਲੋਂ ਸਿੱਖਾਂ ਨੂੰ ਮਾਰਨ ਲਈ ਹੁਣ ਤਕ ਕਿਸ ਤਰਾਂ ਵਰਤੀ ਜਾ ਰਹੀ ਹੈ ;ਇਸ ਦਾ ਵਰਨਣ ਭਾਰਤੀ ਗੁਪਤਚਰ ਵਿਭਾਗ ਦੇ ਸਾਬਕਾ ਜਾਇੰਟ ਡਾਇਰੈਕਟਰ ਸ੍ਰੀ ਮਲੋਇ ਕ੍ਰਿਸ਼ਨਾ ਧਰ ਨੇ ਆਪਣੀ ਪੁਸਤਕ ‘‘ਖੁੱਲੇ ਭੇਦ’’ ਵਿੱਚ ਵਿਸਥਾਰ ਨਾਲ ਕੀਤਾ ਹੈ । ਇਸ ਨੀਤੀ ਅਧੀਨ ਹੀ ਕੁਝ ਆਪ ਬਣੇ ਸਿੱਖ ਲੀਡਰਾਂ ਰਾਹੀਂ ਸ੍ਰੀ ਅਕਾਲ ਤਖਤ ਸਾਹਿਬ ਜੀ  ਤੇ ਤਖਤਾਂ ਦੇ ਜਥੇਦਾਰ ਸਾਹਿਬਾਨ ਅਤੇ ਸ੍ਰੀ ਹਰਿਮੰਦਰ ਸਾਹਿਬ ਤੇ ਦੂਸਰੇ ਗੁਰਦਵਾਰਿਆਂ ਦੇ ਗ੍ਰੰਥੀ ਸਿੰਘ ਸਾਹਿਬਾਨ ਦੀ ਪਬਲਿਕ ਰੂਪ ਵਿੱਚ ਨਿੰਦਿਆ ਕੀਤੀ ਤੇ ਕਰਵਾਈ ਜਾ ਰਹੀ ਹੈ ਪਰ ਇਸ ਗਲ ਵਲ ਧਿਆਨ ਹੀ ਨਹੀਂ ਦਿਤਾ ਜਾ ਰਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਤੇ ਦੁਜੇ ਤਖਤ ਸਾਹਿਬ ਧਾਰਮਕ ਅਦਾਲਤਾਂ ਵੀ ਹਨ । ਸੰਸਾਰਕ ਅਦਾਲਤ ਦੇ ਜੱਜ ਨੂੰ ਭਾਵੇਂ ਕੋਈ ਮਾੜਾ ਕਹੇ ਪਰ ਅਦਾਲਤ ਮਾੜੀ ਨਹੀਂ ਕਹੀ ਜਾਂਦੀ ਤੇ ਜੱਜ ਦਾ ਫੈਸਲਾ ਹਰ ਹਾਲਤ ਵਿੱਚ ਹਰ ਧਿਰ ਨੂੰ ਪ੍ਰਵਾਨ ਕਰਨਾ ਪੈਂਦਾ ਹੈ ਭਾਵੇਂ ਉਹ ਫੈਸਲਾ ਉਸ ਦੇ ਵਿਰੁਧ ਹੀ ਕਿਉਂ ਨਾ ਹੋਵੇ ਤਾਂ ਫਿਰ ਅਸੀਂ ਧਾਰਮਕ ਅਦਾਲਤ ਦੇ ਫੈਸਲੇ ਨੂੰ ਪ੍ਰਵਾਨ ਕਿਉਂ ਨਹੀਂ ਕਰਦੇ ?  ਇਸ ਤੇ ਖਾਲਸਾ ਪੰਥ ਨੂੰ ਸੋਚਨ ਦੀ ਲੋੜ ਹੈ ।

# ਕਿਰਪਾਣ ਪਾਣ ਧਾਰੀਅੰ

ਕ੍ਰਿਪਾਣ ਨੂੰ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਅਕਾਲ ਪੁਰਖ ਦੀ ਸ਼ਕਤੀ ਦਾ ਚਿੰਨ ਮੰਨਿਆ ਹੈ ਤੇ ਅਕਾਲ ਪੁਰਖ ਦੀ ਸ਼ਕਤੀ ਨੂੰ ਹੀ ਕ੍ਰਿਪਾਣ ਦਾ ਰੂਪ ਪ੍ਰਗਟ ਕੀਤਾ ਹੈ ਜਿਸ ਰਾਹੀਂ ਅਕਾਲ ਪੁਰਖ ਨੇ ਇਸ ਸ੍ਰਿਸਟੀ ਦੀ ਰਚਨਾ ਕੀਤੀ–

"ਜੈ ਜੈ ਕਾਰਣ,ਸ੍ਰਿਸ਼ਟ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ ॥"

ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਨੂੰ ਕ੍ਰਿਪਾਣ ਦਾ ਧਾਰਣੀ ਮੰਨਦਿਆਂ ਹੋਇਆਂ ਹਦਾਇਤ ਕੀਤੀ ਕਿ ਜਿਹੜੇ ਕ੍ਰਿਪਾਣਧਾਰੀ ਵਾਹਿਗੁਰੂ ਅਕਾਲ ਪੁਰਖ ਦਾ ਨਾਮ ਜਪਦੇ ਹਨ ,ਉਨ੍ਹਾਂ ਨੂੰ ਆਪੇ ਬਚਾਓ ਦੇ ਅਨੇਕ ਸਾਧਨ ਮਿਲ ਜਾਂਦੇ ਹਨ ਤੇ ਉਹ ਚਾਹੁਣ ਤਾਂ ਜਗਤ ਨੂੰ ਵੀ ਜਿੱਤ ਲੈਂਦੇ ਹਨ :

" ਕ੍ਰਿਪਾਣਿ ਪਾਣ ਜੋ ਜਪੈ ॥ਅਨੰਤ ਥਾਟ ਤੇ ਥਪੈ ॥
ਜਿਤੇਕ ਕਾਲ ਧਿਯਾਇ ਹੈਂ ॥ ਜਗਤ ਜੀਤ ਜਾਇ ਹੈਂ ॥"

ਇਹੀ ਕਾਰਨ ਹੈ ਕਿ ਗੁਰੂ ਮਹਾਰਾਜ ਕ੍ਰਿਪਾਣ ਅਥਵਾ ਦੂਜੇ ਹਥਿਆਰਾਂ ਨੂੰ ਨਮਸ਼ਕਾਰ ਕਰ ਕੇ ਹਥਿਆਰਾਂ ਦਾ ਸਤਿਕਾਰ ਕਰਦੇ ਹਨ ਅਤੇ ਸਭ ਹਥਿਆਰਾਂ ਨੂੰ ਇਕ ਰੂਪ ਹੀ ਦਸਦੇ ਹਨ ਕਿ

ਨਮੋ ਖਗ ਖੰਡੰ ਕ੍ਰਿਪਾਣੰ ਕਟਾਰੰ ॥ਸਦਾ ਏਕ ਰੂਪੰ ਸਦਾ ਨਿਰਬਿਕਾਰੰ ॥

ਕਿਰਪਾਣ ਦਾ ਸਭ ਤੋਂ ਪਹਿਲਾਂ ਸਿੱਖਾਂ ਨਾਲ ਸਬੰਧ ਮਹਾਂਬਲੀ ਦੱਲ ਭੰਜਨ ਸੂਰਮੇ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਉਸ ਸਮੇ ਜੋੜਿਆ ਜਦ ਸਿੱਖ ਸ਼ਾਸਤਰ ਦਾ ਪ੍ਰਕਾਸ਼ ਅੰਮ੍ਰਿਤਸਰ ਵਿਚ ਹਰਿਮੰਦਰ ਸਾਹਿਬ ਕੀਤਾ ਜਾਂਦਾ ਸੀ ਤੇ ਬਾਬਾ ਬੁਢਾ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਗ੍ਰੰਥੀ ਥਾਪੇ ਜਾ ਚੁਕੇ ਸਨ । ਪੰਚਮ ਪਾਤਸ਼ਾਹ ਦੀ ਮਹਾਨ ਅਦੁਤੀ ਸ਼ਹਾਦਤ ਤੋਂ ਪਿਛੋਂ ਜਿਸ ਸਮੇ ਗੁਰਗੱਦੀ ਦੀ ਦਸਤਾਰ ਮਹਾਂ ਬਲੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੂੰ ਬੰਨ੍ਹੀ ਜਾਣ ਲਗੀ ਤਾਂ ਮਹਾਰਾਜ ਨੀ ਨੇ ਆਪਣੇ ਕਮਰ ਕੱਸੇ ਵਿੱਚ ਕ੍ਰਿਪਾਣ ਸਜਾਉਣ ਲਈ ਬਾਬਾ ਬੁਢਾ ਜੀ ਨੂੰ ਕਿਹਾ । ਇੱਕ ਨਹੀਂ ਸਗੋਂ ਸੱਜੇ ਤੇ ਖੱਬੇ ਕ੍ਰਿਪਾਣ ਦੇ ਦੋ ਰੂਪ ਧਾਰਨ ਕਰ ਕੇ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਮੀਰੀ ਤੇ ਪੀਰੀ ਦੇ ਸਿੱਧਾਂਤ ਨੂੰ ਗੁਰੂ ਨਾਨਕ ਸਿੱਧਾਂਤ ਦੀਆਂ ਲੀਹਾਂ ਤੇ ਪਰਗਟ ਕਰ ਦਿਤਾ ਕਿ ਸਿੱਖ ਕੌਮ ਦੇ ਮਹਾਨ ਸ਼ਾਸਤਰ ਅਥਵਾ ਗੁਰੂ ਗ੍ਰੰਥ ਸਾਹਿਬ ਜੀ ਤੋਂ ਪ੍ਰਗਟ ਹੋਇਆ ਸ਼ਸਤਰ ਮਜ਼ਲੂਮ,ਗਰੀਬ ਲੋੜਵੰਦ ਅਤੇ ਪੀਸੀ ਮਿੱਧੀ ਜਾ ਰਹੀ ਲੋਕਾਈ ਦੀ ਸੁਰੱਖਿਆ ਲਈ ਉਤਪਨ ਕੀਤਾ ਗਿਆ ਹੈ । ਇਸ ਤਰਾਂ ਗੁਰੂ ਮਹਾਰਾਜ ਨੇ ਸਿੱਖਾਂ ਦਾ ਸਬੰਧ ਸ਼ਾਸਤਰ ਤੇ ਸਸਤਰ ਨਾਲ ਜੋੜ ਦਿਤਾ । ਇਸੇ ਸਿਧਾਂਤ ਦੀ ਹੋਰ ਪਕਿਆਈ ਲਈ ਅਕਾਲ ਪੁਰਖ ਵਾਹਿਗੁਰੂ ਦੇ ਹੁਕਮਾਂ ਅਨੁਸਾਰ ਹਰਿਮੰਦਰ ਸਾਹਿਬ ਦੇ ਸਨਮੁਖ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਸਥਾਪਨਾ ਵੀ ਕਰ ਦਿਤੀ ਤੇ ਨਾਲ ਹੀ ਦੋ ਨਿਸ਼ਾਨ ਸਾਹਿਬ ਝੂਲਾ ਦਿਤੇ । ਇਸ ਤਰਾਂ ਸਿੱਖਾਂ ਦਾ ਸਬੰਧ ਜਿਥੇ ਮੀਰੀ ,ਪੀਰੀ ਅਥਵਾ ਭਗਤੀ ਤੇ ਸ਼ਕਤੀ ਨਾਲ ਜੋੜ ਦਿਤਾ ਗਿਆ ਜਿਸ ਨੇ ਸਿੱਖਾਂ ਨੂੰ ਸੰਤ ਪਿਾਹੀ ਦਾ ਰੂਪ ਦੇ ਦਿਤਾ ।

ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਨਾਮ ਵੀ ਤੇਜ ਮੱਲ ਤੋਂ ਤੇਗ ਬਹਾਦਰ ਉਨ੍ਹਾਂ ਦੇ ਹਥਿਆਰ ਖਾਸ ਕਰ ਕੇ ਕ੍ਰਿਪਾਣ ਚਲਾਉਣ ਦੇ ਗੁਣਾਂ ਨੂੰ ਵੇਖਦਿਆਂ ਹੋਇਆਂ ਛੇਵੇਂ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੇ ਰਖ ਦਿਤਾ ਸੀ ਜਦ ਕਿ ਕਰਤਾਰ ਪੁਰ (ਜਲੰਧਰ) ਦੀ ਜੰਗ ਵਿੱਚ ਤੇਜ ਮੱਲ ਨੇ ਆਪਣੀ ਛੋਟੀ

ਜਿਹੀ ਆਯੂ ਵਿੱਚ ਤੇਗ ਦੇ ਅਦਿਭੁਤ ਜੌਹਰ ਵਿਖਾਏ ਸਨ । ਇਸ ਤੋਂ ਪਿਛੋਂ ਖਾਲਸਾ ਪੰਥ ਸਾਜਣ ਸਮੇਂ ਦਸ਼ਮੇਸ਼ ਪਿਤਾ ਗੁਰੂ ਕਲਗੀਧਰ ਨੇ ਹਰ ਸਿੱਖ ਲਈ ਇਹ ਲਾਜ਼ਮੀ ਕਰਾਰ ਦੇ ਦਿਤਾ ਕਿ ਉਹ ਕਿਰਪਾਣ ਦਾ ਧਾਰਨੀ ਬਣੇ ਤੇ ਸਿੱਖ ਦੀ ਬਾਹਰ ਮੁਖੀ ਰਹਿਤ ਲਈ ਪੰਜ ਕੱਕਾਰਾਂ ਵਿੱਚ ਕ੍ਰਿਪਾਣ ਨੂੰ ਲਾਜ਼ਮੀ ਕਰਾਰ ਦੇ ਦਿਤਾ ।

“ਨਿਸ਼ਾਨਿ ਸਿਖੀ ਈ ਪੰਜ ਹਰਫਿ ਕਾਫ ॥ ਹਰਗਿਜ਼ ਨਾ ਬਾਸ਼ਿਦ ਈਂ ਪੰਜ ਮੁਆਫ ॥
ਕੜਾ ,ਕਾਰਦ, ਕਾਛ,ਕੰਘਾ ਬਿਦਾਨ ॥ ਬਿਲਾ ਕੇਸ ਹੇਚ ਅਸਤ ਜੁਮਲਾ ਨਿਸ਼ਾਨ ॥

ਗੁਰੂ ਗੋਬਿੰਦ ਸਿੰਘ ਜੀ ਨੂੰ ਕਈ ਜੁੱਧ ਲੜਣੇ ਪਏ ਜਿਨ੍ਹਾਂ ਵਿੱਚ ਭੰਗਾਣੀ ਦੇ ਜੁੱਧ ,ਨਿਦਾਉਣ ਦੇ ਜੁੱਧ,ਹੁਸੈਨੀ ਦੇ ਜੁੱਧ,ਜੁਝਾਰ ਸਿਹੁੰ(ਰਾਜ ਪੂਤ) ਦੇ ਜੁੱਧਾਂ ਦਾ ਹਾਲ ਗੁਰੂ ਮਹਾਰਾਜ ਜੀ ਨੇ ਬਚਿੱਤ੍ਰ ਨਾਟਕ ਵਿੱਚ ਆਪ ਲਿਖਿਆ ਹੈ । ਇਨ੍ਹਾਂ ਜੁੱਧਾਂ ਵਿੱਚ ਸੂਰ ਬੀਰਤਾ,ਬਹਾਦਰੀ,ਦਲੇਰੀ ਤੇ ਫੁਰਤੀ ਨਾਲ ਹਥਿਆਰ ਚਲਾਉਣ ਵਾਲੇ ਸਿੱਖਾਂ ਦਾ ਗੁਰੂ ਸਾਹਿਬ ਜੀ ਨੇ ਜਿਥੇ ਵਰਨਣ ਕੀਤਾ ਹੈ ਉਥੇ ਇਨ੍ਹਾਂ ਜੁੱਧਾਂ ਵਿੱਚ ਸ਼ਹੀਦ ਹੋਏ ਸਿੱਖਾਂ ਦੇ ਨਾਮ ਵੀ ਮਹਾਰਾਜ ਨੇ ਲਿਖੇ ਹਨ । ਜੰਗ ਦੀ ਜਿੱਤ ਪਿਛੋਂ ਅਕਾਲ ਪੁਰਖ ਵਾਹਿਗੁਰੂ ਦਾ ਸ਼ੁਕਰਾਨਾ ਵੀ ਕੀਤਾ ਗਿਆ ਹੈ ਕਿ ਉਸ ਦੀ ਅਪਰ ਅਪਾਰ ਕਿਰਪਾ ਦੁਆਰਾ ਜੰਗ ਵਿੱਚ ਜਿੱਤ ਪ੍ਰਾਪਤ ਹੋਈ ਹੈ ਕਿ

“ਭਈ ਜੀਤ ਮੇਰੀ;ਕ੍ਰਿਪਾ ਕਾਲ ਤੇਰੀ ॥”

ਜੰਗ ਜਿਤਣ ਪਿਛੋਂ ਕਹਾਰਾਜ ਜੀ ਨੇ ਆਪਣੇ ਜੁਝਾਰੂ ,ਸੂਰਬੀਰ, ਬਹਾਦਰ,ਜੰਗਜੂ,ਸਿੱਖ ਸੂਰਮਿਆਂ ਉਤੋਂ ਮੀਂਹ ਦੀ ਤਰਾਂ ਧੰਨ ਲੁਟਵਾਇਆ ।

“ਰਣੰ ਜੀਤ ਆਏ ॥ ਜਯੰ ਗੀਤ ਗਾਏ ॥
ਧਨੰ ਧਾਰ ਬਰਖੇ ॥ ਸਬੰ ਸੂਰ ਹਰਖੇ ॥”

ਫਿਰ ਇਨ੍ਹਾਂ ਜੁੱਧਾ ਵਿਚ ਕਿਸੇ ਵੀ ਸੂਰਮੇ ਨੂੰ ਕਿਰਪਾਣ ਭੇਂਟ ਕਰ ਕੇ ਨਿਵਾਜ਼ਨ ਦਾ ਮਹਾਰਾਜ ਜੀ ਨੇ ਕਿਤੇ ਵਰਨਣ ਨਹੀਂ ਕੀਤਾ । ਸਿੱਖ ਇਤਹਾਸ ਵਿੱਚ ਵੀ ਕਿਰਪਾਣ ਦੇ ਸਰੋਪੇ ਦਾ ਵਰਨਣ ਗੁਰੂ ਕਾਲ ਸਮੇ ਨਹੀਂ ਮਿਲਦਾ । ਬਾਬਾ ਬੰਦਾ ਸਿੰਘ ਜੀ ਬਹਾਦਰ ਅੰਮ੍ਰਿਤ ਪਾਣ ਕਰ ਕੇ ਪੂਰਨ ਸਿੰਘ ਸਜ ਚੁਕਾ ਸੀ ਤੇ ਉਸ ਉਤੇ ਗੁਰੂ ਗੋਬਿੰਦ ਸਿੰਘ ਜੀ ਨੇ ਪੰਥ ਦੀਆਂ ਸੇਵਾਵਾਂ ਲਈ ਬੜੀਆਂ ਜ਼ੁਮੇਵਾਰੀਆਂ ਪਾਈਆਂ ਸਨ । ਗੁਰੂ ਸਾਹਿਬ ਜੀ ਨੇ ਉਸ ਨੂੰ ਪੰਜਾਬ ਵਲ ਤੋਰਨ ਸਮੇਂ ਕ੍ਰਿਪਣ ਦਾ ਸਰੋਪਾਓ ਨਹੀਂ ਬਖਸ਼ਿਆ ਸੀ ਕਿਉਂਕਿ ਭਾਈ ਦਯਾ ਸਿੰਘ ਜੀ ਨੇ ਇਹ ਬੇਨਤੀ ਕੀਤੀ ਸੀ ਕਿ ਕ੍ਰਿਪਾਣ ਵਾਹਿਗੁਰੂ ਅਕਾਲ ਪੁਰਖ ਦੀ ਸ਼ਕਤੀ ਦਾ ਚਿੰਨਆਤਮਕ ਤੌਰ ਤੇ ਸਮੁਚੇ ਖਾਲਸਾ ਪੰਥ ਨੂੰ ਗੁਰੂ ਮਹਾਰਾਜ ਵਲੋਂ ਸੌਂਪੀ ਗਈ ਹੈ ,ਜਿਸ ਕਾਰਨ ਇਹ ਕਿਸੇ ਵਿਅਕਤੀ ਨੂੰ ਨਹੀਂ ਭੇਟ ਕੀਤੀ ਜਾ ਸਕਦੀ । ਇਹੀ ਕਾਰਨ ਸੀ ਕਿ ਗੁਰੂ ਮਹਾਰਾਜ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਕ੍ਰਿਪਾਣ ਦੀ ਥਾਂ ਤੇ ਤੀਰਾਂ ਦੀ ਬਖਸ਼ਿਸ ਕੀਤੀ ਸੀ । ਸਾਨੂੰ ਵੀ ਅਜ ਕਿਸੇ ਗੁਰਦੁਆਰੇ ਵਿੱਚ ਕਿਸੇ ਵੀ ਸਮਾਗਮ ਸਮੇਂ ਕਿਸੇ ਵਿਅਕਤੀ ਨੂੰ ਕ੍ਰਿਪਾਣ ਨੂੰ ਸਰੋਪਾਓ ਦੇ ਰੂਪ ਵਿੱਚ ਭੇਟ ਕਰਨ ਸਮੇਂ ਇਸ ਦੀ ਮਹਾਨਤਾ,ਵਿਸ਼ੇਸਤਾ ਤੇ ਧਾਰਮਕ ਉਚਤਾ ਨੂੰ ਧਿਆਨ ਵਿੱਚ ਰਖਦਿਆਂ ਹੋਇਆਂ,ਇਹ ਸਮਝ ਲੈਣਾ ਚਾਹੀਦਾ ਹੈ ਕਿ ਇਸ ਅਕਾਲ ਪੁਰਖ ਦੀ ਚਿਨਆਤਮਕ ਸ਼ਕਤੀ ਦਾ ਧਾਰਨੀ ਖਾਲਸਾ ਪੰਥ ਸਮੁਚੇ ਤੌਰ ਤੇ ਹੈ ਜਿਸ ਕਾਰਨ ਸਮੁਚੇ ਪੰਥ ਦੀ ਸ਼ਕਤੀ ਕਿਸੇ ਵੀ ਵਿਅਕਤੀ ਸਨਮੁਖ ਝੁਕਾਈ ਨਹੀਂ ਜਾ ਸਕਦੀ  ਤੇ ਨਾ ਹੀ ਕਿਸੇ ਭਾਈ ਮਾਰੂ ਝਗੜੇ ਵਿੱਚ ਇਸ ਦੀ ਦੁਰਵਰਤੋਂ ਕਰ ਕੇ ਸਮੁਚੇ ਸਿੱਖ ਪੰਥ ਨੂੰ ਬਦਨਾਮ ਕੀਤਾ ਜਾ ਸਕਦਾ ਹੈ । ਅਜਿਹਾ ਕਰਨ ਵਾਲੇ ਵਿਅਕਤੀ ਨੂੰ ਸਿੱਖ ਕਦਾ ਚਿੱਤ ਵੀ ਨਹੀਂ ਕਹਿਣਾ ਚਾਹੀਦਾ । ਇਸ ਬਾਰੇ ਸਾਡਾ ਇਤਹਾਸ ਬੜਾ ਸਪਸ਼ਟ ਹੈ ਕਿ ਜਦ ਗੁਰੂ ਕੇ ਬਾਗ ਦਾ ਮੋਰਚਾ ਸਨ ੧੯੨੨ ਈ: ਨੂੰ ਚਾਲੂ ਸੀ ਤਾਂ ਰੋਜ਼ਾਨਾ ਸੈਨਕੜੇ ਸਿੱਖ ਪੁਲੀਸ ਦੀਆ ਡਾਂਗਾਂ ਲਗਣ ਕਾਰਨ ਸ਼ਹੀਦੀਆਂ

ਤਾਂ ਪਾਈ ਜਾ ਰਹੇ  ਸਨ ਪਰ ਆਪਣੇ ਮਿਆਨ ਵਿੱਚ  ਤਿਨ ਜਾਂ ਸਾਡੇ ਤਿਨ ਫੁੱਟੀ ਕਿਰਪਾਣ ਨੂੰ ਬਾਹਰ ਨਹੀਂ ਕਢਦੇ ਸਨ ਕਿਉਂ ਕਿ ਸ਼ਹੀਦੀ ਜਥਾ ਤੁਰਨ ਸਮੇ ਉਨ੍ਹਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਅਜਿਹਾ ਹੀ ਹੁਕਮ ਮਿਲਦਾ ਸੀ ।

ਸਗੋਂ ਸਾਨੂੰ ਤਾਂ ਆਪਣੇ ਗੁਰਦੁਆਰਿਆਂ ਵਿੱਚ ਸੰਗਤ ਰੂਪ ਵਿੱਚ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਇਸ ਸ਼ਬਦ ਦਾ ਗਾਇਣ ਜਾਂ ਪਾਠ ਵੀ ਕਰਨਾ ਚਾਹੀਦਾ ਹੈ ਕਿ

“ਖਗ ਖੰਡ ਬਿਹੰਡੰ ਖਲ ਦਲ ਖੰਡੰ, ਅਤਿ ਰਣ ਮੰਡੰ ਬਰਭੰਡੰ ॥
ਭੁਜ ਦੰਡ ਅਖੰਡੰ ਤੇਜ ਪਰਚੰਡੰ,ਜੋਤਿ ਅਮੰਡੰ ਭਾਨ ਪ੍ਰਭੰ ॥
ਸੁਖ ਸੰਤਾ ਕਾਰਣ ਦੁਮਤਿ ਦਰਣੰ, ਕਿਲ ਭਿਖ ਹਰਣੰ ਅਸ ਸਰਣੰ ॥
ਜੈ ਜੈ ਜਗ ਕਾਰਣ ਸ੍ਰਿਸਟਿਉਬਾਰਣ, ਮਮ ਪ੍ਰਤਿਪਾਰਣ ਜੈ ਤੇਗੰ ॥”

# ਸੰਸਾਰ ਦੇ ਮੰਚ ਤੇ ਰਾਜਸੀ ਤਬਦੀਲੀਆਂ

ਪਹਿਲੀ ਜੰਗ ਦੇ ਖਤਮ ਹੋਣ ਪਿਛੋਂ ਇਹ ਫੌਜੀ ਯੂਰਪ ਤੋਂ ਵਾਪਸ ਪੰਜਾਬ ਪਰਤੇ ਤਾਂ ਉਹ ਧਾਰਮਕ,ਸਮਾਜਕ ਤੇ ਰਾਜਨੀਤਕ ਖੇਤਰ ਵਿਚ ਸਰਗਰਮ ਹੋ ਗਏ । ਰੂਸ ਵਿਚ ਵੀ ਇਨਕਲਾਬ ਆ ਗਿਆ ਸੀ ਜਿਸ ਦੇ ਫਲ ਸਰੂਪ ਰੂਸ ਵਿਚ ਕਮਿਊਨਿਸ਼ਟ ਸਰਕਾਰ ਬਣ ਚੁਕੀ ਸੀ । ਰੂਸ ਦੇ ਕਮਿਊਨਿਸਟ ਸੰਸਾਰ ਪੱਧਰ ਤੇ ਕਮਿਊਨਿਜ਼ਮ ਫੈਲਾਉਣ ਦਾ ਪ੍ਰੋਗਰਾਮ ਉਲੀਕ ਚੁਕੇ ਸਨ । ਰੂਸ ਭਾਰਤੀ ਜੰਤਾ ਨਾਲ ਵੀ ਆਪਣੇ ਸਬੰਧ ਜੋੜਣ ਦੇ ਯਤਨ ਕਰ ਰਿਹਾ ਸੀ । ਰੂਸ ਦੀਆਂ ਚਾਲਾਂ ਤੋਂ ਅੰਗਰੇਜ਼ ਪੂਰੀ ਨਜ਼ਰ ਰੱਖ ਰਿਹਾ ਸੀ ਜਿਸ ਦਾ ਪਤਾ ਉਸ ਸਮੇ ਦੀਆਂ ਅੰਗਰੇਜ਼ ਸਰਕਾਰ ਦੀਆਂ ਗੁਪਤ ਰੀਪੋਰਟਾਂ ਤੋਂ ਚਲਦਾ ਹੈ ਕਿ ਪੰਜਾਬ ਵਿਚ ਕਈ ਸਿੱਖ ਆਗੂ ਰੂਸ ਤੋਂ ਅੰਗਰੇਜ਼ ਵਿਰੋਧਤਾ ਦੇ ਨਾਮ ਅਧੀਨ ਆਰਥਕ ਤੇ ਹਥਿਆਰਾਂ ਦੀ ਸਹਾਇਤਾ ਪ੍ਰਾਪਤ ਕਰ ਰਹੇ ਸਨ । ਇਸ ਬਾਰੇ ਉਸ ਸਮੇ ਦੀ ਭਾਰਤ ਵਿਚ ਅੰਗਰੇਜ਼ ਸਰਕਾਰ ਦੀ ਇਕ ਗੁਪਤ ਰੀਪੋਟਰ ਇਸ ਤਰਾਂ ਦਸਦੀ ਹੈ ਕਿ ਪੰਜਾਬ ਵਿਚ ਸਿੱਖਾਂ ਨਾਲ ਰੂਸ ਨੇ ਸੰਪਰਕ ਪੈਦਾ ਕਰ ਲਏ ਸਨ ਜਿਸ ਦਾ ਖਰਚਾ ਰੂਸ ਤੋਂ ਮੰਗਵਾਇਆ ਜਾਂਦਾ ਸੀ । ਇਸ ਦਾ ਇਨਕਸ਼ਾਫ ਭਾਰਤ ਵਿਚ ਕਮੀਊਨਿਸਟ ਪਾਰਟੀ ਦੀ ਬੁਨਿਆਦ ਰਖਣ ਵਾਲੇ ਇਕ ਮੈਂਬਰ ਸ੍ਰੀ ਐਮ ਐਨ ਰਾਓ (ਮਨਾਬਿੰਦਰਾ ਨਾਥ ਰਾਓ) ਬਾਰੇ ਲਿਖੀ ਗਈ ਇਕ ਚੌਕਸੀ ਵਿਭਾਗ ਦੀ ਰੀਪੋਰਟ ਤੋਂ ਲੱਗ ਜਾਂਦਾ ਹੈ ਜਿਸ ਵਿਚ ਲਿਖਿਆ ਹੈ ਕਿ

“Alluding next to the difficulty of maintaining connection between the Indian Communist Party and the Executive Committee of the Communist International, Roy stated that they had established a fairly regular post through Kabul and Kandhar,while Comrade Raskolnikoff(the Soviet Minister at Kabul)

had given much assistance to party workers and messengers going to Moscow and back . In regard to finance,Roy said that the Central Committee of the Indian Communist Party had decided at a meeting,held on September 5th,to ask the Communist International for 1,20,000-35,000 Pounds for party work,70,000 Pounds for support of the Labour organizations which favour Communism and 15,000 pounds for the Socialist, which was for the time being the party organ . Their tactics,Roy said,would be combine the Independence movement, the Labour organization , and Kishan sabha into one struggle, and also to put Labour organizers into all factories; their paramount duty was to support, by every possible means,all Labour in India in its struggle for freedom from British Capital . The meeting approved of these tactics,and voted the grant of 1,20,000 Pounds almost unanimously. Shortly after his return to Berlin,Roy issued the necessary instructions in series of letters, dated December 19th. These were to link up the various Communist groups,namely,Bombay,Madras,Lahore,Bengal and the United Provinces , to add the secret revolutionary societies,especially of Bengal, the the left wing of the Trade Union Movement,**the Sikh movement ,** and make them into a "Country-wide Party" with revolutionary out look,which would, if possible,be "Legally"organized as part of the Indian National Congress, but which would ,in fact ,remain under the control and direction of the Communist Party, which not be but "illegal".

ਇਸ ਸਮੇ ਸਿੱਖਾਂ ਵਿਚੋਂ ਰੂਸੀ ਪੂੰਜੀ ਪ੍ਰਾਪਤ ਕਰਨ ਵਾਲਿਆਂ ਵਿਚ ਸ.ਮੋਤਾ ਸਿੰਘ ਦੇ ਨਾਮ ਦਾ ਵਰਨਣ ਮਿਲਦਾ ਹੈ ਇਸ ਦੇ ਨਾਲ ਕੁਝ ਬੱਬਰ ਅਕਾਲੀ ਤੇ ਗੱਦਰ ਪਾਰਟੀ ਦੇ ਮੈਂਬਰ ਵੀ ਸ਼ਾਮਲ ਦਸੇ ਜਾਂਦੇ ਹਨ । ਗੱਦਰ ਪਾਰਟੀ ਦੇ ਸੰਤੋਖ ਸਿੰਘ,ਸ.ਰਤਨ ਸਿੰਘ ਤੇ ਸ.ਮਿੱਤ ਸਿੰਘ ਮਈ ੧੯੨੩ ਵਿਚ ਕਮੀਊਨਿਸ਼ਟ ਇੰਟਰਨੈਸ਼ਨਲ ਦੀ ਚੌਥੀ ਕਾਂਗਰਸ ਵਿਚ ਵੀ ਸ਼ਾਮਲ ਹੋਣ ਲਈ ਰੂਸ ਗਏ ਹੋਏ ਦਸੇ ਜਾਂਦੇ ਹਨ । ਰੂਸ ਤੋਂ ਵਾਪਸ ਆਂਦੇ ਸਮੇ ਸ.ਮਿੱਤ ਸਿੰਘ ਨੂੰ ਵੀ ਕੁਝ ਧੰਨ ਰਾਸ਼ੀ ਰੂਸ ਵਲੋਂ ਦਿਤੀ ਗਈ ਦਸੀ ਜਾਂਦੀ ਹੈ । ਸ. ਮਿੱਤ ਸਿੰਘ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਸਨ ਤੇ ਮੁਕਤਸਰ ਦੇ ਇਲਾਕੇ ਦੇ ਜਥੇਦਾਰ ਨਿਯੁਕਤ ਕੀਤੇ ਗਏ ਸਨ ਪਰ ਉਨ੍ਹਾਂ ਦਾ ਅੰਦਰੂਨੀ ਸਬੰਧ ਕਮੀਊਨਿਸ਼ਟਾਂ ਦੇ ਨਾਲ ਹੀ ਰਿਹਾ ਸੀ ।ਇਸ ਤੋਂ ਅਗਲੇ ਸਾਲ ਰੂਸ ਵਲੋਂ ੫੦ ਲੱਖ ਰੁਪੈ ਹੋਰ ਸੋਨੇ ਦੇ ਸਿੱਕੇ ਦੇ ਰੂਪ ਵਿਚ ਭਾਰਤ ਵਿਚ ਪ੍ਰਚਾਰ ਕਰਨ ਲਈ ਭੇਜੇ ਜਾਣ ਦਾ ਪਤਾ ਇਸ ਰੀਪੋਰਟ ਰਾਹੀਂ ਲਗਦਾ ਹੈ ।

ਪਹਿਲੀ ਵਿਸ਼ਵ ਜੰਗ ਤੋਂ ਪਿਛੋਂ ਸਿੱਖ ਕਈ ਗਰੁਪਾਂ ਵਿਚ ਵੰਡੇ ਗਏ ਸਨ । ਇਕ ਗਰੁਪ ਜਿਸ ਵਿਚ ਵੱਖ ਵੱਖ ਸਿੰਘ ਸਭਾਵਾਂ ਤੇ

ਖਾਲਸਾ ਦੀਵਾਨ ਜਿਨ੍ਹਾਂ ਵਿਚ ਚੀਫ ਖਾਲਸਾ ਦੀਵਾਨ ਵੀ ਸ਼ਾਮਲ ਹੈ,ਵੰਡੇ ਹੋਏ ਸਨ ਜੋ ਆਪਸ ਵਿਚ ਚੌਧਰ ਦੀ ਲੜਾਈ ਲੜ ਰਹੇ ਸਨ । ਇਹ ਸਾਰੀਆਂ ਸਿੱਖ ਸੰਥਾਵਾਂ ਅੰਗਰੇਜ਼ ਸਰਕਾਰ ਨਾਲ ਮਿਲਵਰਤੋਂ ਰਖਦੀਆਂ ਹੋਈਆਂ ਸਿੱਖਾਂ ਲਈ ਵੱਧ ਤੋਂ ਵੱਧ ਲਾਭ ਪਰਾਪਤ ਕਰਨ ਦਾ ਯਤਨ ਕਰਦੀਆਂ ਸਨ। ਪਰ ਇਹ ਸਭ ਪੁਜਾਰੀਆਂ ਦੇ ਵਿਰੋਧੀ ਸਨ। ਦੂਜੇ ਪਾਸੇ ਅੰਗਰੇਜ਼ ਵਿਰੋਧੀ ਗਰੁਪ ਸੀ ।ਇਹ ਗਰੁਪ ਵੀ ਕਈ ਭਾਗਾਂ ਵਿਚ ਵੰਡਿਆ ਹੋਇਆ ਸੀ। ਬਦੇਸਾਂ ਵਿਚ ਵਸਦੇ ਗਦਰ ਪਾਰਟੀ ਦੇ ਪ੍ਰਭਾਵ ਅਧੀਨ ਕੁਝ ਸਿੱਖ ਰੂਸ ਵਿਚੋਂ ਸਹਾਇਤਾ ਲੈਣ ਲਈ ਕਮੀਊਨਿਸ਼ਟ ਪਾਰਟੀ ਦੀਆਂ ਹਦਾਇਤਾਂ ਤੇ ਅਮਲ ਕਰਦੇ ਸਨ ਤੇ ਜਾਹਰ ਆਪਣੇ ਆਪ ਨੂੰ ਅੰਗਰੇਜ਼ ਵਿਰੋਧੀ ਦਸ ਕੇ ਭਾਰਤ ਦੀ ਅਜ਼ਾਦੀ ਦਾ ਪ੍ਰਚਾਰ ਕਰ ਰਹੇ ਸਨ ਤੇ ਕਈ ਕਾਂਗਰਸ ਤੋਂ ਵੀ ਸਹਾਇਤਾ ਲੈ ਰਹੇ ਸਨ। ਇਹ ਦੋਵੇਂ ਗਰੁਪ ਸਿੱਖਾਂ ਦੇ ਤਿਜੇ ਗਰੁਪ ਦਾ ਅੰਗਰੇਜ਼ ਸਰਕਾਰ ਦੇ ਨਾਲ ਹੀ ਵਿਰੋਧ ਕਰ ਰਹੇ ਸਨ ।ਇਹ ਸਿੱਖਾਂ ਦਾ ਤਿਜਾ ਗਰੁਪ ਉਨ੍ਹਾਂ ਪੁਜਾਰੀਆਂ ਤੇ ਗ੍ਰੰਥੀਆਂ ਦਾ ਸੀ ਜੋ ਗੁਰੂ ਕੀ ਗੋਲਕ ਨੂੰ ਆਪਣੇ ਨਿਜੀ ਸਵਾਰਥ ਲਈ ਲੁਟੀ ਜਾ ਰਹੇ ਸਨ । ਅੰਗਰੇਜ਼ ਸਰਕਾਰ ਦੀ ਇਨ੍ਹਾਂ ਨੂੰ ਪੂਰੀ ਸ਼ਹਿ ਸੀ ਤੇ ਇਹ ਵੀ ਅੰਗਰੇਜ਼ ਸਰਕਾਰ ਨੂੰ ਖੁਸ਼ ਕਰਨ ਵਾਸਤੇ ਉਸ ਦੀਆਂ ਹਦਾਇਤਾਂ ਤੇ ਹੀ ਅਮਲ ਕਰ ਰਹੇ ਸਨ। ਜਦ ੧੯੧੯ ਦੀ ਵਿਸਾਖੀ ਦੇ ਸਮੇ ਜਨਰਲ ਡਾਇਰ ਨੇ ਜਲਿਆਂ ਵਾਲਾ ਬਾਗ ਅੰਮ੍ਰਿਤਸਰ ਵਿਖੇ ਬਿਨਾਂ ਵਾਰਨਿੰਗ ਤੋਂ ਗੋਲੀਆਂ ਚਲਾ ਕੇ ਸੈਂਕੜੇ ਭਾਰਤੀਆਂ ਨੂੰ ਸ਼ਹੀਦ ਕਰ ਦਿਤਾ ਸੀ ਤਾਂ ਅੰਗਰੇਜ਼ ਸਰਕਾਰ ਵਿਰੁਧ ਸਾਰੇ ਭਾਰਤ ਵਿਚ ਇਕ ਤੂਫਾਨ ਉਠ ਖੜਾ ਹੋਇਆ । ਇਸ ਸਾਕੇ ਵਿਚ ਸ਼ਹੀਦਾਂ ਵਿਚ ਸਿੱਖਾਂ ਦੀ ਗਿਣਤੀ ਸਭ ਨਾਲੋਂ ਵਧੇਰੇ ਹੋਣ ਕਾਰਨ ਪੰਜਾਬ ਤੇ ਪੰਜਾਬ ਤੋਂ ਬਾਹਰ ਬਸੇਸਾਂ ਵਿਚ ਵਸ ਰਹੇ ਸਿੱਖਾਂ ਵਿਚ ਅੰਗਰੇਜ਼ ਸਰਕਾਰ ਵਿਰੁਧ ਬੜੀ ਨਫਰਤ ਫੈਲ ਗਈ । ਕਾਮਾਗਾਟਾ ਮਾਰੂ ਜਹਾਜ਼ ਦੇ ਮੂਸਾਫਰਾਂ ਤੇ ਅਨ੍ਹੇਵਾਹ ਗੋਲੀਆਂ ਚਲਾਊਣ ਕਾਰਨ ਸਿੱਖਾਂ ਵਿਚ ਪਹਿਲਾਂ ਹੀ ਰੋਸ ਸੀ । ਇਥੇ ਇਹ ਵਨਣਯੋਗ ਹੈ ਕਿ ਕਾਮਾਗਾਟਾ ਕਾਂਡ ਵਿਚ ਕਾਂਗਰਸ ਪਾਰਟੀ ਤੇ ਮਹਾਤਮਾ ਗਾਂਧੀ ਨੇ ਅੰਗਰੇਜ਼ ਸਰਕਾਰ ਦੇ ਪੱਖ ਦੀ ਹਮਾਇਤ ਕੀਤੀ ਸੀ ।(ਪੜ੍ਹੋ ਜੀਵਨ ਬਾਬਾ ਗੁਰਦਿਤ ਸਿੰਘ ਲੇਖਕ ਪ੍ਰੋ ਜਸਵੰਤ ਸਿੰਘ ਜੱਸ) ਇਨ੍ਹਾਂ ਘਟਨਾਵਾਂ ਨੇ ਅੰਗਰੇਜ਼ ਸਰਕਾਰ ਦੀਆਂ ਜੜਾਂ ਖੋਖਲੀਆਂ ਕਰ ਦਿਤੀਆਂ ਜਿਸ ਨੂੰ ਮਜ਼ਬੂਤ ਕਰਨ ਲਈ ਅੰਗਰੇਜ਼ ਸਰਕਾਰ ਨੇ ਨੀਤੀ ਦੇ ਹਰ ਪਹਿਲੂ ਨੂੰ ਵਰਤਨ ਦਾ ਯਤਨ ਅਰੰਭ ਦਿਤਾ ।

ਸਿੱਖਾਂ ਦੇ ਮਨਾਂ ਵਿਚੋਂ ਨਫਰਤ ਦੀ ਅੱਗ ਨੂੰ ਠੰਡਾ ਕਰਨ ਵਾਸਤੇ ਅੰਗਰੇਜ਼ ਸਰਕਾਰ ਨੇ ਅਕਾਲ ਤਖਤ ਸਾਹਿਬ ਦੀ ਵਰਤੋਂ ਕੀਤੀ । ਆਪਣੇ ਨਿਯੁਕਤ ਕੀਤੇ ਗਏ ਸਰਬਰਾਹ ਸ.ਅਰੂੜ ਸਿੰਘ ਪਾਸੋਂ ਜਲਿਆ ਵਾਲਾ ਬਾਗ ਦੀ ਘਟਨਾ ਨੂੰ ਠੀਕ ਦਰਸਾਉਣ ਲਈ ਜਨਰਲ ਡਾਇਰ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਸਨਮਾਨ ਦਵਾਇਆ ਗਿਆ ਕਿ ਉਸ ਨੇ ਜਲਿਆਵਾਲਾ ਬਾਗ ਵਿਖੇ ਗੋਲੀ ਚਲਾ ਕੇ ਗੁਰਮਤ ਅਨੁਸਾਰ ਕੰਮ ਕੀਤਾ ਹੈ ਤੇ ਉਹ ਪੂਰਨ ਗੁਰਸਿੱਖ ਹੈ। ਇਸ ਤਰਾਂ ਸਿੱਖ ਦੀ ਪ੍ਰੀਭਾਸ਼ਾ ਹੀ ਬਦਲ ਦਿਤੀ ਗਈ । ਸ. ਅਰੂੜ ਸਿੰਘ ਵਿਰੁਧ ਸਿੱਖਾਂ ਵਿਚ ਇਕ ਤੂਫਾਨ ਹੀ ਉਠ ਖੜੋਤਾ ਤੇ ਉਸ ਦੀ ਥਾਂ ਥਾਂ ਤੇ ਵਿਰੋਧਤਾ ਸ਼ੁਰੂ ਹੋ ਗਈ । ਉਸ ਸਮੇ ਦੇ ਪੰਜਾਬੀ ਮੀਡੀਆ ਨੇ ਵੀ

ਸ.ਅਰੂੜ ਸਿੰਘ ਵਿਰੁਧ ਇਕ ਮੁਹਿਮ ਹੀ ਅਰੰਭ ਕਰ ਦਿਤੀ ਸੀ । ਸਿੱਖਾਂ ਵਲੋਂ ਸ. ਅਰੂੜ ਸਿੰਘ ਦੀ ਵਿਰੋਧਤਾ ਕਾਰਨ ਸ. ਅਰੂੜ ਸਿੰਘ ਨੂੰ ਦਰਬਾਰ ਸਾਹਿਬ ਦੇ ਸਰਬਰਾਹ ਦੀ ਪਦਵੀ ਤੋਂ ਹਟਾ ਦਿਤਾ ਗਿਆ ਸੀ ਪਰ ਸਿੱਖਾਂ ਦਾ ਗੁੱਸਾ ਫਿਰ ਵੀ ਸ਼ਾਂਤ ਨਹੀਂ ਹੋ ਰਿਹਾ ਸੀ ।

ਸਿੰਘ ਸਭਾਵਾਂ ਤੇ ਖਾਲਸਾ ਦੀਵਾਨਾਂ ਵਲੋਂ ਅੰਮ੍ਰਿਤ ਪਰਚਾਰ ਦੀ ਮੁਹਿਮ ਬੜੀ ਤੇਜ਼ੀ ਨਾਲ ਚਾਲਈ ਜਾ ਰਹੀ ਸੀ। ਬਹੁਤ ਸਾਰੇ ਅਛੂਤ ਜ਼ਾਤੀਆਂ ਤੇ ਹੋਰ ਨੀਵੀਆਂ ਜ਼ਾਤੀਆਂ ਜਿਹਨਾਂ ਵਿਚ ਕਈ ਮੁਸਿਲਮਾਨ ਘਰਾਣੇ ਵੀ ਸ਼ਾਮਲ ਸਨ ਅੰਮ੍ਰਿਤ ਪਾਣ ਕਰ ਕੇ ਸਿੱਖ ਸਜਣੇ ਸ਼ੁਰੂ ਹੋ ਗਏ ਸਨ । ਬਾਬੂ ਤੇਜਾ ਸਿੰਘ ਸੇਵਕ ਪੰਚ ਖਾਲਸਾ ਦੀਵਾਨ ਪੰਚ ਖੰਡ ਭਸੌਰ ਰਿਆਸਤ ਪਟਿਆਲਾ ਦੇ ਯਤਨਾਂ ਨਾਲ ਪਿੰਡ ਬਕਾ ਪੁਰ ਜਿਲਾ ਜਲੰਧਰ ਦੇ ਇਕ ਮੁਸਿਲਮਾਨ ਪਰੀਵਾਰ ਨੇ ਅੰਮ੍ਰਿਤ ਪਾਨ ਕਰ ਕੇ ਆਪਣੇ ਨਾਮ ਸ.ਲਖਵੀਰ ਸਿੰਘ ਤੇ ਸ.ਮਹਿਤਾਬ ਸਿੰਘ ਬੀਰ ਰੱਖ ਲਏ । ਇਨ੍ਹਾਂ ਨੇ ਅੰਮ੍ਰਿਤਸਰ ਤੋਂ ਇਕ ਪੰਜਾਬੀ ਸਪਤਾਹਕ ਅਖਬਾਰ ਚਾਲੂ ਕਰ ਕੇ ਸਿੱਖੀ ਦਾ ਪ੍ਰਚਾਰ ਸ਼ੁਰੂ ਕਰ ਦਿਤਾ । ਇਹਨਾਂ ਨੇ ਸ. ਤੇਜਾ ਸਿੰਘ ਭੁਚਰ ਦੀ ਸਹਾਇਤਾ ਨਾਲ ਨੀਵੀਆਂ ਜਾਤੀਆਂ ,ਅਛੂਤਾਂ ਤੇ ਮੁਸਿਲਮਾਨਾਂ ਵਿਚ ਸਿੱਖੀ ਦੇ ਪ੍ਰਚਾਰ ਲਈ ਇਕ ਸੰਸਥਾ ਦੀ ਸ਼ਥਾਪਨਾ ਕਰ ਲਈ ਜਿਸ ਦਾ ਨਾਮ 'ਖਾਲਸਾ ਬ੍ਰਾਦਰੀ ਕਾਰਜ ਸਾਧਕ ਦਲ' ਦਸਿਆ ਜਾਂਦਾ ਹੈ । ਇਸ ਦਲ ਦੇ ਪ੍ਰਧਾਨ ਸ.ਮਹਿਤਾਬ ਸਿੰਘ ਬੀਰ ਸਨ । ੧੦-੧੧ ਅਤੇ ੧੨ ਅਕਤੂਬਰ ੧੯੨੦ ਈ ਨੂੰ ਖਾਲਸਾ ਬ੍ਰਾਦਰੀ ਕਾਰਜ ਸਾਧਕ ਦਲ ਨੇ ਇਕ ਵਿਸ਼ਾਲ ਸਮਾਗਮ ਅੰਮ੍ਰਿਤਸਰ ਵਿਖੇ ਕੀਤਾ । ਇਸ ਸਮਾਗਮ ਵਿਚ ਚੀਫ ਖਾਲਸਾ ਦੀਵਾਨ, ਗੜਗਜ਼ ਅਕਾਲੀ ਦੀਵਾਨ ਤਰਨਤਾਰਨ ,ਸੈਂਟਰਲ ਮਾਝਾ ਖਾਲਸਾ ਦੀਵਾਨ ਕੀਰਤਨ ਘੜ੍ਹ ਤੇ ਕਈ ਸਿੰਘ ਸਭਾਵਾਂ ਤੋਂ ਬਿਨਾ ਖਾਲਸਾ ਕਾਲਜ ਅੰਮ੍ਰਿਤਸਰ ਦੇ ਕਈ ਵਿਦਵਾਨ ਪ੍ਰੋਫੈਸਰ ਵੀ ਸ਼ਾਮਲ ਹੋਏ । ਇਸ ਸਮਾਗਮ ਵਿਚ ਬਹੁਤ ਸਾਰੇ ਅਛੂਤ ਜ਼ਾਤੀਆਂ ਤੇ ਕਈ ਮੁਸਿਲਮਾਨਾਂ ਨੇ ਵੀ ਅੰਮ੍ਰਿਤ ਪਾਣ ਕੀਤਾ ਤੇ ਸਿੰਘ ਸੱਜ ਗਏ ।ਖਾਲਸਾ ਬ੍ਰਾਦਰੀ ਦਲ ਦੇ ਅਛੂਤਾਂ ਤੋਂ ਸਜੇ ਸਿੰਘਾਂ ਨੇ ਕੜਾਹ ਪ੍ਰਸ਼ਾਦਿ ਦੀ ਦੇਗ ਤਿਆਰ ਕੀਤੀ ਤੇ ਫੈਸਿਲਾ ਕੀਤਾ ਕਿ ਦਰਬਾਰ ਸਾਹਿਬ ਪੁਜ ਕੇ ਹਰਿਮੰਦਰ ਸਾਹਿਬ ਵਿਚ ਸਾਰੇ ਅੰਮ੍ਰਿਤਧਾਰੀ ਸਿੰਘ ਮੱਥਾ ਟੇਕਣ । ਇਸ ਤਰਾਂ ਇਕ ਬਹੁਤ ਭਾਰੀ ਜਲੂਸ ਦੇ ਰੂਪ ਵਿਚ ਸੰਗਤਾਂ ਦਰਬਾਰ ਸਾਹਿਬ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਲਈ ਚਲ ਪਈਆਂ ।ਉਸ ਸਮੇ ਦਰਬਾਰ ਸਾਹਿਬ ਹਰਿਮੰਦਰ ਸਾਹਿਬ ਦੇ ਪੁਜਾਰੀ ਅਛੂਤਾਂ ਤੇ ਨੀਵੀਆਂ ਜਾਤਾਂ ਵਾਲੇ ਸਿੱਖਾਂ ਦੀ ਨਾ ਤਾਂ ਅਰਦਾਸ ਕੀਤਾ ਕਰਦੇ ਸਨ ਤੇ ਨਾ ਹੀ ਕੜ੍ਹਾ ਪ੍ਰਸ਼ਾਦਿ ਦੀ ਦੇਗ ਹੀ ਪ੍ਰਵਾਣ ਕਰ ਕੇ ਸੰਗਤ ਵਿਚ ਵਰਤਾਉਂਦੇ ਸਨ । ਜਦ ਦਰਬਾਰ ਸਾਹਿਬ ਪੁਜ ਕੇ ਕੜ੍ਹਾ ਪ੍ਰਸਾਦਿ ਦੀ ਦੇਗ ਗੁਰੂ ਮਹਾਰਾਜ ਸਨ ਮੁਖ ਭੇਂਟ ਕੀਤੀ ਗਈ ਤਾਂ ਪੂਜਾਰੀਆਂ ਨੇ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿਤਾ ਜਿਸ ਕਾਰਨ ਦੋਹਾਂ ਧਿਰਾਂ ਵਿਚਕਾਰ ਝਗੜਾ ਉਤਪਨ ਹੋ ਗਿਆ ਪਰ ਕੁਝ ਸੂਝਵਾਨ ਸਿੰਘਾਂ ਦੇ ਸੁਝਾ ਤੇ ਫੈਸਿਲਾ ਹੋਇਆ ਕਿ ਗੁਰੂ ਗ੍ਰੰਥ ਸਾਹਿਬ ਵਿਚੋਂ ਹੁਕਮ ਲਿਆ ਜਾਵੇ ਤੇ ਹੁਕਮ ਅਨੁਸਾਰ ਕਾਰਵਾਈ ਕੀਤੀ ਜਾਵੇ । ਇਸ ਤਜ਼ਵੀਜ਼ ਤੇ ਸਭ ਸਹਿਮਤ ਹੋ ਗਏ । ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਬੈਠੇ ਭਾਈ ਸਾਹਿਬ ਭਾਈ ਫਤਹਿ ਸਿੰਘ ਜੀ ਮੁਖ ਗ੍ਰੰਥੀ ਨੇ ਗੁਰੂ ਗ੍ਰੰਥ ਸਾਹਿਬ ਦਾ

ਹੁਕਮ ਪੜ੍ਹਿਆ ਜੋ ਇਸ ਪਰਕਾਰ ਦਸਿਆ ਜਾਂਦਾ ਹੈ ।

“ਸੋਰਠਿ ਮਹਲਾ ੩ ਦਤੁਕੀ ॥
ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ ॥
ਸਤਿਗੁਰ ਕੀ ਸੇਵਾ ਉਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ ॥੧॥
ਹਰਿ ਜੀਉ ਆਪੇ ਬਖਸਿ ਮਿਲਾਇ ॥
ਗੁਣਹੀਣ ਹਮ ਅਪਰਾਧੀ ਭਾਈ ਪੂਰੈ ਸਤਿਗੁਰ ਲਏ ਰਲਾਇ ॥ਰਹਾਉ॥
ਕਉਣ ਕਉਣ ਅਪਰਾਧੀ ਬਖਸਿਅਨੁ ਪਿਆਰੇ ਸਾਚੈ ਸਬਦਿ ਵੀਚਾਰਿ ॥
ਭਉਜਲੁ ਪਾਰਿ ਉਤਾਰਿਅਨੁ ਭਾਈ ਸਤਿਗੁਰ ਬੇੜੈ ਚਾੜਿ ॥੨ ॥
ਮਨੁਰੈ ਤੇ ਕੰਚਨ ਭਏ ਭਾਈ ਗੁਰੁ ਪਾਰਸੁ ਮੇਲਿ ਮਿਲਾਇ ॥
ਆਪੁ ਛੋਡਿ ਨਾਉ ਮਨਿ ਵਸਿਆ ਭਾਈ ਜੋਤੀ ਜੋਤਿ ਮਿਲਾਇ ॥੩॥
ਹਉ ਵਾਰੀ ਹਉ ਵਾਰਣੈ ਭਾਈ ਸਤਿਗੁਰ ਕਉ ਸਦ ਬਲਿਹਾਰੈ ਜਾਉ ॥
ਨਾਮੁ ਨਿਧਾਨੁ ਜਿਨਿ ਦਿਤਾ ਭਾਈ ਗੁਰਮਤਿ ਸਹਜਿ ਸਮਾਉ ॥੪॥
ਗੁਰ ਬਿਨੁ ਸਹਜੁ ਨ ਉਪਜੈ ਭਾਈ ਪੂਛਹੁ ਗਿਆਨੀਆ ਜਾਇ॥
ਸਤਿਗੁਰ ਕੀ ਸੇਵਾ ਸਦਾ ਕਰਿ ਭਾਈ ਵਿਚਹੁ ਆਪੁ ਗਵਾਇ ॥੫॥
ਗੁਰਮਤੀ ਭਉ ਉਪਜੈ ਭਾਈ ਭਉ ਕਰਣੀ ਸਚੁ ਸਾਰੁ ॥
ਪ੍ਰੇਮ ਪਦਾਰਥੁ ਪਾਈਐ ਭਾਈ ਸਚੁ ਨਾਮੁ ਆਧਾਰੁ ॥੬॥
ਜੋ ਸਤਿਗੁਰੁ ਸੇਵਹਿ ਆਪਣਾ ਭਾਈ ਤਿਨ ਕੈ ਹਉ ਲਾਗਉ ਪਾਇ ॥
ਜਨਮੁ ਸਵਾਰੀ ਆਪਣਾ ਭਾਈ ਕੁਲੁ ਭੀ ਲਈ ਬਖਸਾਇ ॥੭॥
ਸਚੁ ਬਾਣੀ ਸਚੁ ਸਬਦੁ ਹੈ ਭਾਈ ਗੁਰ ਕਿਰਪਾ ਤੇ ਹੋਇ ॥
ਨਾਨਕ ਨਾਮੁ ਹਰਿ ਮਨਿ ਵਸੈ ਭਾਈ ਤਿਸੁ ਬਿਘਨੁ ਨ ਲਾਗੈ ਕੋਇ ॥੮॥੨॥”
(ਗੁਰੁ ਗ੍ਰੰਥ ਸਾਹਿਬ ਅੰਗ ੬੩੮)

ਗੁਰੂ ਗ੍ਰੰਥ ਸਾਹਿਬ ਜੀ ਦੇ ਇਸ ਹੁਕਮ ਤੋਂ ਸਾਰੀ ਸੰਗਤ ਬੜੀ ਪ੍ਰਭਾਵਤ ਹੋਈ । ਬੜੀ ਸ਼ਰਧਾ ਤੇ ਭਰੋਸੇ ਨਾਲ ਅਰਦਾਸਾ ਸੋਧਿਆ ਗਿਆ ਤੇ ਕੜ੍ਹਾ ਪ੍ਰਸ਼ਾਦਿ ਦੀ ਦੇਗ ਵਰਤਾ ਦਿਤੀ ਗਈ । ਇਸ ਤੋਂ ਪਿਛੋਂ ਸਾਰੀ ਸੰਗਤ ਸ੍ਰੀ ਅਕਾਲ ਤਖਤ ਸਾਹਿਬ ਜੀ ਸਨਮੁਖ ਪੁਜੀ । ਸ੍ਰੀ ਅਕਾਲ ਤਖਤ ਸਾਹਿਬ ਨੂੰ ਛੱਡਕੇ ਪੂਜਾਰੀ ਨਸ ਗਏ । ਸੰਗਤਾਂ ਨੇ ਪੂਜਾਰੀਆਂ ਨੂੰ ਬੜਾ ਸਮਝਾਇਆ ਕਿ ਉਹ ਆਪਣੀ ਸੇਵਾ ਜਾਰੀ ਰਖਣ ਪਰ ਪੂਜਾਰੀਆਂ ਨੇ ਇਕ ਨਾ ਮੰਨੀ । ਦਰਬਾਰ ਸਾਹਿਬ ਦੇ ਸਰਬਰਾਹ ਦੇ ਸਮਝਾਉਣ ਤੇ ਵੀ ਪੂਜਾਰੀਆਂ ਨੇ ਵਾਪਸ ਆਕੇ ਸੇਵਾ ਸੰਭਾਲਣੀ ਸਵੀਕਾਰ ਨਾ ਕੀਤੀ ਤਾਂ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸੰਗਤਾਂ ਦੇ ਇਸ ਇਕੱਠ ਨੇ ਸਰਬ ਸੰਮਤੀ ਨਾਲ ਜੱਥੇਦਾਰ ਤੇਜਾ ਸਿੰਘ ਭੁਚਰ ਨੂੰ ਸ੍ਰੀ ਅਕਾਲ ਤਖਤ ਸਾਹਿਬ ਜੀ ਦਾ ਜਥੇਦਾਰ ਨਿਯੁਕਤ ਕਰ ਦਿਤਾ । ਇਸ ਤਰਾਂ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਦੀ ਚੋਣ ਸਰਭ ਸੰਮਤੀ ਨਾਲ ਹੋ ਗਈ । ਜਥੇਦਾਰ ਜੀ ਨੂੰ ਪ੍ਰਬੰਧ ਚਲਾਉਣ ਦੇ ਸਭ ਅਧਿਕਾਰ ਦੇ ਦਿਤੇ ਗਏ । ਇਸ ਘਟਨਾ ਤੋਂ ਦੋ ਗਲਾਂ ਬੜੀਆਂ ਸਪਸਟ ਹੋ ਜਾਂਦੀਆਂ ਹਨ ।ਪਹਿਲੀ ਇਹ ਕਿ ਸੰਗਤਾਂ ਨੇ ਆਪਣੇ ਝਗੜੇ ਮਿਟਾਉਣ ਲਈ ਗੁਰੂ ਗ੍ਰੰਥ ਸਾਹਿਬ ਜੀ ਤੋਂ ਹੁਕਮ ਪ੍ਰਾਪਤ ਕੀਤਾ । ਦੁਜੀ ਇਹ ਕਿ ਸੰਗਤਾਂ ਨੇ ਸਰਭਸੰਮਤੀ ਨਾਲ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਦੀ ਚੋਣ ਕੀਤੀ । ਜੇ ਕਰ ਇਨ੍ਹਾਂ ਦੋਹਾਂ ਮਰਯਾਦਾਵਾਂ ਨੂੰ ਹਮੇਸ਼ਾਂ ਲਈ ਅਪਣਾ ਲਿਆ ਜਾਂਦਾ ਤਾਂ ਸਾਡੇ ਗੁਰਦੁਆਰਿਆਂ ਦੀਆਂ ਚੋਣਾਂ ਦੇ ਝਗੜੇ ਹਮੇਸ਼ਾਂ ਲਈ ਸਮਾਪਤ ਹੋ ਸਕਦੇ ਸਨ । ਇਹ ਮਰਯਾਦਾ ਨਾ ਤਾਂ ਅੰਗਰੇਜ਼ ਸਰਕਾਰ ਨੂੰ ਵਾਰਾ ਖਾਦੀ ਸੀ ਤੇ ਨਾ ਹੀ ਸਵਾਰਥੀ ਸਿੱਖ ਲੀਡਰਾਂ ਨੂੰ ਰਾਸ ਆਉਂਦੀ ਸੀ । ਇਸ ਸਮੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ ਨੇ ਇਕ ੨੫ ਮੈਂਬਰੀ ਕਮੇਟੀ ਦਾ ਸਗੰਠਨ ਕੀਤਾ ਜਿਸ ਦੇ ਪ੍ਰਧਾਨ ਸ.ਕਰਤਾਰ ਸਿੰਘ ਝੱਬਰ ਨੂੰ ਨਿਯੁਕਤ ਕੀਤਾ ਗਿਆ । ਇਹ ਚੋਣ ਵੀ ਸਰਭਸੰਮਤੀ ਨਾਲ ਕੀਤੀ ਗਈ । ਇਸ ਤਰਾਂ ਸਿੱਖ ਸੰਗਤਾਂ ਨੇ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ ਦਾ ਸਾਰਾ ਪ੍ਰਬੰਧ ਸੰਭਾਲ ਕੇ ਲੋੜ ਅਨੁਸਾਰ ਸੇਵਾਦਾਰਾਂ ਦੀਆਂ ਨਿਯੁਕਤੀਆਂ ਵੀ ਕਰ ਦਿਤੀਆਂ । ਸੰਗਤਾਂ ਤੇ ਪੂਜਾਰੀਆਂ ਦੇ ਇਸ ਝਗੜੇ ਨੂੰ ਨਿਪਟਾਉਣ ਵਾਸਤੇ ਅੰਗਰੇਜ਼ ਡਿਪਟੀ ਕਮਿਸ਼ਨਰ,ਅੰਮ੍ਰਿਤਸਰ ਨੇ ਪੂਜਾਰੀਆਂ ਤੇ ਸਿੱਖ ਸੰਗਤਾਂ ਦੇ ਆਗੂਆਂ ਦੀ ਇਕ ਮੀਟਿੰਗ ੧੩ ਅਕਤੂਬਰ,੧੯੨੦ ਨੂੰ ਸਦੀ ।ਇਸ ਮੀਟਿੰਗ ਵਿਚ ਪੂਜਾਰੀਆਂ ਦਾ ਕੋਈ ਵੀ ਪ੍ਰਤੀਨਿਧ ਨਹੀ ਪੁਜਾ ਸੀ । ਇਹ ਪੂਜਾਰੀ ਸਰਕਾਰ ਦੀ ਮਦਦ ਲੈਣ ਦੀ ਬਜਾਏ ਬੁਡਾ ਦਲ ਦੇ ਨਿਹੰਗ ਸਿੰਘਾਂ ਪਾਸ ਸਹਾਇਤਾ ਵਾਸਤੇ ਜਾ ਪੁਜੇ । ੨੫ ਅਕਤੂਬਰ ੧੯੨੦ ਨੂੰ ਨਿਹੰਗ ਸਿੰਘਾਂ ਦੇ ਇਕ ਜਥੇ ਦੀ ਸਹਾਇਤਾ ਨਾਲ ਪੂਜਾਰੀਆਂ ਨੇ ਦਰਬਾਰ ਸਾਹਿਬ ਦਾ ਕਬਜ਼ਾ ਲੈਣ ਦਾ ਯਤਨ ਕੀਤਾ ਪਰ ਸਫਲਤਾ ਪ੍ਰਾਪਤ ਨਾ ਕਰ ਸਕੇ ।

# ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਅਕਾਲੀ ਦਲ ਦੀ ਸ਼ਥਾਪਣਾ

ਸ਼੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ ਅਤੇ ਹੋਰ ਗੁਰਧਾਮਾਂ ਦੇ ਪ੍ਰਬੰਧ ਵਾਸਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਭਾਈ ਤੇਜਾ ਸਿੰਘ ਭੁਚਰ ਵਲੋਂ ੧੫ ਨਵੰਬਰ ੧੯੨੦ ਵਾਲੇ ਦਿਨ ਸਵੇਰ ਦੇ ਨੌ ਵਜੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸਾਰੇ ਪੰਥ ਦੀ ਇਕ ਇਕਤਰਤਾ ਬੁਲਾਈ ਗਈ । ਜਿਸ ਵਿਚ ਹਰ ਸਿੱਖ ਸੰਸਥਾ ਨੂੰ ਸੱਦਾ ਪੱਤਰ ਭੇਜਿਆ ਗਿਆ । ਖਾਲਸਾ ਸਕੂਲਾਂ,ਕਾਲਜਾਂ ਤੇ ਫੌਜੀਆਂ ਨੂੰ ਵੀ ਆਪਣੇ ਪ੍ਰਤੀਨਿਧ ਭੇਜਨ ਲਈ ਕਿਹਾ ਗਿਆ । ਪੂਜਾਰੀਆਂ ਨੇ ਇਸ ਦੇ ਟਾਕਰੇ ਇਕ ਇਸ਼ਤਿਹਾਰ ਕੱਢਿਆ ਕਿ ਇਹ ਇਕਤਰਤਾ ਪਰਵਾਨਤ ਨਹੀਂ ਹੈ ਕਿਉਂਕਿ ਇਸ ਇਕਤਰਤਾ ਨੂੰ ਸ੍ਰੀ ਅਕਾਲ ਤਖਤ ਬੁੰਗਾ ਸਾਹਿਬ ਦੇ ਪੂਜਾਰੀਆਂ ਦੀ ਸਲਾਹ ਤੋਂ ਬਿਨਾ ਕੀਤਾ ਜਾ ਰਿਹਾ ਹੈ । ਨਾ ਹੀ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਕੋਈ ਹੁਕਮਨਾਮਾ ਜਾਰੀ ਕੀਤਾ ਗਿਆ ਹੈ ਜਿਸ ਤੇ ਨਾ ਤਾਂ ਸ੍ਰੀ ਅਕਾਲ ਤਖਤ ਸਾਹਿਬ ਅਤੇ ਨਾ ਹੀ ਸ੍ਰੀ ਹਰਿਮੰਦਰ ਸਾਹਿਬ ਦੀ ਕੋਈ ਮੋਹਰ ਲਾਈ ਗਈ ਹੈ । ਇਸ ਲਈ ਸਿੱਖ ਸੰਗਤਾਂ ਨੂੰ ਇਸ ਵਿਚ ਸ਼ਾਮਲ ਨਹੀਂ ਹੋਣਾ ਚਾਹੀਦਾ । ਅੰਗਰੇਜ਼ ਸਰਕਾਰ ਵੀ ਪੂਜਾਰੀਆਂ ਦੀ ਪਿਠ ਤੇ ਸੀ ਜਿਸ ਕਾਰਨ ਪੂਜਾਰੀ ਕਾਨੂਨੀ ਲੜਾਈ ਲੜਣਾ ਚਾਹੁੰਦੇ ਸਨ । ਕਾਨੂਨ ਅਨੁਸਾਰ ਗੁਰਦੁਆਰੇ ਇਕ ਪ੍ਰਕਾਰ ਦੀ ਉਨ੍ਹਾਂ ਦੀ ਜ਼ਾਤੀ ਮਲਕੀਅਤ ਸਮਝੇ ਜਾਂਦੇ ਸਨ ਜਦ ਕਿ ਸਿੱਖ ਸੰਗਤਾਂ ਗੁਰਦੁਆਰਿਆਂ ਨੂੰ ਸਰਬ ਸਾਂਝੇ ਸਮਝਦੀਆਂ ਸਨ । ਦੋਹਾਂ ਧਿਰਾਂ ਵਲੋਂ ਆਪੋ ਆਪਣੇ ਪੱਖ ਦਾ ਖੂਬ ਪਰਚਾਰ ਕੀਤਾ ਜਾ ਰਿਹਾ ਸੀ । ਕਈ ਗੁਰਦੁਆਰਿਆਂ ਵਿਚ ਪੂਜਾਰੀ ਆਪਣੀ ਤਾਕਤ ਨੂੰ ਮਜ਼ਬੂਤ ਕਰਨ ਵਾਸਤੇ ਹਥਿਆਰਾਂ ਤੇ ਆਪਣੀ ਸੁਰਿਖਆ ਦੇ ਬਹਾਨੇ ਕਈ ਨੌਜਵਾਨ ਭਰਤੀ ਵੀ ਕਰਨ ਲਗ ਪਏ ਸਨ ।ਇਸ ਦੇ ਬਾਵਜੂਦ ੧੫ ਤੇ ੧੬ ਨਵੰਬਰ ੧੯੨੦ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੰਥ ਦਾ ਇਕ ਬਹੁਤ ਭਾਰੀ ਇਕੱਠ ਹੋਇਆ ਜਿਸ ਵਿਚ ਸਰਬਸੰਮਤੀ ਨਾਲ ੧੭੫ ਮੈਂਬਰਾਂ ਦੀ ਇਕ ਕਮੇਟੀ ਸਥਾਪਤ ਕੀਤੀ ਗਈ ਜਿਸ ਦਾ ਨਾਮ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਖਿਆ ਗਿਆ । ਇਸ ਕਮੇਟੀ ਦੀ ਪਹਿਲੀ ਮੀਟਿੰਗ ਸ੍ਰੀ ਅਕਾਲ ਤਖਤ ਸਾਹਿਬ ਤੇ ਕੀਤੀ ਗਈ ਜਿਸ ਦੇ ਪ੍ਰਧਾਨ ਸ. ਸੁੰਦਰ ਸਿੰਘ ਮਜੀਠਿਆ ਸਰਬ ਸੰਮਤੀ ਨਾਲ ਚੁਣੇ ਗਏ । ਪ੍ਰਬੰਧ ਲਈ ਨਿਯਮਾਂ ਦਾ ਖਰੜਾ ਤਿਆਰ ਕਰਨ ਵਾਸਤੇ ਇਕ ਸਬ ਕਮੇਟੀ ਦੀ ਸਥਾਪਣਾ ਕੀਤੀ ਗਈ । ਮੀਟਿੰਗ ਵਿਚ ਫੈਸਿਲਾ ਕੀਤਾ ਗਿਆ ਕਿ ਸਾਰੇ ਗੁਰਦੁਆਰੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਲਿਆਂਦੇ ਜਾਣ । ਇਸ ਤਰਾਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਨਣ ਨਾਲ ਗੁਰਦੁਆਰਾ ਸੁਧਾਰ ਲਹਿਰ ਨੇ ਬੜੀਆਂ ਭਾਰੀ ਸਰਗਰਮੀਆਂ ਤੇਜ਼ ਕਰ ਦਿਤੀਆਂ । ਗੁਰਦੁਆਰਿਆਂ ਦੇ ਸੁਧਾਰ ਲਈ ਜਥੇ ਤਿਆਰ ਕਰਨ ਦੀ ਲੋੜ ਮਹਿਸੂਸ ਕੀਤੀ ਗਈ ਜਿਸ ਕਾਰਨ ਇਕ ਵਖਰੀ ਪੰਥਕ ਪਾਰਟੀ ਬਣਾਉਣ ਦਾ ਨਿਰਣਾ ਲੀਤਾ ਗਿਆ ਤੇ ੧੪ ਦਸੰਬਰ ੧੯੨੦ ਨੂੰ ਇਸ ਪਾਰਟੀ ਦਾ ਨਾਮ ਸ਼ਰੋਮਣੀ ਅਕਾਲੀ ਦਲ ਰਖ ਦਿਤਾ ਗਿਆ । ਸ਼ਰੋਮਣੀ ਅਕਾਲੀ ਦਲ ਦਾ ਕੰਮ ਇਕ ਪਾਸੇ ਤਾਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਹਾਇਤਾ ਕਰਨਾ

ਸੀ ਤੇ ਦੂਜੇ ਪਾਸੇ ਸਿੱਖਾਂ ਦੇ ਸਮਾਜਕ ਤੇ ਰਾਜਸੀ ਮਸਲਿਆ ਤੇ ਵਿਚਾਰ ਕਰਕੇ ਸਿੱਖ ਪੰਥ ਨੂੰ ਇਕ ਪਲੇਟਫਾਰਮ ਤੇ ਇਕੱਤਰ ਕਰਨਾ ਸੀ । ਇਸ ਦੇ ਪਹਿਲੇ ਪ੍ਰਧਾਨ ਸ.ਸਰਮੁਖ ਸਿੰਘ ਝਬਾਲ ਤੇ ਸੱਕਤਰ ਜਥੇਦਾਰ ਤੇਜਾ ਸਿੰਘ ਭੁਚਰ ਚੁਣੇ ਗਏ । ਇਨ੍ਹਾਂ ਪੰਥਕ ਜਥੇਬੰਦੀਆਂ ਦੇ ਸਥਾਪਤ ਹੋਣ ਨਾਲ ਗੁਰਦੁਆਰਾ ਸੁਧਾਰ ਲਹਿਰ ਵਿਚ ਕਾਫੀ ਤੇਜ਼ੀ ਆ ਗਈ ਤੇ ਕਈ ਗੁਰਦੁਆਰੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੁੰਦੇ ਗਏ।ਇਸ ਸਮੇ ਭਾਰਤ ਭਰ ਦੀਆਂ ਤਕਰੀਬਨ ਸਾਰੀਆਂ ਹੀ ਰਾਜਸੀ ਪਾਰਟੀਆਂ ਗੁਰਦੁਆਰਾ ਸੁਧਾਰ ਲਹਿਰ ਦੀ ਹਮਾਇਤ ਕਰ ਰਹੀਆਂ ਸਨ ਤੇ ਹਰ ਕੀਮਤ ਤੇ ਅੰਗਰੇਜ਼ ਸਰਕਾਰ ਨੂੰ ਨੀਵਾਂ ਵੇਖਣਾ ਚਾਹੁੰਦੀਆਂ ਸਨ । ਅੰਗਰੇਜ਼ ਸਰਕਾਰ ਹਾਲਾਤ ਤੇ ਪੂਰੀ ਨਜ਼ਰ ਰਖਦੀ ਹੋਈ ਇਹੋ ਜਹੀ ਪਾਲਸੀ ਘੜਣ ਤੇ ਵਿਚਾਰ ਕਰ ਰਹੀ ਸੀ ਜਿਸ ਨਾਲ ਭਾਰਤ ਭਰ ਤੇ ਖਾਸ ਕਰ ਕੇ ਪੰਜਾਬ ਵਿਚ ਸਰਕਾਰ ਵਿਰੁਧ ਸਿੱਧੀ ਬਗਾਵਤ ਨਾ ਫੈਲ ਸਕੇ ।

## ਤਰਨ ਤਾਰਨ ਤੇ ਨਨਕਾਨਾ ਸਾਹਿਬ ਦੇ ਸਾਕੇ

ਸ਼੍ਰੀ ਅਕਾਲ ਤਖਤ ਸਾਹਿਬ ਦੇ ਸਾਹਮਣੇ ਸਜੇ ਦੀਵਾਨ ਵਿਚ ਤਰਨ ਤਾਰਨ ਤੋਂ ਆਈ ਇਕ ਬੀਬੀ ਨੇ ਤਰਨ ਤਾਰਨ ਦੇ ਪੂਜਾਰੀਆਂ ਵਿਰੁਧ ਸ਼ਿਕਾਇਤ ਕੀਤੀ । ਇਹ ਘਟਨਾ ੨੪ ਜਨਵਰੀ ੧੯੨੧ ਦੀ ਦਸੀ ਜਾਂਦੀ ਹੈ । ਦੀਵਾਨ ਵਿਚ ਫੈਸਿਲਾ ਲੀਤਾ ਗਿਆ ਕਿ ਤਰਨ ਤਾਰਨ ਲਈ ਇਕ ਜਥਾ ਤੁਰੰਤ ਘਲਿਆ ਜਾਵੇ । ਅਗਲੇ ਦਿਨ ੨੫ ਜਨਵਰੀ ੧੯੨੧ ਨੂੰ ਸਵੇਰ ਦੇ ਸਮੇ ਹੀ ਜਥੇਦਾਰ ਤੇਜਾ ਸਿੰਘ ਭੁਚਰ ਦੀ ਅਗਵਾਈ ਵਿਚ ਸਿੰਘਾਂ ਦਾ ਇਕ ਜਥਾ ਰਵਾਨਾ ਹੋ ਗਿਆ ਜਿਸ ਵਿਚ ਤਕਰੀਬਨ ੪੦ ਸਿੰਘ ਸ਼ਾਮਲ ਦਸੇ ਜਾਂਦੇ ਸਨ । ਤਰਨ ਤਾਰਨ ਪੁਜਨ ਤੇ ਜਥੇ ਦਾ ਕਿਸੇ ਨੇ ਵੀ ਟਾਕਰਾ ਨਹੀਂ ਕੀਤਾ । ਕੁਝ ਸਮਾ ਜਥੇ ਦੇ ਸਿੰਘ ਕੀਰਤਨ ਸਰਵਣ ਕਰਦੇ ਰਹੇ ਤੇ ਸ਼ਾਮ ਦੇ ਤਕਰੀਬਨ ਚਾਰ ਵਜੇ ਪੂਜਾਰੀਆਂ ਨਾਲ ਇਕਤਰਤਾ ਕੀਤੀ ਗਈ। ਪੂਜਾਰੀਆਂ ਨਾਲ ਕੁਝ ਸ਼ਰਤਾਂ ਤੇ ਸਮਝੌਤਾ ਹੋ ਗਿਆ ਪਰ ਰਾਤ ਦੇ ਤਕਰੀਬਨ ੮ ਵਜੇ ਪੂਜਾਰੀਆਂ ਨੇ ਸਿੰਘਾਂ ਦੇ ਜਥੇ ਤੇ ਅਚਾਨਕ ਹਮਲਾ ਕਰ ਦਿਤਾ ਜਿਸ ਦੇ ਫਲਸਰੂਪ ਸ. ਹਜ਼ਾਰਾ ਸਿੰਘ ਅਲਾਦੀਨ ਪੁਰ ਤੇ ਸ.ਹੁਕਮ ਸਿੰਘ ਵਸਾਊ ਕੋਟ ਸ਼ਹੀਦੀਆਂ ਪਾ ਗਏ ।ਇਸ ਤੋ ਬਿਨਾ ਜਥੇ ਦੇ ਤਕਰੀਬਨ ੧੭ ਸਿੰਘ ਜ਼ਖਮੀ ਹੋ ਗਏ । ਇਸ ਲੜਾਈ ਵਿਚ ੧੩ ਪੂਜਾਰੀ ਵੀ ਜ਼ਖਮੀ ਹੋਏ ਦਸੇ ਜਾਂਦੇ ਹਨ । ਪੂਜਾਰੀਆਂ ਵਲੋਂ ਡਾਕੇ ਤੇ ਜਬਰਨ ਕਬਜ਼ਾ ਕਰਨ ਦੇ ਮੁਕਦਮੇ ਸਿੰਘਾਂ ਵਿਰੁਧ ਦਰਜ ਕਰਵਾਏ ਗਏ ਤੇ ੧੩ ਪੂਜਾਰੀਆਂ ਦੇ ਜ਼ਖਮੀ ਹੋਣ ਦੇ ਕੇਸ ਵੀ ਦਰਜ ਕਰਵਾਏ ਗਏ ।ਇਸ ਦੇ ਬਾਵਜੂਦ ਅਗਲੀ ਸਵੇਰ ਨੂੰ ਸਿੰਘਾਂ ਨੇ ਦਰਬਾਰ ਸਾਹਿਬ ਤਰਨ ਤਾਰਨ ਦਾ ਪੂਰਾ ਕੰਟਰੋਲ ਆਪਣੇ ਹੱਥਾਂ ਵਿਚ ਲੈ ਲੀਤਾ ।ਪਿੰਡਾਂ ਵਿਚੋਂ ਵੀ ਬਹੁਤ ਸਾਰੀਆਂ ਸੰਗਤਾਂ ਦੇ ਪੁਜਣ ਕਾਰਨ ਸਾਰੀ ਪਰਕਰਮਾ ਦੀ ਧੁਲਾਈ ਕਰ ਕੇ ਸਫਾਈ ਕੀਤੀ ਗਈ ।ਜਥੇਦਾਰ ਤੇਜਾ ਸਿੰਘ ਭੁਚਰ ਨੇ ਇਕ ੧੫ ਮੈਂਬਰੀ ਕਮੇਟੀ ਸਥਾਪਤ ਕਰਕੇ ਗੁਰਦੁਆਰੇ ਦਾ ਸਾਰਾ ਪ੍ਰਬੰਧ ਸਿੱਖ ਸੰਗਤਾਂ ਦੇ ਹਵਾਲੇ ਕਰ ਦਿਤਾ । ਇਹ ਕਮੇਟੀ ਸਥਾਪਤ ਕਰਨ ਵਿਚ ਗੁਰੂ ਕਲਗੀਧਰ ਪਿਤਾ ਦੇ ਪੰਜ

ਪਿਆਰੇ ਦੇ ਸਿੱਧਾਂਤ ਨੂੰ ਸਾਹਮਣੇ ਨਹੀਂ ਰਖਿਆ ਗਿਆ ਸੀ । ਕਲਗੀ ਧਰ ਪਿਤਾ ਨੇ ਜਦ ਪੰਜ ਪਿਆਰੇ ਚੁਣੇ ਸਨ ਤਾਂ ਉਨ੍ਹਾਂ ਨੇ ਪੰਜ ਮੁਕਤੇ ਵੀ ਚੁਣੇ ਸਨ । ਆਮ ਤੌਰ ਤੇ ਸਿੱਖ ਸੰਸਥਾਵਾਂ ਦੀ ਕਾਰਜਕਾਰਨੀ ਕਮੇਟੀ ਦੀ ਬੰਤਰ ਪੰਜ ਪਿਆਰੇ ਤੇ ਪੰਜ ਮੁਕਤੇ ਚੁਣ ਕੇ ਕੀਤੀ ਜਾਂਦੀ ਰਹੀ ਸੀ ਤੇ ਗਿਆਰਵਾਂ ਜਥੇਦਾਰ ਹੋਇਆ ਕਰਦਾ ਸੀ । ਸਰਕਾਰ ਦੀ ਸ਼ਹਿ ਤੇ ਜਥੇਦਾਰ ਤੇਜਾ ਸਿੰਘ ਭੁਚਰ ਤੇ ਕਈ ਮੁਕਦਮੇ ਦਰਜ ਕਰਵਾਏ ਗਏ ਜਿਨ੍ਹਾਂ ਵਿਚ ਉਨ੍ਹਾਂ ਨੂੰ ਸਜ਼ਾ ਵੀ ਭੁਗਤਨੀ ਪਈ ।ਇਸ ਘਟਨਾ ਤੋਂ ਤੁਰੰਤ ਹੀ ਪਿਛੋਂ ਖਡੂਰ ਸਾਹਿਬ ਤੇ ਗੋਇੰਦਵਾਲ ਦੇ ਗੁਰਦੁਆਰੇ ਵੀ ਪੰਥਕ ਕੰਟਰੋਲ ਵਿਚ ਆ ਗਏ ਤੇ ਉਨ੍ਹਾ ਦਾ ਪ੍ਰਬੰਧ ਚਲਾਉਣ ਲਈ ਲੋਕਲ ਕਮੇਟੀਆਂ ਸਥਾਪਤ ਕਰ ਦਿਤੀਆਂ ਗਈਆ ।

ਨਨਕਾਣਾ ਸਾਹਿਬ ਦਾ ਗੁਰਦੁਆਰਾ ਬੜੀ ਵਿਸ਼ੇਸ਼ਤਾ ਰਖਦਾ ਸੀ । ਇਹ ਗੁਰਦੁਆਰਾ ਉਸ ਸਮੇ ਸਭ ਗੁਰਦੁਆਰਿਆਂ ਨਾਲੋਂ ਵਧੇਰੇ ਆਮਦਨੀ ਵਾਲਾ ਸੀ । ਇਸ ਦੇ ਨਾਮ ੩੨ ਪਿੰਡਾਂ ਦੀ ਜਾਗੀਰ ਦਸੀ ਜਾਂਦੀ ਹੈ । ਫਰਵਰੀ ੧੯੨੧ ਈ: ਵਿਚ ਇਸ ਗੁਰਦੁਆਰੇ ਦਾ ਕੰਟਰੋਲ ਵੀ ਪੰਥਕ ਕਬਜ਼ੇ ਵਿਚ ਲਿਆਉਣ ਦਾ ਫੈਸਿਲਾ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਕਰ ਦਿਤਾ ਗਿਆ । ਇਸ ਮੰਤਵ ਲਈ ਸ. ਲਛਮਣ ਸਿੰਘ ਧਾਰੋਵਾਲਿਆ ਤੇ ਸ. ਕਰਤਾਰ ਸਿੰਘ ਝੱਬਰ ਜਥੇ ਲੈ ਕੇ ਰਵਾਨਾ ਹੋਏ । ਇਸ ਬਾਰੇ ਗੁਰਦੁਆਰੇ ਤੇ ਕਾਬਜ਼ ਮਹੰਤ ਨਰਾਇਣ ਦਾਸ ਪੂਰੀ ਤਰਾਂ ਤਿਆਰੀ ਵਿਚ ਸੀ । ਉਸ ਦੀ ਸਹਾਇਤਾ ਅੰਗਰੇਜ਼ ਡਿਪਟੀ ਕਮਿਸ਼ਨਰ ਸੇਖੂਪੁਰਾ ਕਰ ਰਿਹਾ ਸੀ । ਮਹੰਤ ਦੀ ਅੰਗਰੇਜ਼ ਸਰਕਾਰ ਦੇ ਦਰਬਾਰ ਵਿਚ ਬੜੀ ਪਹੁੰਚ ਦਸੀ ਜਾਂਦੀ ਸੀ । ਇਥੋਂ ਤਕ ਕਿ ਲਾਹੌਰ ਦਾ ਕਮਿਸ਼ਨਰ ਵੀ ਉਸ ਦੀ ਸਹਾਇਤਾ ਕਰਦਾ ਸੀ । ਉਸ ਨੇ ਆਪਣੀ ਸੁਰਿਖਿਆ ਲਈ ਜਿਥੇ ਹਥਿਆਰ ਇਕਤਰ ਕੀਤੇ ਹੋਏ ਸਨ ਉਥੇ ਉਸ ਨੇ ਤਕਰੀਬਨ ੫੦ ਪਠਾਨ ਵੀ ਆਪਣੀ ਸੁਰਖਿਆ ਲਈ ਨੌਕਰ ਭਰਤੀ ਕੀਤੇ ਹੋਏ ਸਨ ।ਸ. ਲਛਮਣ ਸਿੰਘ ਜਦ ਜਥੇ ਸਮੇਤ ਨਨਕਾਣਾ ਸਾਹਿਬ ਪੁਜੇ ਤਾਂ ਮਹੰਤ ਦੇ ਭਰਤੀ ਕੀਤੇ ਵਿਅਕਤੀਆਂ ਨੇ ਜਥੇ ਤੇ ਚਾਰੇ ਪਾਸੇ ਤੋਂ ਹਥਿਆਰਾਂ ਨਾਲ ਹਮਲਾ ਕਰ ਦਿਤਾ । ਜਥੇ ਦੇ ਸਿੰਘਾਂ ਤੇ ਬੜੇ ਅਤਿਆਚਾਰ ਕਰਦਿਆਂ ਹੋਇਆਂ ਉਨ੍ਹਾਂ ਨੂੰ ਸ਼ਹੀਦ ਕਰ ਦਿਤਾ । ਇਕ ਰੀਪੋਰਟ ਅਨੁਸਾਰ ਜਥੇ ਦੇ ੮੬ ਸਿੰਘ ਸਹੀਦ ਹੋ ਗਏ ਸਨ ਜਦ ਕਿ ਸਰਕਾਰੀ ਰੀਪਰਟ ਅਨੁਸਾਰ ਇਹ ਗਿਣਤੀ ੧੩੦ ਦਸੀ ਗਈ ਹੈ ।ਇਨ੍ਹਾਂ ਵਿਚ ਜਥੇ ਦਾ ਆਗੂ ਸ. ਲਛਮਣ ਸਿੰਘ ਵੀ ਸ਼ਾਮਲ ਸੀ ।ਇਸ ਸਾਕੇ ਵਿਚ ਪੂਜਾਰੀਆਂ ਦੇ ਪਿਛੇ ਅੰਗਰੇਜ਼ ਸਰਕਾਰ ਪੂਰੀ ਤਰਾਂ ਖੜੀ ਸੀ ਜਿਸ ਦਾ ਪਤਾ ਉਸ ਸਮੇ ਦੀਆਂ ਸਰਕਾਰੀ ਰੀਪੋਰਟਾਂ ਤੋ ਬੜਾ ਸ਼ਪਸ਼ਟ ਹੋ ਜਾਂਦਾ ਹੈ । ਉਧਾਰਨ ਲਈ ਅਸੀਂ ਇਥੇ ਇਸ ਬਾਰੇ ਅੰਗਰੇਜ਼ ਸਰਕਾਰ ਦੀ ਇਕ ਗੁਪਤ ਰੀਪੋਰਟ ਦੀ ਨਕਲ ਆਪਣੇ ਪਾਠਕਾਂ ਦੇ ਗਿਆਤ ਲਈ ਲਿਖਦੇ ਹਾਂ ਜਿਸ ਵਿਚ ਅੰਗਰਜ਼ ਸਰਕਾਰ ਦਾ ਚੌਕਸੀ ਵਿਭਾਗ ਇਹ ਸਵੀਕਾਰ ਕਰਦਾ ਹੈ ਕਿ ਮਹੰਤ ਨਰੈਣ ਦਾਸ ਨੇ ਸਥਾਨਕ ਅੰਗਰੇਜ਼ ਅਫਸਰਾਂ ਨੂੰ ਰਿਸ਼ਵਤ ਦੇ ਕੇ ਆਪਣੀ ਮਨ ਮਰਜ਼ੀ ਕੀਤੀ ਸੀ ਜਿਸ ਦਾ ਅੰਗਰੇਜ਼ ਅਧਿਕਾਰੀਆਂ ਨੂੰ ਪਹਿਲਾਂ ਹੀ ਪਤਾ ਸੀ ।

"Copy of Home Poll. Deptt., F.No.282 – 315 & K .W.,May 1921

## (NOTES IN THE INTELLGENCE BUREAU)

I have received a number of reports on the 'Nanakana Sahib Tragedy'too lengthy to submit in original. The salient points are summarized below.

The actual facts continue obscure. It is now generally admitted that the professedly peaceful piligrims who called at Nanakna Sahib on their way to Chak No.96' were really an advance party of the Akali Jatha and that their object was to induce the Mahant to hand over the shrine to them,and the popular belief is that the loss of life was caused by a massacre by the Mahant and not by a fight or by a massacre of the Mahant's supporters.

The Important fact is, that the tragedy is affording a handle for complaint against Government. It is asserted that the Mahant had made open preparations for definding the shrine by force of arms against the Akali Jatha's claims, and that these preparations were widely known locally and there fore must have been known to the local authorities who, however,made no attemp to stop them. On such a belief naturally follows the suspicion of bribery – It is being freely stated, and believed,that the Mahant heavily bribed the local British officials to give him a free hand , and that they did so.

One notable incident was , that the two special trains had been provided to take away the large number of Sikhs who had come to Nanakana ; but a rumour was started that "these special trains would decoy the Sikhs to place where they would be arrested or otherwise dealt with as had been done on the occasion of the budge budge affair." The result of this rumour was that people , though willing to leave by the overcrowded ordinary passenger train,refused to enter the specials. After explanation, one special train was filled and left at 3 P.M.(Februray 24 th); but the other ,though it waited till 8 P.M. ,finally left almost empty. This attitude of suspicion is a good example of the anti Govt. set of Sikhs opinion at Nanakana Sahib.

C.KAYE, -2-3-21
Home Department.
( File:- S.No. 150 National archive,New Delhi ,presently at Gobind Sadan)
Home Department Political – A
File No. 282 –315 & K.W. 1921

ਨਨਕਾਨਾ ਸਾਹਿਬ ਦੇ ਸਾਕੇ ਨੇ ਇਹ ਸਪਸ਼ਟ ਕਰ ਦਿਤਾ ਸੀ ਕਿ ਅੰਗਰੇਜ਼ ਸਰਕਾਰ ਪੂਰੀ ਤਰਾਂ ਗੁਰਦੁਆਰਿਆਂ ਦੇ ਪੂਜਾਰੀਆਂ ਤੇ ਮਹੰਤਾਂ ਦੀ ਪਿਠ ਠੋਕ ਰਹੀ ਸੀ । ਇਸ ਬਾਰੇ ਲਾਹੌਰ ਦੇ ਕਮਿਸ਼ਨਰ ਵਲੋਂ ਇਸ ਸਾਕੇ ਤੋਂ ਪਹਿਲਾਂ ਲਿਖੀ ਗਈ ਇਕ ਚਿੱਠੀ ਤੋਂ ਹੋਰ ਸਪਸ਼ਟ ਹੋ ਜਾਂਦਾ ਹੈ । ਇਹ ਚਿਠੀ ਲਾਹੌਰ ਦੇ ਕਮਿਸ਼ਨਰ ਨੇ ਇਕ ਸਿੱਖ ਲੀਡਰ ਬਾਬਾ ਕਰਤਾਰ ਸਿੰਘ ਬੇਦੀ ਨੂੰ ਲਿਖੀ ਸੀ ਜਿਸ ਵਿਚ ਇਸ ਪਰਕਾਰ ਲਿਖਿਆ ਹੈ :-

"With refernce to our conversation of the 18th December about the claim of Mahants to the peaceable possession of shrine in which they hold eshtablished rights,I write to say that any person who attempts to eject forcibly any Mahant or other person holding rights in a shrine is liable to punishment under the criminal law. The Mahant may ,if he has reasonable cause to suppose that he will be forcible removed from his shrine ,apply to district Magistrate for police protection provided that he pay for the cost of such protection. He may also,if he wishes,complain under section 107 crimal Procedure Code and ask for security to be taken from person likely to use force to him. If inspite of precautions or without having taken any precautions he is ejedcted from his shrine ,he can sue for recovery of his rights and also bring criminal proceedings."

ਅੰਗਰੇਜ਼ ਸਰਕਾਰ ਦੇ ਇਤਨੇ ਸਖਤ ਵਤੀਰੇ ਤੇ ਨੰਗੇ ਚਿਟੇ ਰੂਪ ਵਿਚ ਮਹੰਤਾਂ ਦੀ ਸਹਾਇਤਾ ਕਰਨ ਨਾਲ ਗੁਰਦੁਆਰਾ ਸੁਧਾਰ ਵਿਚ ਸ਼ਾਮਲ ਹੋਏ ਸਿੱਖਾਂ ਤੇ ਕੀ ਕੀ ਜ਼ੁਲਮ ਢਾਏ ਜਾ ਰਹੇ ਸਨ ਉਸ ਦਾ ਅੰਦਾਜ਼ਾ ਕਰਨਾ ਬੜਾ ਕਠਨ ਹੈ। ਸਰਕਾਰ ਤੇ ਮਹੰਤ ,ਸਿੱਖਾਂ ਤੇ ਅਤਿਆਚਾਰ ਕਰੀ ਜਾ ਰਹੇ ਸਨ ਜਦ ਕਿ ਸਿੱਖ ਬੜੇ ਸ਼ਾਂਤ ਮਈ ਤਰੀਕੇ ਨਾਲ ਵਾਹਿਗੁਰੂ ਦਾ ਭਾਣਾ ਸਮਝ ਕੇ ਬਰਦਾਸਤ ਕਰੀ ਜਾ ਰਹੇ ਸਨ ਤੇ ਕੁਰਬਾਨੀਆਂ ਦਈ ਜਾ ਰਹੇ ਸਨ । ਸਿੱਖਾਂ ਦੀਆਂ ਕੁਬਾਨੀਆਂ ਨੇ ਸਾਰੇ ਭਾਰਤ ਨੂੰ ਹਿਲਾ ਕੇ ਰੱਖ ਦਿਤਾ ਜਿਸ ਕਾਰਨ ਹਿੰਦ ਸਰਕਾਰ ਨੇ ਪੰਜਾਬ ਸਰਕਾਰ ਤੋਂ ਨਨਕਾਨਾ ਸਾਹਿਬ ਤੇ ਤਰਨ ਤਾਰਨ ਦੇ ਸਾਕੇ ਦੀ ਰੀਪੋਰਟ ਮੰਗ ਲਈ । ਪੰਜਾਬ ਸਰਕਾਰ ਦੇ ਚੀਫ ਸੈਕਟਰੀ ਨੇ ਜੋ ਰੀਪੋਰਟ ਤਾਰ ਦੇ ਕੇ ਘਲੀ ਉਹ ਇਸ ਪ੍ਰਕਾਰ ਹੈ ।

Telegram no. 6784-B., dated 2nd March 1921.
From – The Chief Secretary to the Government of Punjab, Lahore
To – The Secretary to the Government of India, Home Department, Delhi.

Your cipher wire Home Political no.381, dated 28th February conveying message from Secretary of State asking for information about Nankana affair. It is presumed in following remarks . Secretary of State by now in possession of substance of communiques issued by this Government. Two parties of Sikhs concerned in affair may be for convenience described as old Sikhs and reformers although this description not quite accurate and reformers have an extreme wing known as the Akali party. Sanatan or old fashioned party include most if not all those in possession of the important Sikh shrines to which are often attached valuable endowments. Nankana Sahib is the wealthiest of all shrines having large estates in 32 villages with income running to lakhs of rupees. Mahants or guardians of these shrine consider themselves owners or hereditary tenants with powers of enjoyment subject to certain religious duties.

Reformers deplore abuses alleged to exist at these shrines and claim that revenues which are wasted by Mahants belong to and should be administered under whole Sikh community. Reforming party includes not only genuine reformers but others greedy for loot and also enemies of Government. Ever since meeting Sikh League held last October when Gandhi was in Lahore and principle of non-co-operation was definitely adopted certain elements in Sikh community have been exhibiting increased boldness. Definite action with shrines began with Golden Temple when reforming party suddenly took possession of certain shrines there and dispossessed priests who yielded. From other minor shrines elsewhere Mahants have been similarly induced to introduce changes of administration but as matter at issue in each case was religious dispute and application was not made to authorities for protection Government did not intervene. Movement became more serious at end of January when band of reformers suddenly appeared at Tarn Taran Shrine. Old Sikh who appear to have had some warning and collected help are said to have precipitated conflict inside temple with result that some 25 men

were injured two of reforming party subsequently dying. Reformers remained in possession of shrine and parties appear to have colluded with assistance of non-co-operationists to suppress evidence in order to avoid successful prosection which has been launched. Nankana which is about 40 miles from Lahore has for some months past been subject of constant indefinite rumours of intended attacks by reformers. Chief priest Mahant Narain Das appears to have realized his precarious position and is said secretly to have collected arms. There being no police Station at place definite information has been wanting. A conference of old Sikhs was held in Lahore or 19th February and Mahant hurried back from Conference to Nankana. Details or what happened there on morning 20th February still obscure owing to destruction of tangible evidence. Apparently body of some 200 reformers proceeded to shrine whether for worship or attack not known. How fight began also unknown. When Deputy Commissioner arrived Mahant's party had upper hand and large number of dead bodies had been burned with kerosene oil. Total number killed about 120 mostly inside small shrine enclosure which is square commanded by houses from all sides. Dead mostly not yet identified owing to complete combustion. Enquiry much hampered by enormous numbers of excited Sikhs arriving from all parts of province at spot where few facilities exist. Great animus among Sikh crowds against neighbouring Muhammadans who are alleged to have helped Mahant. There has obviously been brutal massacre and Local Government has expressed sympathy but too soon yet to say definitely its origin.
Home Department.
( File:- S.No. 150 National archive,New Delhi ,presently at Gobind Sadan)
Home Department Political – A
File No. 282 –315 & K.W. 1921

ਇਸ ਰੀਪੋਰਟ ਦੀ ਇਕ ਨਕਲ ਹਿੰਦ ਦੇ ਵਾਇਸਰਾਇ (ਗ੍ਰਿਹ ਵਿਭਾਗ ) ਨੇ ਲੰਦਨ ਵਿਖੇ ਸਟੇਟ ਸਕਤਰ(ਭਾਰਤ ਲਈ) ਨੂੰ ਇਸ ਬਾਰੇ ਹਦਾਇਤਾਂ ਪ੍ਰਾਪਤ ਕਰਨ ਲਈ ੪ ਮਾਰਚ ੧੯੨੧ ਨੂੰ ਭੇਜ ਦਿਤੀ ਸੀ । ਇਸੇ ਤਰਾਂ ਪੰਜਾਬ ਪ੍ਰਦੇਸ ਕਾਂਗਰਸ ਕਮੇਟੀ ਦੇ ਇਕ ਉਘੇ ਲੀਡਰ ਡਾ: ਕਿਚਲੂ ਨੇ ਇਕ ਚਿੱਠੀ ਸਰਬ ਹਿੰਦ ਕਾਂਗਰਸ ਦੇ ਆਗੂ ਮਹਾਤਮਾ ਗਾਂਧੀ ਨੂੰ ਲਿਖ ਕੇ ਪੰਜਾਬ ਕਾਂਗਰਸ ਲਈ ਹਦਾਇਤਾਂ

ਮੰਗੀਆਂ ਸਨ । ਇਸ ਚਿੱਠੀ ਦੀ ਅਸਲ ਨਕਲ ਤਾਂ ਸਾਨੂੰ ਮਿਲ ਨਹੀਂ ਸਕੀ ਪਰ ਇਹ ਚਿੱਠੀ ਜੋ ਤਾਰ ਰਾਹੀਂ ਭੇਜੀ ਗਈ ਸੀ ,ਦੀ ਨਕਲ ਅੰਗਰੇਜ਼ ਸਰਕਾਰ ਦੇ ਚੌਕਸੀ ਵਿਭਾਗ ਦੀ ਫਾਈਲ ਨੰਬਰ ੧੫੦ ਵਿਚ ਦਰਜ ਹੈ ਉਹ ਅਸੀਂ ਇਥੇ ਪਾਠਕਾਂ ਦੀ ਜਾਨਕਾਰੀ ਲਈ ਲਿਖ ਰਹੇ ਹਾਂ ਤਾਂ ਕਿ ਪਾਠਕਾਂ ਨੂੰ ਇਹ ਪਤਾ ਲਗ ਸਕੇ ਕਿ ਸਾਕਾ ਨਨਕਾਨਾ ਸਾਹਿਬ ਕਾਰਨ ਜੋ ਰੋਸ ਸਿੱਖ ਕੌਮ ਵਿਚ ਪੈਦਾ ਹੋ ਚੁਕਾ ਸੀ ਉਸ ਦਾ ਪ੍ਰਭਾਵ ਜਿਥੇ ਅੰਗਰੇਜ਼ ਸਰਕਾਰ ਤੇ ਬਹੁਤ ਜ਼ਿਆਦਾ ਪਿਆ ਸੀ ਉਥੇ ਭਾਰਤ ਭਰ ਵਿਚ ਇਸ ਦੇ ਪ੍ਰਭਾਵ ਤੋਂ ਕੋਈ ਬਚ ਨਹੀਂ ਸਕਿਆ ਸੀ।

Copy of a telegram from Kitchleu, Amritsar, to Gandhi, noticed in the secret censorship at Ahmedabad.

“Over two hundred Sikhs including members of Central Gurdwaras Committee,Executive Sikh league,some members Legislative Councle met yesterday at Akaltakhat in Golden Temple ,discussion continued all the day,the following resolution passed. All the Sikhs arrested by authorities for taking so called forcible possession of gurdwaras should be released . Panth strongly resents and condemns the action of the authorties concerned in arresting Sikhs from Gurdwaras in various places and handling over same to Mahants pending enectment legislation suggested by Shiromani Gurdwara Parbandhak Committee for management, gurdwara control and management be left in the hands who exercised control when the Sikhs arrests began , all efforts of Panth to make Government alive to the need of reform having failed the Panth in presence of Guru resolves solemnly if innocent Sikh arrested not releases and satisfactory legislation passed up to 10th April Sikhs will consider interference with their religious rights and will be compelled to resort to all necessary means of reforming gurdwaras themselves . Advise action.”

ਜੇਵੇਂ ਜੇਵੇਂ ਅੰਗਰੇਜ਼ ਸਰਕਾਰ ਸਿੱਖਾਂ ਤੇ ਸਖਤੀਆਂ ਕਰੀ ਜਾ ਰਹੀ ਸੀ ਤੇ ਕਈ ਗੁਰਦੁਆਰੇ ਜਿਨ੍ਹਾ ਨੂੰ ਸਿੱਖਾਂ ਨੇ ਪੂਜਾਰੀਆਂ ਤੋਂ ਮੁਕਤ ਕਰਵਾ ਲਿਆ ਸੀ ਸਰਕਾਰ ਵਾਪਸ ਪੂਜਾਰੀਆਂ ਨੂੰ ਦਿਵਾ ਰਹੀ ਸੀ ਤੇ ਸਿੱਖਾਂ ਦੀਆਂ ਧੜਾ ਧੜ ਗ੍ਰਿਫਤਾਰੀਆਂ ਕਰੀ ਜਾ ਰਹੀ ਸੀ ਤੇਵੇ ਤੇਵੇ ਹੀ ਸਿੱਖਾਂ ਦੀ ਗੁਰਦੁਆਰਾ ਸੁਧਾਰ ਲਹਿਰ ਜ਼ੋਰ ਫੜਦੀ ਜਾ ਰਹੀ ਸੀ । ਸਿੱਖਾਂ ਦੀਆਂ ਇਨ੍ਹਾਂ ਕੁਰਬਾਨੀਆਂ ਤੇ ਕਾਂਗਰਸ ਪੂਰੀ ਤਰਾਂ ਨਜ਼ਰ ਰਖ ਰਹੀ ਸੀ । ਨਨਕਾਨਾ ਸਾਹਿਬ ਵਿਖੇ ਵੀ ਸਿੱਖਾਂ ਨਾਲ ਨੇੜਤਾ ਲਿਆਉਣ ਲਈ ਬਹੁਤ ਸਾਰੇ ਕਾਂਗਰਸੀ ਲੀਡਰ ਪੁਜੇ ਹੋਏ ਸਨ ।

# ਸਿੱਖ ਗੁਰਦੁਆਰਾ ਐਕਟ ੧੯੨੧

ਵਾਇਸਰਾਇ ਹਿੰਦ ਨੇ ਇੰਗਲੈਂਡ ਤੋਂ ਹਦਾਇਤਾਂ ਪ੍ਰਾਪਤ ਕਰਨ ਉਰੰਤ ਪੰਜਾਬ ਸਰਕਾਰ ਨੂੰ ਹਦਾਇਤ ਕੀਤੀ ਕਿ ਉਹ ਗੁਰਦੁਆਰਾ ਲਹਿਰ ਨੂੰ ਖਤਮ ਕਰਵਾਉਣ ਵਾਸਤੇ ਪਹਿਲੇ ਕਾਨੂਨ ਦੀ ਥਾਵੇਂ ਨਵਾ ਕਾਨੂਨ ਬਣਾ ਕੇ ਕੋਈ ਨਾ ਕੋਈ ਰਸਤਾ ਕੱਡੇ ਤਾਂ ਕਿ ਇਹ ਲਹਿਰ ਕਿਧਰੇ ਸਮੁਚੇ ਭਾਰਤ ਵਿਚ ਅਜ਼ਾਦੀ ਦੀ ਲਹਿਰ ਦਾ ਰੂਪ ਨਾ ਧਾਰਨ ਕਰ ਜਾਵੇ। ਬੜੇ ਲੰਭੇ ਚੌੜੇ ਵਿਚਾਰਾਂ ਪਿਛੋਂ ਸਰਕਾਰ ਨੂੰ ਇਹ ਐਲਾਨ ਕਰਨਾ ਪਿਆ ਕਿ ਉਹ ਛੇਤੀ ਹੀ ਗੁਰਦੁਆਰਿਆਂ ਦੇ ਪ੍ਰਬੰਧ ਲਈ ਨਵਾ ਕਾਨੂਨ ਬਣਾ ਦੇਵੇ ਗੀ । ਸਰਕਾਰ ਕਾਨੂਨ ਇਹੋ ਜਿਹਾ ਬਣਾਉਣਾ ਚਾਹੁੰਦੀ ਸੀ ਜਿਸ ਨਾਲ ਗੁਰਦੁਆਰਿਆਂ ਦਾ ਪ੍ਰਬੰਧ ਵਿੰਗੇ ਟੇਢੇ ਢੰਗ ਨਾਲ ਸਰਕਾਰ ਦੇ ਦਖਲ ਤੋਂ ਅਜ਼ਾਦ ਨਾ ਹੋ ਸਕੇ । ਇਸ ਮੰਤਵ ਲਈ ਹਿੰਦ ਦੇ ਗਵਰਨਰ ਜਨਰਲ ਦੀ ਮੰਨਜ਼ੂਰੀ ਪ੍ਰਾਪਤ ਕਰਨ ਲਈ ਪੰਜਾਬ ਸਰਕਾਰ ਨੇ ਇਕ ਬਿਲ ਦਾ ਖਰੜਾ ਹਿੰਦ ਸਰਕਾਰ ਦੇ ਗਵਰਨਰ ਜਨਰਲ ਨੂੰ ਇਹ ਨੋਟ ਲਿਖ ਕੇ ਪ੍ਰਵਾਨਗੀ ਲਈ ਭੇਜ ਦਿਤਾ ਤਾਂ ਕਿ ਬਿਲ ਨੂੰ ਪੰਜਾਬ ਵਿਧਾਨ ਪ੍ਰੀਸ਼ਦ ਵਿਚ ਪੇਸ਼ ਕਰ ਕੇ ਤੁਰੰਤ ਹੀ ਮਨਜ਼ੂਰ ਕਰਵਾ ਲਿਆ ਜਾਵੇ । ਇਸ ਬਿਲ ਦਾ ਨਾਮ ‘‘ਪੰਜਾਬ ਸਿੱਖ ਗੁਰਦੁਆਰਾ ਐਂਡ ਸ਼ਰਾਈਨ ਬਿਲ’’ ਰਖਿਆ ਗਿਆ । ਇਸ ਬਿਲ ਨੂੰ ਉਸ ਸਮੇ ਦੇ ਪੰਜਾਬ ਦੇ ਸਿਖਿਆਂ ਮੰਤ੍ਰੀ ਸਰ ਫਾਜ਼ਿਲ ਹੁਸੈਣ ਤੇ ਟ੍ਰਾਂਸਪੋਰਟ ਸਕਤਰ ਸਰ ਈ ਜ਼ੋਸਿਫ ਨੇ ਇਨ੍ਹਾਂ ਸਬਦਾਂ ਦੁਆਰਾ ਪੇਸ਼ ਕੀਤਾ ।

PUJAB GOVERNMENT.

LAGISLATIVE DEPARTMENT.

Bill No.1 of 1921

Where it is expedient to make emergent provision for the administration and management of, and for an enquiry into the administration and management of, certain Sikh Gurdwaras and shrines in the Punjab and where as the consent of the Governor General has been given under section 80-A of the Government of India Act to the passing of this Act; it is hereby enacted as follow:-

1.(i) This Act may be clled the Sikh Gurdwara and Shrines Act, 1921.

2.(ii) It extends to the Punjab and shall come into force at once.

ਇਸ ਕਾਨੂਨ ਦੀਆਂ ਤਕਰੀਬਨ ੨੧ ਧਾਰਾਵਾਂ ਸਨ ਜਿਨ੍ਹਾਂ ਦੇ ਇਥੇ ਵਰਨਣ ਕਰਨ ਦੀ ਅਸੀਂ ਲੋੜ ਨਹੀਂ ਸਮਝਦੇ ਕਿਉਂਕਿ ਇਸ ਕਾਨੂਨ ਨੂੰ

ਭਾਵੇ ਸਿੱਖ ਵਧਾਇਕ ਕੌਂਸਿਲ ਦੇ ਮੈਂਬਰਾਂ ਨੇ ਸਰਕਾਰ ਦੇ ਦਬਾਓ ਕਾਰਨ ਮਨਜ਼ੂਰੀ ਦੇ ਦਿਤੀ ਸੀ ਪਰ ਸਿੱਖ ਸੰਗਤਾਂ ਤੇ ਗੁਰਦੁਆਰਾ ਸੁਧਾਰ ਦੇ ਸਿੱਖ ਆਗੂਆਂ ਨੇ ਇਸ ਨੂੰ ਸਿਰੇ ਤੋਂ ਹੀ ਨਕਾਰ ਦਿਤਾ ਸੀ । ਇਥੇ ਇਹ ਵਰਨਣ ਕਰਨਾ ਹੀ ਯੋਗ ਹੈ ਕਿ ਇਸ ਕਾਨੂਨ ਦੇ ਮੁਤਾਬਕ ਅਸਿਧੇ ਤੌਰ ਤੇ ਗੁਰਦੁਆਰੇ ਇਕ ਵਾਰ ਫਿਰ ਸਰਕਾਰੀ ਕਬਜ਼ੇ ਵਿਚ ਹੀ ਸਰਕਾਰ ਦੇ ਪਿਠੂ ਸਿੱਖਾਂ ਰਾਹੀ ਚਲੇ ਜਾਣ ਦਾ ਖਤਰਾ ਸਿੱਖ ਮਹਿਸੂਸ ਕਰਦੇ ਸਨ । ਇਸ ਕਾਨੂਨ ਅਨੁਸਾਰ ਸਰਕਾਰ ਵਲੋਂ ਇਕ ਬੋਰਡ ਬਣਾਇਆ ਜਾਣਾ ਸੀ ਜਿਸ ਵਿਚ ਕਮਿਸ਼ਨਰ ਨਿਯੁਕਤ ਕੀਤੇ ਜਾਣੇ ਸਨ। ਇਨ੍ਹਾਂ ਕਮਿਸ਼ਨਰਾਂ ਵਿਚੋਂ ਦੋ ਤਿਹਾਈ ਕਮਿਸ਼ਨਰ ਸਿੱਖਾਂ ਵਿਚੋ ਲੀਤੇ ਜਾਣੇ ਸਨ ਤੇ ਬਾਕੀ ਦੇ ਇਕ ਤਿਹਾਈ ਕਮਿਸ਼ਨਰ ਗੈਰ ਸਿੱਖਾਂ ਤੇ ਸਰਕਾਰੀ ਅਫਸਰਾਂ ਵਿਚੋਂ ਲੀਤੇ ਜਾਣੇ ਸਨ ।ਗੁਰਦੁਆਰਾ ਸੁਧਾਰਕ ਇਹ ਕਦੇ ਵੀ ਪ੍ਰਵਾਨ ਕਰਨ ਨੂੰ ਤਿਆਰ ਨਹੀਂ ਸਨ ਕਿ ਗੁਰਦੁਆਰਿਆਂ ਤੇ ਕੰਟਰੋਲ ਸਰਕਾਰ ਦਾ ਤੇ ਦੁਜੇ ਧਰਮਾਂ ਨੂੰ ਮਨਣ ਵਾਲਿਆਂ ਦਾ ਹੋਵੇ । ਦੁਜੇ ਪਾਸੇ ਸਰਕਾਰ ਵੀ ਇਹ ਬਰਦਾਸ਼ਤ ਕਰਨ ਨੂੰ ਤਿਆਰ ਨਹੀਂ ਸੀ ਕਿ ਗੁਰਦੁਆਰਿਆਂ ਦਾ ਸਮੁਚਾ ਕੰਟਰੋਲ ਸਿੱਖਾਂ ਦੇ ਹਵਾਲੇ ਕਰ ਦਿਤਾ ਜਾਵੇ । ਅਜਿਹਾ ਕਰਨ ਨਾਲ ਸਿੱਖ ਇਕ ਪ੍ਰਕਾਰ ਦੇ ਸੰਪੂਰਨ ਅਜ਼ਾਦੀ ਦੀ ਝਲਕ ਆਪਣੇ ਗੁਰਧਾਮਾਂ ਦੁਆਰਾ ਵੇਖ ਸਕਦੇ ਸਨ ਜਿਸ ਨੂੰ ਸਹਿਣ ਕਰਨਾ ਸਰਕਾਰ ਲਈ ਇਕ ਅਣਹੋਣੀ ਗਲ ਸੀ । ਇਸ ਤਰਾਂ ਇਹ ਕਾਨੂਨ ਅਮਲ ਵਿਚ ਨਹੀਂ ਆ ਸਕਿਆਂ ਤੇ ਗੁਰਦੁਆਰਾ ਸੁਧਾਰ ਲਹਿਰ ਚਲਦੀ ਰਹੀ । ਸਰਕਾਰ ਇਕ ਪਾਸੇ ਇਹ ਪ੍ਰਚਾਰ ਬੜੇ ਜ਼ੋਰ ਸ਼ੋਰ ਨਾਲ ਕਰ ਰਹੀ ਸੀ ਕਿ ਉਹ ਸਿੱਖਾਂ ਨੂੰ ਉਨ੍ਹਾਂ ਦੇ ਗੁਰਦੁਆਰਿਆਂ ਦਾ ਪ੍ਰਬੰਧ ਸੌਂਪਣ ਲਈ ਤਿਆਰ ਹੈ ਪਰ ਸਿੱਖ ਹੀ ਨਹੀਂ ਮਨ ਰਹੇ । ਇਸ ਦੇ ਨਾਲ ਹੀ ਸਰਕਾਰ ਵਲੋਂ ਗੁਰਦੁਆਰਾ ਸੁਧਾਰਕਾਂ ਦੀ ਬੜੀ ਤੇਜ਼ੀ ਨਾਲ ਗ੍ਰਿਫਤਾਰੀਆਂ ਦਾ ਚਕਰ ਵੀ ਚਲਾਇਆ ਜਾ ਰਿਹਾ ਸੀ । ਜਿਹੜੇ ਗੁਰਦੁਆਰੇ ਸਿੱਖਾਂ ਨੇ ਮਹੰਤਾਂ ਤੋਂ ਆਪਣੇ ਕਬਜ਼ੇ ਵਿਚ ਕੀਤੇ ਸਨ ਤੇ ਸਥਾਨਕ ਕਮੇਟੀਆਂ ਬਣਾ ਕੇ ਉਨ੍ਹਾਂ ਦਾ ਪ੍ਰਬੰਧ ਚਲਾ ਰਹੇ ਸਨ । ਉਨ੍ਹਾਂ ਕਮੇਟੀਆਂ ਦੇ ਮੈਂਬਰਾਂ ਨੂੰ ਗ੍ਰਿਫਤਾਰ ਕਰ ਕਰਕੇ ਗੁਰਦੁਆਰੇ ਫਿਰ ਤੋਂ ਪੂਜਾਰੀਆਂ ਨੂੰ ਵਾਪਸ ਕਰਵਾਉਣ ਦੇ ਸਰਕਾਰ ਯਤਨ ਕਰਨ ਲਗ ਪਈ। ਇਸ ਤਰਾਂ ਸਿੱਖਾਂ ਤੇ ਇਕ ਵਾਰ ਫਿਰ ਸਖਤੀ ਦਾ ਦੌਰ ਅਰੰਭ ਹੋ ਗਿਆ । ਗੁਰਦੁਆਰਾ ਸੁਧਾਰ ਦੇ ਮੈਂਬਰ ਸਿੱਖਾਂ ਨੂੰ ਸਰਕਾਰ ਦੁਜੇ ਸਿੱਖਾਂ ਨਾਲੋਂ ਵੱਖ ਕਰਨ ਦੇ ਯਤਨ ਕਰ ਰਹੀ ਸੀ ਤਾਂ ਕਿ ਸਿੱਖ ਫੌਜਾਂ ਵਿਚ ਬਗਾਵਤ ਪੈਦਾ ਨਾ ਹੋ ਸਕੇ। ਸਿੱਖ ਫੌਜੀਆਂ ਨੇ ਸਰਕਾਰ ਅੰਗਰੇਜ਼ ਦੀ ਪਹਿਲੀ ਜੰਗ ਵਿਚ ਬੜੀ ਸਹਾਇਤਾ ਕੀਤੀ ਸੀ ਜਿਸ ਕਾਰਨ ਸਰਕਾਰ ਇਸ ਪੱਖ ਨੂੰ ਅਖੋਂ ਉਹਲੇ ਨਹੀਂ ਕਰ ਸਕਦੀ ਸੀ । ਦੁਜੇ ਪਾਸੇ ਗੁਰਦੁਆਰਾ ਸੁਧਾਰ ਲਹਿਰ ਹੋਰ ਜ਼ੋਰ ਫੜਦੀ ਗਈ ਤੇ ਥਾਂ ਥਾਂ ਅਕਾਲੀ ਜਥੇ ਤਿਆਰ ਹੋਣ ਲਗ ਪਏ ।ਇਸ ਸਮੇ ਤਕ ਪੰਜਾਬ ਵਿਚ ਪੰਜਾਬੀ ਦੀਆਂ ਕੁਝ ਅਖਬਾਰਾਂ ਛਪਣ ਲਗ ਪਈਆਂ ਸਨ । ਇਸ ਸਿੱਖ ਮਡਿੀਏ ਤੇ ਵੀ ਇਸ ਦਾ ਬੜਾ ਡੂੰਘਾ ਪ੍ਰਭਾਵ ਪਿਆ ਪਰ ਸਰਕਾਰ ਆਪਣੇ ਵਕਾਰ ਦਾ ਸਵਾਲ ਬਣਾ ਕੇ ਸਿੱਖਾਂ ਨੂੰ ਸਖਤੀ ਨਾਲ ਦਬਾਣ ਦਾ ਪੂਰਾ ਯਤਨ ਕਰ ਰਹੀ ਸੀ ।

# ਚਾਬੀਆਂ ਦਾ ਮੋਰਚਾ

ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ੭ ਨਵੰਬਰ ੧੯੨੧ ਨੂੰ ਪੁਲੀਸ ਭੇਜ ਕੇ ਸ.ਸੁੰਦਰ ਸਿੰਘ ਰਾਮਗੜ੍ਹੀਆ ਮੀਤ ਪ੍ਰਧਾਨ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਘਰ ਤੋਂ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀਆਂ ਚਾਬੀਆਂ ਮੰਗਵਾ ਲਈਆਂ। ਡੀ:ਸੀ: ਦਾ ਕਥਨ ਸੀ ਕਿ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਈ ਪ੍ਰਵਾਨਤ ਸੰਸਥਾ ਨਹੀ ਹੈ ਜਿਸ ਕਾਰਨ ਇਸ ਨੂੰ ਹਰਿ ਮੰਦਰ ਸਾਹਿਬ ਤੇ ਕਬਜ਼ੇ ਦਾ ਕੋਈ ਹੱਕ ਨਹੀਂ ਹੈ । ਜਦ ਨਵੀ ਕਮੇਟੀ ਬਣੇ ਗੀ ਦਰਬਾਰ ਸਾਹਿਬ ਦੀਆਂ ਚਾਬੀਆਂ ਉਸ ਕਮੇਟੀ ਨੂੰ ਦਿਤੀਆਂ ਜਾਣ ਗੀਆਂ । ਇਸ ਤੇ ਚਾਬੀਆਂ ਦਾ ਮੋਰਚਾ ਅਰੰਭ ਹੋ ਗਿਆ । ਇਸ ਸਮੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ.ਖੜਕ ਸਿੰਘ ਜੀ ਸਨ । ਇਸ ਬਾਰੇ ਪੰਜਾਬੀ ਦੀਆਂ ਅਖਬਾਰਾਂ ਵਿਚ ਜੋ ਕੁਝ ਛੱਪ ਰਿਹਾ ਸੀ ਉਸ ਦੀ ਹਰ ਰੀਪੋਰਟ ਅੰਗਰੇਜ਼ ਸਰਕਾਰ ਨੂੰ ਉਸ ਦੇ ਚੌਕਸੀ ਵਿਭਾਗ ਰਾਹੀਂ ਮਿਲ ਰਹੀ ਸੀ । ਵਣਗੀ ਲਈ ਇਕ ਦੋ ਉਧਾਰਨਾਂ ਇਥੇ ਦਿਤੀਆਂ ਜਾਂਦੀਆਂ ਹਨ । ਚੌਕਸੀ ਵਿਭਾਗ ਦੀ ਫਾਈਲ ਨ: 38ii,Punjab Abstact Jan-Dec.1921 ਦੇ ਪੰਨਾ ੨੬ ਤੇ ਅੰਮ੍ਰਿਤਸਰ ਤੋਂ ਛਪਣ ਵਾਲੇ ਅਖਬਾਰ 'ਪੰਥ ਸੇਵਕ' ਦੇ ਐਡੀਰ ਸ.ਚੰਦਾ ਸਿੰਘ ਆਪਣੇ ਐਡੀਟੋਰੀਅਲ ਵਿਚ ਲਿਖਦੇ ਹਨ ਕਿ

' 21, (a)In its combined issue dated 9th and 16th November the Panth Sewak condemns the act of Deputy Commissioner in taking over the keys of the Golden Temple. What right has a foreign Government to interfere in the affairs of Temple ? We will see how it secures possession of the treasury of our religious place. Several thousand Akalis have gone (to Amritsar) in response to call of the Parbandhak Committee and indignant speaches are being made daily.'

ਇਸ ਤਰਾਂ ਅਕਾਲੀ ਅਖਬਾਰ ਜੋ ਕਿ ਉਸ ਸਮੇ ਲਾਹੌਰ ਤੋਂ ਪ੍ਰਕਾਸ਼ਤ ਹੁੰਦਾ ਸੀ ਉਸ ਦੇ ਐਡੀਟਰ ਸ. ਅਜੀਤ ਸਿੰਘ ਦੇ ਐਡੀਟੋਰੀਅਲ ਬਾਰੇ ਜੋ ਰੀਪੋਰਟ ਦਿਤੀ ਗਈ ਉਹ ਇਸ ਪ੍ਰਕਾਰ ਹੈ ਕਿ

'The Akali of the 20th November says a crazy headed officer does not permit decorations on the occasion of the birthday- celebration of Guru Nanak;Dave the Khalsas ever before heard such high-handedness and mal-administration . The fire which is now- a –day burning in the hearts of the Sikhs is unique and unbearable . The bureaucracy has sur-passed all other countries in uttering falsehood. It has, on the one hand, interfered with our religion and taken away the keys of the Har Mandir and it

has on the other hand, declared that the Government has made over the keys to the Siromani Committee . O Khalsa; Do not put faith in the least in Government communiqués and the rumours spread by the police.

In other place the paper says that the official communiqué issued by the Government on the subject of the keys of the Temple is wholly misleading. The paper goes on to say:- O Khalsa; Be not nonplussed; we will not now allow the bureaucracy to break its pledge . One of the two things must happen. Either the Sikhs nation will be destroyed by fire like moth in other order to preserve the liberty of their religious places; or if it remains alive, it will not allow the bureaucracy to approach near the gurdwaras. Every brick of the Darbar Sahib bears witness to the sacrifice of thousands of martyrs. Thirty-two lakhs Khalsa have now placed their heads in the palm of their hands . If we live we will live like manly Sikhs. Otherwise, whatever Wah-i-Guru pleases will happen.'

ਹਰਿ ਮੰਦਰ ਸਾਹਿਬ ਜੀ ਦੀਆਂ ਚਾਬੀਆਂ ਕਿਸ ਤਰਾਂ ਸ.ਸੁੰਦਰ ਿੰਘ ਰਾਮਗੜ੍ਹਿਆ ਦੇ ਘਰ ਤੋਂ ਲੀਤੀਆਂ ਗੀਆਂ ਦਾ ਠੀਕ ਉਤਰ ਦੇਣ ਲਈ ਉਸ ਸਮੇ ਅੰਗਰੇਜ਼ ਸਰਕਾਰ ਦੇ ਫਸਟ ਕਲਾਸ ਮੈਜੈਸਟਰੇਟ ਨੇ ਜੋ ਆਰਡਰ ਦਿਤਾ ਉਸ ਦੀ ਨਕਲ ਇਸ ਪ੍ਰਕਾਰ ਹੈ।

'(A) copy of the Government's order:-

"In obedience to the order of the Deputy Commissioner,I have received to-day 53 keys from Sardar Sunder Singh,Ramgarhia,which it is said belong to the Darbar Sahib,Amritsar. I have taken these keys to make them over to the Deputy Comissioner .

(Sd.) Amar Nath,
Magistrate, 1st Class,Amritsar.

Dated 7th November 1921

ਇਸੇ ਤਰਾਂ ਸ. ਸੁੰਦਰ ਿੰਘ ਰਾਮਗੜ੍ਹੀਆ ਨੇ ਜੋ ਕੁਝ ਪੰਥ ਨੂੰ ਸਕੱਤਰ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਰਾਹੀ ਆਪਣੇ ਬਿਆਨ ਰਾਹੀਂ ਦਸਿਆਂ ਉਸ ਨੂੰ ਉਸ ਸਮੇ ਦੇ ਅਕਾਲੀ ਅਖਬਾਰ ਨੇ ਲਾਹੌਰ ਤੋ ਜਿਸ ਰੂਪ ਵਿਚ ਪ੍ਰਕਾਸ਼ਤ ਕੀਤਾ ਉਸ ਦੀ ਜੋ ਰੀਪੋਰਟ ਸਾਨੂੰ ਮਿਲ ਸਕੀ ਹੈ ਉਹ ਇਸ ਤਰਾਂ ਹੈ ਕਿ

“To the secretary of the Siromany Gurdwara Prabandhak Committee,

I beg to say that at nearly 3 o’clock to-day Lala Amar Nath,Extra Assistant commissioner,and the Police Kotwal in official uniform came and showed (me) an order of the Deputy Commissioner to the effect that the Government had ordered that the keys of the treasury of the Darbar Sahib,which the Government had given (to us) , should be made over to those officers . I pointed out by a sign that (the keys) were in the drawer. They brought out from the drawer two bags containing keys and were about to go away,when I asked for a receipt. Thereupon they counted the keys and went away after giving a receipt.

Your Servant,
Sunder Singh (Ramgarhia)
Vice-President of the Sirmoni Gurdwara Parbandhak Committee

ਸ.ਸੁੰਦਰ ਸਿੰਘ ਰਾਮਗੜ੍ਹਿਆ ਨੂੰ ਅੰਗਰੇਜ਼ ਸਰਕਾਰ ਨੇ ਸਰਬਰਾਹ ਨਿਯੁਕਤ ਕੀਤਾ ਹੋਇਆ ਸੀ ਜਿਸ ਕਾਰਨ ਸਿੱਖ ਉਸ ਤੇ ਭਰੋਸਾ ਨਹੀਂ ਕਰਦੇ ਸਨ । ਇਕ ਜਾਨਕਾਰੀ ਅਨੁਸਾਰ ਸ. ਸੁੰਦਰ ਸਿੰਘ ਰਾਮਗੜ੍ਹਿਆ ਨੂੰ ਇਹ ਕਿਹਾ ਗਿਆ ਸੀ ਕਿ ਉਹ ਦਰਬਾਰ ਸਾਹਿਬ ਦੀਆਂ ਚਾਬੀਆਂ ਸਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਾਬਾ ਖੜਕ ਸਿੰਘ ਜੀ ਨੂੰ ਦੇ ਦੇਣ ਜਿਸ ਕਾਰਨ ਸ. ਸੁੰਦਰ ਸਿੰਘ ਨੇ ਇਸ ਬਾਰੇ ਡੀ:ਸੀ ਤੋਂ ਹਦਾਇਤਾਂ ਦੀ ਮੰਗ ਕੀਤੀ ਤੇ ਡੀ :ਸੀ : ਨੇ ਚਾਬੀਆਂ ਉਸ ਦੇ ਘਰੋਂ ਮੰਗਵਾ ਲਈਆਂ । ਚਾਬੀਆਂ ਦੇਣ ਕਾਰਨ ਸ. ਸੁੰਦਰ ਸਿੰਘ ਰਾਮਗੜ੍ਹਿਆ ਤੋਂ ਅਸਤੀਫੇ ਦੀ ਮੰਗ ਕਰ ਦਿਤੀ ਗਈ ਤੇ ਉਨ੍ਹਾਂ ਨੇ ਤੁਰੰਤ ਆਪਣਾ ਅਸਤੀਫਾਂ ਦੇ ਦਿਤਾ।

ਚਾਬੀਆਂ ਦੇ ਮੋਰਚੇ ਕਾਰਨ ਸਾਰਾ ਸਿੱਖ ਜਗਤ ਇਕ ਮੁੱਠ ਹੋ ਗਿਆ ਸੀ। ਕੋਈ ਵੀ ਇਹ ਸਹਿਣ ਕਰਨ ਨੂੰ ਤਿਆਰ ਨਹੀਂ ਸੀ ਕਿ ਸਾਡੇ ਪ੍ਰਾਣਾਂ ਤੋਂ ਵੀ ਪਿਆਰੇ ਗੁਰਦੁਆਰਿਆਂ ਦਾ ਪ੍ਰਬੰਧ ਵਿਦੇਸੀ ਹੁਕਮਰਾਨ ਕਰਨ। ਸਿੱਖ ਥਾਂ ਥਾਂ ਤੇ ਵਿਖਾਵੇ ਕਰ ਕੇ ਆਪਣੇ ਹਰਿ ਮੰਦਰ ਸਾਹਿਬ ਨੂੰ ਅਜ਼ਾਦ ਕਰਵਾਉਣ ਦਾ ਉਪਰਾਲਾ ਕਰ ਰਹੇ ਸਨ ।ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰੋਫੈਸਰਾਂ ਤੇ ਵਿਦਿਆਰਥੀਆਂ ਵੀ ਇਕ ਮੁੱਠ ਹੋ ਕੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹਮਾਇਤ ਦਾ ਐਲਾਨ ਕਰ ਦਿਤਾ । ਹਿੰਦੂ ਤੇ ਮੁਸਿਲਮਾਨ ਅਖਬਾਰਾਂ ਵੀ ਸਿੱਖਾਂ ਤੇ ਹੋ

ਰਹੇ ਜ਼ੁਲਮਾਂ ਵਿਰੁਧ ਆਵਾਜ਼ ਉਠਾ ਰਹੀਆਂ ਸਨ । ਲਾਹੌਰ ਤੋਂ ਛਪਣ ਵਾਲੇ ਕੇਸਰੀ ਲਾਹੌਰ ਦਾ ਐਡੀਟਰ ਸਾਮ ਲਾਲ ਕਪੂਰ ਜੋ ਕੁਝ ਇਸ ਬਾਰੇ ਲਿਖਦਾ ਹੈ ਉਸ ਦੀ ਸਰਕਾਰੀ ਰੀਪੋਰਟ ਇਸ ਤਰਾਂ ਹੈ ਕਿ

**"The kesari** of the 9th December writes that the arrest of the Sikhs leaders has resulted in an awakening in the Sikh community to which there is no parallel in the history of India . The great patience and calmness displayed by the arrested leaders and their followers at Amritsar and other places is a source of pride and gratification for all communities in the country. The Sikhs have made the right start to take the programme of civil disobedience to a successful issue. It is now the duty of other communities to follow suit.

ਇਸੇ ਤਰਾਂ ਲਾਹੌਰ ਤੋਂ ਛਪਣ ਵਾਲੇ ਉਰਦੂ ਅਖਬਾਰ 'ਜ਼ਿਮੀਦਾਰ'ਦਾ ਐਡੀਟਰ ਸਉਦਿ ਅਹਿਮਦ ਆਪਣੇ ਐਡੀਟੋਰੀਅਲ ਵਿਚ ਲਿਖਦਾ ਹੈ ਕਿ

'The Punjab is rightly proud of its brave and worthy sons,the Khalsas. The Nanakana affair, the ground of Tarn Taran and the city streets speak of their perfectly non-villent attitude under the most trying circumstances. Their sacrifices will shine in the history of India. A community which was loyal to the core and obeyed every order of the Government and helped it in foreign lands is now in the field to protect the liberty of its religion and country. The interference of the Government in their religious affairs has opened their eyes and eliminated all question of cooperation or non-cooperation. The Kirpan question was only a trifling matter and would have been hushed up had the Government so wished .But arrests and convictions added fuel to the fire and increased excitement. Then cropped up the question of the Golden Temples keys . What is there in the keys ? When the Government has not to get anything out of the gurdwara funds, it matters little to it who keeps the keys. The Siromani Gurdwara Committee wants to rid the gurdwaras of all immoral Mahants and keep regular accounts. There is nothing evil in this and we fail to understand what led the Government to interfere. The arrest of the Sikhs and the populars at Lahore and Sialkot has made the situation still worse. The application of the Sedition Meeting Act has been of no consequence. Meetings are held and volunteers parade the streets and sing patriotic songs. One is at a loss to comprehend why the police is called the guardian of

law and order and the peaceful volunteers are regarded as hot handed rebels and mischief-makers. What is the object of the Government in bringing the police from other districts to Lahore and getting the Lahore public humilisted and beaten by them ? We congretulate the leader of the country on the success of their struggle . Trials are held in jail . This is the instalment of success.

ਅਕਾਲੀਆਂ ਦੇ ਚਾਬੀਆਂ ਦੇ ਮੋਰਚੇ ਵਿਚ ਜਿਥੇ ਸਿੱਖ ਲਗਾਤਾਰ ਕੁਰਬਾਨੀ ਲਈ ਜਥੇ ਦਿਤੀ ਜਾ ਰਹੇ ਸਨ ਉਥੇ ਹਿੰਦੂ ਤੇ ਮੁਸਿਲਮਾਨ ਵੀ ਅਕਾਲੀਆਂ ਦਾ ਸਾਥ ਦੇ ਰਹੇ ਸਨ ਖਾਸ ਕਰਕੇ ਸਰਬ ਹਿੰਦ ਕਾਂਗਰਸ ਕਮੇਟੀ ਤਾਂ ਇਸ ਮੋਰਚੇ ਤੋਂ ਆਪਣਾ ਰਾਜਸੀ ਮੰਤਵ ਪ੍ਰਾਪਤ ਕਰਨ ਲਈ ਸਿੱਖਾਂ ਨਾਲ ਬੜੇ ਨੇੜਲੇ ਸਬੰਧ ਕਾਇਮ ਕਰੀ ਜਾ ਰਹੀ ਸੀ। ਮਹਾਤਮਾ ਗਾਧੀ ਸਿੱਖਾਂ ਦੀਆਂ ਕੁਰਬਾਨੀਆਂ ਨੂੰ ਆਪਣੇ ਹਿਤਾਂ ਲਈ ਰਾਜਸੀ ਰੂਪ ਦੇ ਕੇ ਆਪਣੀ ਨਾ ਮਿਲਵਰਤੋਂ ਦੀ ਲਹਿਰ ਲਈ ਵਰਤ ਰਿਹਾ ਸੀ । ਅੰਗਰੇਜ਼ ਸਰਕਾਰ ਲਈ ਇਹ ਮੋਰਚਾ ਗਲੇ ਦੀ ਹੱਡੀ ਬਣ ਕੇ ਰੜਕ ਰਿਹਾ ਸੀ ਕਿਉਂ ਕਿ ਇਹ ਮੋਰਚਾ ਅਕਾਲੀਆਂ ਤੇ ਅੰਗਰੇਜ਼ ਸਰਕਾਰ ਵਿਚਕਾਰ ਇਕ ਸਿੱਧੀ ਲੜਾਈ ਬਣ ਗਿਆ ਸੀ। ਸਰਕਾਰ ਕਿਸੇ ਵੀ ਕੀਮਤ ਤੇ ਝੁਕਣ ਲਈ ਤਿਆਰ ਨਹੀਂ ਸੀ ਤੇ ਸਿੱਖ ਕੁਰਬਾਣੀਆਂ ਦੇਣ ਤੋਂ ਪਿਛੇ ਨਹੀਂ ਹੱਟ ਰਹੇ ਸਨ । ਅਕਾਲੀਆਂ ਦੀਆਂ ਗ੍ਰਿਫਤਾਰੀਆਂ ਵੀ ਹੋ ਰਹੀਆਂ ਸਨ ਤੇ ਉਨ੍ਹਾਂ ਦੀਆਂ ਜਾਇਦਾਦਾਂ ਵੀ ਕੁਰਕ ਕੀਤੀਆ ਜਾ ਰਹੀਆਂ ਸਨ । ਅੰਗਰੇਜ਼ ਇਸ ਹਾਰੀ ਜਾ ਰਹੀ ਲੜਾਈ ਵਿਚੋਂ ਨਿਕਲਨ ਲਈ ਸਿੱਖਾਂ ਵਿਚ ਫੁਟ ਦਾ ਬੀਜ ਬੀਜਨ ਦੇ ਉਪਰਾਲੇ ਸੋਚਨ ਲਗ ਪਏ । ਸਿੱਖ ਰਿਆਸਤਾਂ ਦੇ ਰਾਜੇ ਤੇ ਵੱਡੇ ਜਾਗੀਰਦਾਰ ਪਹਿਲਾਂ ਹੀ ਅੰਗਰੇਜ਼ ਸਰਕਾਰ ਦੇ ਹੁਕਮ ਅਧੀਨ ਚਲ ਰਹੇ ਸਨ । ਇਹੋ ਹਾਲ ਪੰਜਾਬ ਅਸੰਬਲੀ ਦੇ ਕੌਂਸਲਰਾਂ ਦਾ ਸੀ । ਉਹ ਹਮੇਸ਼ਾਂ ਹੀ ਪੰਜਾਬ ਦੇ ਗਵਰਨਰ ਦੇ ਇਸ਼ਾਰਿਆਂ ਵਲ ਵੇਖ ਕੇ ਆਪਣਾ ਨਿਰਣਾ ਕਰਦੇ ਸਨ । ਇਨ੍ਹਾਂ ਸਭਨਾ ਵਿਚੋਂ ਖੁਲੇ ਆਮ ਅਕਾਲੀਆਂ ਨਾਲ ਟੱਕਰ ਕੋਈ ਲੈ ਨਹੀਂ ਸਕਦਾ ਸੀ । ਇਸ ਲਈ ਅੰਗਰੇਜ਼ਾਂ ਨੇ ਗੁਰਦੁਆਰਿਆਂ ਦੇ ਪੂਜਾਰੀਆਂ ਤੇ ਮਹੰਤਾਂ ਨੂੰ ਉਨ੍ਹਾ ਦੇ ਗੁਰਦੁਆਰੇ ਵਾਪਸ ਕਰਵਾਉਣ ਦਾ ਲਾਲਚ ਦੇ ਕੇ ਉਨ੍ਹਾਂ ਰਾਹੀ ਸਿੱਖਾਂ ਵਿਚ ਫੁਟ ਦਾ ਬੀਜ ਬੀਜਨ ਲਈ ਉਦਾਸੀ ਸਿੱਖਾਂ ਵਲ ਰੁਖ ਕੀਤਾ ਕਿਉਂਕਿ ਮਹੰਤ ਤੇ ਪੂਜਾਰੀ ਉਦਾਸੀ ਸਿੱਖਾਂ ਵਿਚੋਂ ਨਿਕਲ ਕੇ ਗੁਰਦੁਆਰਿਆ ਦੇ ਪ੍ਰਬੰਧ ਕਰਨ ਵਿਚ ਲਗੋਂ ਹੋਏ ਆ ਰਹੇ ਸਨ । ਪਹਿਲਾਂ ਇਹ ਉਦਾਸੀਆ ਦੇ ਪ੍ਰਭਾਵ ਅਧੀਨ ਉਚ ਅਚਰਨ ਦੇ ਮਾਲਕ ਸਮਝੇ ਜਾਂਦੇ ਸਨ ਪਰ ਅੰਗਰੇਜ਼ਾਂ ਵਲੋਂ ਉਨ੍ਹਾਂ ਨੂੰ ਗੁਰਦੁਆਰਿਆਂ ਤੇ ਉਨ੍ਹਾਂ ਦੀ ਜਾਇਦਾਦ ਦੇ ਮਾਲਕਾਨਾ ਹਕੂਕ ਮਿਲਨ ਕਾਰਨ ਉਹ ਕੁਰੀਤੀਆ ਦਾ ਸ਼ਿਕਾਰ ਹੋ ਚੁਕੇ ਸਨ ਪਰ ਉਦਾਸੀ ਸਿੱਖਾਂ ਦਾ ਉਸ ਵੇਲੇ ਵੀ ਸਿੱਖਾਂ ਤੇ ਕਾਫੀ ਪ੍ਰਭਾਵ ਸੀ । ਇਸ ਦਾ ਪਤਾ ਉਦਾਸੀ ਮੱਤ ਵਲੋਂ ਪ੍ਰਕਾਸ਼ਤ ਇਕ ਅਖਬਾਰ ਦੇ ਐਡੀਟੋਰੀਅਲ ਤੋਂ ਲਗਦਾ ਹੈ ਜਿਸ ਦਾ ਵਰਨਣ ਭਾਰਤ ਸਰਕਾਰ ਦੇ ਚੌਕਸੀ ਵਿਭਾਗ ਦੀ ਇਸ ਰੀਪੋਰਟ ਤੋਂ ਲਗਦਾ ਹੈ ਕਿ ਇਹ ਅਖਬਾਰ ਪੰਜਾਬ ਦੀਆਂ ਸਿੱਖ ਰਿਆਸਤਾਂ ਦੇ ਸਿੱਖਾਂ ਤੇ ਸਹਿਜਧਾਰੀ ਸਿੱਖਾਂ ਦੀ ਪਰਤੀਨਿਧਤਾ ਕਰਦਾ ਸੀ ।

ਇਹ ਅਖਬਾਰ ਅੰਮ੍ਰਿਤਸਰ ਤੋਂ ਪਰਕਾਸ਼ਤ ਹੁੰਦਾ ਸੀ ਜਿਸ ਦਾ ਐਡੀਟਰ ਸਵਾਮੀ ਰਾਮ ਸਰੂਪ ਸੀ ।ਭਾਰਤ ਦੀ ਚੌਕਸੀ ਵਿਭਾਗ ਦੀ ਫਾਈਲ ਨ:38 ii Punjab Press Abstract Jan-Dec 1921) ਦੇ ਪਨਾ ਨ: ੭੦ ਤੋਂ ਇਸ ਦਾ ਪਤਾ ਚਲਦਾ ਹੈ ਕਿ

'The Editor of the Sant Samachar, Amritsar ,Swami Ram Sarup writes in his editorial note on 6th December that the Government took over the keys of the Darbar Sahib not to keep the place in its possession,but to show that the committee , which is taking the management of the temple in its hands,does not represent all the Sikhs. The Sanatanist Sikhs people residing in the Sikh States and the Sahajdhari Sikhs do not shere the ideas of that society. We would request the Government to pay due regard to the rights of all sections of the Sikhs community.

ਭਾਵੇਂ ਸਰਕਾਰ ਨੇ ਫੁਟ ਦਾ ਬੀਜ ਪੰਥ ਵਿਚ ਬੀਜ ਹੀ ਦਿਤਾ ਸੀ ਪਰ ਫਿਰ ਵੀ ਸਰਕਾਰ ਲੋਕ ਰਾਇ ਦੇ ਮੁਕਾਬਲੇ ਖੜ ਨਾ ਸਕੀ ਤੇ ਅਖੀਰ ੧੭ ਜਨਵਰੀ ੧੯੨੨ ਨੂੰ ਸਾਰੇ ਸਿੱਖ ਕੈਦੀ ਸਰਕਾਰ ਨੂੰ ਬਿਨਾ ਸ਼ਰਤ ਰਿਹਾ ਕਰਨੇ ਪਏ ਤੇ ਹਰਿ ਮੰਦਰ ਸਾਹਿਬ ਦੀਆਂ ਚਾਬੀਆਂ ਡਿਪਟੀ ਕਮਿਸ਼ਨਰ ਅਮ੍ਰਿਤਸਰ ਨੇ ਸਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਾਬਾ ਖੜਕ ਸਿੰਘ ਦੇ ਹਵਾਲੇ ਕਰ ਦਿਤੀਆਂ ।ਚਾਬੀਆਂ ਦੇ ਮੋਰਚੇ ਦੀ ਜਿੱਤ ਕਾਰਨ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਕ ਪ੍ਰਕਾਰ ਦੀ ਕਾਨੂਨੀ ਤੌਰ ਤੇ ਗੁਰਦੁਆਰਿਆਂ ਦਾ ਪ੍ਰਬੰਧ ਸੰਭਾਲਨ ਯੋਗ ਬਣ ਗਈ ।ਸਿੱਖਾਂ ਦੀਆਂ ਧਾਰਮੁਕ ਖੇਤਰ ਵਿਚ ਇਨ੍ਹਾਂ ਕੁਰਬਾਨੀਆਂ ਦਾ ਲਾਭ ਮਹਾਤਮਾ ਗਾਂਧੀ ਨੇ ਪੂਰੀ ਤਰਾਂ ਲਿਆ । ਪਹਿਲਾਂ ਉਸ ਨੇ ਬਾਬਾ ਖੜਕ ਸਿੰਘ ਨੂੰ ਵਧਾਈ ਦੀ ਤਾਰ ਦਿਤੀ ਕਿ ਸਿੱਖਾਂ ਨੇ ਭਾਰਤ ਦੀ ਅਜ਼ਾਦੀ ਦੀ ਪਹਿਲੀ ਲੜਾਈ ਜਿੱਤ ਲਈ ਹੈ ।ਬਾਬਾ ਖੜਕ ਸਿੰਘ ਜੋ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੇ ਨਾਲ ਨਾਲ ਸਿੱਖ ਲੀਗ ਦੇ ਵੀ ਪ੍ਰਧਾਨ ਸਨ । ਮਹਾਤਮਾ ਗਾਂਧੀ ਨੇ ਉਨ੍ਹਾਂ ਨੂੰ ਪੰਜਾਬ ਪ੍ਰਦੇਸ ਕਾਂਗਰਸ ਦਾ ਵੀ ਪ੍ਰਧਾਨ ਬਣਾ ਦਿਤਾ ਤੇ ਉਨ੍ਹਾਂ ਦੇ ਨਾਲ ਇਕ ਹੋਰ ਸਿੱਖ ਲੀਡਰ ਸ.ਸਰਦੂਲ ਸਿੰਘ ਕਵੀਸ਼ਰ ਨੂੰ ਪੰਜਾਬ ਪ੍ਰਦੇਸ ਕਾਂਗਰਸ ਦਾ ਸਕੱਤਰ ਬਣਾ ਦਿਤਾ । ਇਸ ਤਰਾਂ ਮਹਾਤਮਾ ਗਾਂਧੀ ਨੇ ਬੜੀ ਚਲਾਕੀ ਨਾਲ ਸਿੱਖਾਂ ਦੀ ਧਾਰਮੁਕ ਲੜਾਈ ਨੂੰ ਇਕ ਸਿਆਸੀ ਰੰਗ ਦੇ ਦਿਤਾ ।ਇਸ ਨਾਲ ਸਿੱਖਾਂ ਨੂੰ ਬੜਾ ਭਾਰੀ ਨੁਕਸਾਨ ਉਠਾਉਣਾ ਪਿਆ ਕਿ ਉਹ ਹੁਣ ਸਵਤੰਤਰ ਰੂਪ ਵਿਚ ਆਪਣੀਆਂ ਧਾਰਮੁਕ ਸਮਸਿਆਵਾਂ ਵਲ ਧਿਆਨ ਦੇਣ ਦੀ ਬਜਾਏ ਸਰਬ ਹਿੰਦ ਕਾਂਗਰਸ ਕਮੇਟੀ ਦੀਆਂ ਪਾਲਸੀਆਂ ਅਪਨਾਉਣ ਲਈ ਮਜ਼ਬੂਰ ਹੁੰਦੇ ਗਏ ਤੇ ਆਪਣੀ ਧਾਰਮੁਕ ਮਰਯਾਦਾ ਵਲ ਉਨ੍ਹਾ ਦਾ ਧਿਆਨ ਹੱਟ ਕੇ ਆਪਣੀ ਸਵ੍ਰਾਥੀ ਲੀਡਰਸਿਪ ਕਾਇਮ ਕਰਨ ਤੇ ਰਾਜਨੀਤੀ ਵਲ ਵਧੇਰੇ ਝੁੱਕ ਗਇਆ ।ਚਾਬੀਆਂ ਦੇ ਮੋਰਚੇ ਦੀ ਜਿੱਤ ਕਾਰਨ ਸਿੱਖ ਵੱਧ ਤੋਂ ਵੱਧ ਧਾਰਮੁਕ ਤੇ ਰਾਜਸੀ ਖੇਤਰ ਵਿਚ ਅੰਗਰੇਜ਼ ਸਰਕਾਰ ਪਾਸੋਂ ਸਹੂਲਤਾਂ ਪ੍ਰਾਪਤ ਕਰ ਸਕਦੇ ਸਨ ਜਦ ਕਿ ਦਰਬਾਰ ਸਾਹਿਬ ਦੀਆਂ ਚਾਬੀਆਂ ਸਿੱਖਾਂ ਨੂੰ ਵਾਪਸ ਕਰ ਕੇ ਅੰਗਰੇਜ਼ ਸਿੱਖਾਂ ਦੀ ਨਵੀਂ

ਲੀਡਰਸ਼ਿਪ ਨਾਲ ਸਮਝੋਤਾ ਕਰਨ ਲਈ ਅੱਗੇ ਵੱਧ ਰਹੀ ਸੀ । ਸਿੱਖ ਲੀਡਰ ਸਰਕਾਰ ਦੀ ਇਸ ਕੰਮਜ਼ੋਰੀ ਦਾ ਲਾਭ ਨਹੀਂ ਲੈ ਸਕੇ ਤੇ ਆਪਣੀ ਸਿੱਖੀ ਦੀ ਮਰਯਾਦਾ ਛੱਡ ਕੇ ਕਾਂਗਰਸ ਦੇ ਲੀਡਰ ਮਹਾਤਮਾ ਗਾਂਧੀ ਦੀਆਂ ਪਾਲਸੀਆਂ ਨੂੰ ਅਪਣਾਉਣ ਲੱਗ ਪਏ ਜਿਸ ਕਾਰਨ ਮਹੰਤਾਂ ਦਾ ਪੂਰਾਣਾ ਢੰਗ ਤਰੀਕਾ ਹੀ ਗੁਰਧਾਮਾਂ ਵਿਚ ਜਾਰੀ ਰਿਹਾ ਕੇਵਲ ਫਰਕ ਇਹੀ ਰਿਹਾ ਕਿ ਹੁਣ ਮਹੰਤਾਂ ਦੀ ਥਾਂ ਤੇ ਅਕਾਲੀ ਅਗੇ ਆਈ ਜਾ ਰਹੇ ਸਨ ਤੇ ਉਹ ਵੀ ਕਾਂਗਰਸ ਦੀਆਂ ਪਾਲਸੀਆਂ ਦੇ ਅਧਾਰ ਤੇ । ਸਿੱਖ ਲੀਡਰਸ਼ਿਪ ਆਪਣੀ ਰਹਿਤ ਮਰਯਾਦਾ ਤੋਂ ਫਿਰ ਸਖਣੀ ਹੁੰਦੀ ਗਈ । ਇਥੋਂ ਤਕ ਕਿ ਜਿਹੜੇ ਗੁਰਦੁਆਰਿਆਂ ਤੇ ਅਕਾਲੀ ਕਬਜ਼ਾ ਕਰਦੇ ਸਨ ਤਾਂ ਉਨ੍ਹਾਂ ਗੁਰਦੁਆਰਿਆਂ ਵਿਚੋਂ ਜਿਨ੍ਹਾਂ ਵਿਚ ਦਸਮ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਂਦਾ ਸੀ ਉਹ ਵੀ  ਕਾਂਗਰਸ ਤੇ ਅੰਗਰੇਜ਼ ਸਰਕਾਰ ਦੀ ਹਮਦਰਦੀ ਲੈਣ ਵਾਸਤੇ ਅਕਾਲੀ ਹਟਾਈ ਜਾ ਰਹੇ ਸਨ। ਇਸ ਨਾਲ ਸਿੱਖਾਂ ਦੇ ਸੰਤ ਸਿਪਾਹੀ ਸਿੱਧਾਂਤ ਨੂੰ ਢਾਹ ਲਗਦੀ ਗਈ ।

# ਗੁਰੂ ਕੇ ਬਾਗ ਤੇ ਜੈਤੋ ਦੇ ਮੋਰਚੇ

ਗੁਰੂ ਕੇ ਬਾਗ ਦਾ ਮੋਰਚਾ ਆਪਣੀ ਕਿਸਮ ਦਾ ਇਹੋ ਜਿਹਾ ਮੋਰਚਾ ਹੈ ਜਿਸ ਵਿਚ ਸਿੱਖਾਂ ਦੇ ਸਿਦਕ,ਸਬਰ, ਸੰਤੋਖ,ਸਹਿਣ ਸ਼ੀਲਤਾ ਤੇ ਆਪਣੇ ਗੁਰੂ ਦੇ ਭਾਣੇ ਵਿਚ ਰਹਿਣ ਦੀ ਅਦੁਤੀ ਉਧਾਰਨਾ ਸੰਸਾਰ ਦੇ ਮੰਚ ਤੇ ਪਰਗਟ ਹੁੰਦੀ ਹੈ ।ਸ਼ਾਤ ਮਈ ਅੰਧੋਲਨ ਦੀ ਇਹ ਇਹੋ ਜਹੀ ਨਿਵੇਕਲੀ ਮਿਸਾਲ ਹੈ ਜਿਸ ਦੀ ਹੋਰ ਕੋਈ ਉਧਾਰਨਾ ਦਿਤੀ ਹੀ ਨਹੀਂ ਜਾ ਸਕਦੀ । ਇਸ ਮੋਰਚੇ ਵਿਚ ਸਿੱਖਾਂ ਦੇ ਅਕਾਲੀ ਜਥੇ ਜਾਂਦੇ ਸਨ ਤੇ ਪੁਲੀਸ ਉਨ੍ਹਾਂ ਦਾ ਲਾਠੀਆਂ ਨਾਲ ਸਵਾਗਤ ਕਰਦੀ ਸੀ । ਜਦ ਅਕਾਲੀ ਸਿੰਘ ਪੁਲੀਸ ਦੀਆਂ ਡਾਂਗਾਂ ਕਾਰਨ ਬੇਹੋਸ਼ ਹੋ ਜਾਂਦੇ ਤਾਂ ਉਨ੍ਹਾਂ ਨੂੰ ਟਰਕਾਂ ਵਿਚ ਸੁੱਟ ਕੇ ਜੇਲ ਵਿਚ ਡੱਕ ਦਿਤਾ ਜਾਂਦਾ ਸੀ ਜਿਥੇ ਉਨ੍ਹਾਂ ਦਾ ਕੋਈ ਇਲਾਜ ਨਹੀਂ ਕੀਤਾ ਜਾਂਦਾ ਸੀ । ਇਹ ਮੋਰਚਾ ਉਸ ਵੇਲੇ ਸ਼ੁਰੂ ਹੋਇਆ ਜਦ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਗੁਰਦੁਆਰੇ ਦੇ ਲੰਗਰ ਵਾਸਤੇ ਲਕੜੀਆਂ ਦੀ ਲੋੜ ਪਈ ਤਾਂ ਅਕਾਲੀ ਸਿੰਘ ਗੁਰੂ ਕੇ ਬਾਗ ਵਿਚ ਲਕੜੀਆਂ ਲੈਣ ਵਾਸਤੇ ਗਏ । ਗੁਰੂ ਕੇ ਬਾਗ ਤੇ ਉਸ ਸਮੇ ਮਹੰਤਾਂ ਦਾ ਕਬਜ਼ਾ ਸੀ ।ਮਹੰਤਾਂ ਨੇ ਇਸ ਬਾਰੇ ਪੁਲੀਸ਼ ਪਾਸ ਅਕਾਲੀਆਂ ਦੇ ਵਿਰੁਧ ਸ਼ਕਾਇਤ ਕੀਤੀ ।ਪੁਲੀਸ ਮਹੰਤਾਂ ਦੀ ਸਹਾਇਤਾ ਵਾਸਤੇ ਗੁਰੂ ਕੇ ਬਾਗ ਆ ਪੁਜੀ ਤੇ ਅਕਾਲੀ ਜਥਿਆਂ ਤੇ ਗੁਰੂ ਕੇ ਬਾਗ ਵਿਚ ਦਾਖਲੇ ਤੇ ਪਾਬੰਧੀ ਲਾ ਦਿਤੀ ।ਅਕਾਲੀ ਜਥੇ ਹਰ ਰੋਜ਼ ਗੁਰੂ ਕੇ ਬਾਗ ਪੁਜਣ ਲਈ ਰਵਾਨਾ ਹੋਣੇ ਸ਼ੁਰੂ ਹੋ ਗਏ । ਪੁਲੀਸ ਉਨ੍ਹਾਂ ਨੂੰ ਗੁਰੂ ਕੇ ਬਾਗ ਵਿਚ ਦਾਖਲ ਹੋਣ ਨਹੀਂ ਦੇਂਦੀ ਸੀ । ਜਦ ਸਿੰਘ ਅੱਗੇ ਵੱਧਦੇ ਸਨ ਤਾਂ ਪੁਲੀਸ ਉਨ੍ਹਾਂ ਤੇ ਡਾਂਗਾਂ ਨਾਲ ਹਮਲਾ ਕਰ ਦੇਂਦੀ ਸੀ । ਅਕਾਲੀ ਸਿੰਘ ਬੜੇ ਸ਼ਾਤ ਸਰੂਪ ਵਿਚ ਨਾਮ ਸਿਮਰਨ ਕਰਦੇ ਹੋਏ ਪੁਲੀਸ ਦੀਆਂ ਡਾਂਗਾਂ ਆਪਣੇ ਸਰੀਰ ਤੇ ਝਲੀ ਜਾਂਦੇ ਸਨ ।ਇਹ ਮੋਰਚਾ ੮ ਅਗਸਤ,੧੯੨੨ ਨੂੰ ਅਰੰਭ ਹੋਇਆ ਸੀ । ਗੁਰੂ ਕੇ ਬਾਗ ਨੂੰ ਜਾਣ ਵਾਲੇ ਸਾਰੇ ਰਸਤੇ ਅਕਾਲੀ ਸਿੰਘਾਂ ਲਈ ਬੰਦ ਕਰ ਦਿਤੇ ਗਏ ਸਨ ।ਇਸ ਦੇ ਬਾਵਜੂਦ ਇਸ ਮੋਰਚੇ ਵਿਚ ੫੬੦੫ ਸਿੰਘ ਗ੍ਰਿਫਤਾਰ ਕੀਤੇ ਗਏ ਸਨ । ਸ਼ਹੀਦ ਹੋਣ ਵਾਲਿਆਂ ਦੀ ਕੋਈ ਗਿਣਤੀ ਇਤਹਾਸ ਨਹੀਂ ਦਸ ਰਿਹਾ । ਇਸ ਦਾ ਕਾਰਨ ਇਹ ਦਸਿਆ ਜਾਂਦਾ ਹੈ ਕਿ ਪੁਲੀਸ ਦੀਆਂ ਡਾਂਗਾਂ ਦੀਆਂ ਸੱਟਾਂ ਕਾਰਨ ਜਿਹੜੇ ਸਿੰਘ ਸ਼ਹੀਦ ਹੋ ਜਾਦੇ ਸਨ ਉਨ੍ਹਾ ਦਾ ਰਿਕਾਰਡ ਪੁਲੀਸ ਰਖਦੀ ਹੀ ਨਹੀਂ ਸੀ ਤੇ ਨਾ ਹੀ ਇਹ ਰਿਕਾਰਡ ਅਕਾਲੀ ਦਲ ਰਾਹੀਂ ਪ੍ਰਾਪਤ ਹੋ ਸਕਦਾ ਹੈ ।ਕਾਂਗਰਸ ਪਾਰਟੀ ਨੇ ਇਸ ਅੰਧੋਲਨ ਨੂੰ ਆਪਣੀ ਸ਼ਾਤ ਮਈ ਲਹਿਰ ਦਾ ਹਿੱਸਾ ਬਣਾ ਲਿਆ ਤੇ ਇਸ ਤੋਂ ਆਪਣੇ ਸਿਆਸੀ ਹਿੱਤਾਂ ਨੂੰ ਖੂਬ ਪੱਠੇ ਪਾਏ । ਸਰਕਾਰ ਅੰਗਰਜ਼ੀ ਵੀ ਬੜੀ ਹੈਰਾਨ ਸੀ ਕਿ ਇਤਨੀ ਸਖਤੀ ਦੇ ਬਾਵਜੂਦ ਸਿੰਘਾਂ ਦੇ ਜਥਿਆਂ ਵਿਚ ਨਾ ਤਾਂ ਕੋਈ ਕੰਮਜ਼ੋਰੀ ਆ ਰਹੀ ਸੀ ਤੇ ਨਾ ਹੀ ਅਕਾਲੀ ਸਿੰਘਾਂ ਦਾ ਜੋਸ਼ ਮੱਠਾ ਪੈ ਰਿਹਾ ਸੀ । ਸਰਕਾਰ ਜੇਵੇਂ ਜੇਵੇਂ ਸਕਤੀ ਕਰਦੀ ਮੋਰਚਾ ਉਤਨਾ ਹੀ ਤੇਜ਼ ਹੋਈ ਜਾ ਰਿਹਾ ਸੀ । ਭਾਰਤ ਭਰ ਵਿਚੋਂ ਲੋਕ ਸਿੰਘਾਂ ਦੇ ਧੀਰਜ ਤੇ ਸੰਤੋਖ ਅਤੇ ਆਪਣੇ ਗੁਰੂ ਦੇ ਭਾਣੇ ਵਿਚ ਰਹਿਣ ਦੀ ਸ਼ਕਤੀ ਨੂੰ

ਵੇਖਣ ਵਾਸਤੇ ਆ ਰਹੇ ਸਨ । ਇਸੇ ਤਰਾਂ ਇਕ ਅੰਗਰੇਜ਼ ਪਾਦਰੀ ਜਦ ਗੁਰੂ ਕੇ ਬਾਗ ਪੁਜਾ ਤਾਂ ਉਹ ਇਹ ਵੇਖ ਕੇ ਹੈਰਾਣ ਹੋ ਗਿਆ ਕਿ ਅਕਾਲੀ ਸਿੰਘ ਨਾਮ ਸਿਮਰਨ ਕਰਦੇ ਹੋਏ ਅੰਗਰੇਜ਼ ਸਰਕਾਰ ਦੀ ਪੁਲੀਸ ਦੀਆਂ ਡਾਂਗਾਂ ਹੱਸ ਹੱਸ ਕੇ ਆਪਣੇ ਸਰੀਰਾਂ ਤੇ ਸਹਿਣ ਕਰੀ ਜਾ ਰਹੇ ਹਨ । ਉਸ ਨੂੰ ਇਹ ਮਹਿਸੂਸ ਹੋਇਆ ਕਿ ਜੇਵੇਂ ਇਥੇ ਹਰ ਰੋਜ਼ ਹਜ਼ਰਤ ਈਸਾ ਨੂੰ ਸ਼ਹੀਦ ਕੀਤਾ ਜਾ ਰਿਹਾ ਹੋਵੇ । ਉਸ ਨੇ ਪੰਜਾਬ ਦੇ ਉਸ ਸਮੇ ਦੇ ਗਵਰਨਰ ਨੂੰ ਇਕ ਚਿਠੀ ਲਿਖੀ ਕਿ ਉਹ ਗੁਰੂ ਕੇ ਬਾਗ ਵਿਖੇ ਹਰ ਰੋਜ਼ ਸੈਂਕੜੇ ਹਜ਼ਰਤ ਈਸਾ ਸ਼ਹੀਦ ਹੁੰਦੇ ਵੇਖ ਰਿਹਾ ਹੈ । ਅਕਾਲੀ ਸਿੰਘਾਂ ਤੇ ਇਹ ਸਖਤੀ ਦਾ ਦੌਰ ਖਤਮ ਕੀਤਾ ਜਾਣਾ ਚਾਹੀਦਾ ਹੈ ਪਰ ਸਰਕਾਰ ਨੂੰ ਇਸ ਔਕੜ ਵਿਚੋਂ ਨਿਕਲਨ ਲਈ ਕੋਈ ਰਾਹ ਨਹੀਂ ਮਿਲ ਰਿਹਾ ਸੀ  ਤੇ ਨਾ ਹੀ  ਸਰਕਾਰ ਆਪਣਾ ਹੱਠ ਛਡਣ ਨੂੰ ਤਿਆਰ ਹੋ ਰਹੀ ਸੀ। ਇਥੋਂ ਤਕ ਕਿ ਵਿਧਾਨ ਪ੍ਰੀਸ਼ਦ ਵਿਚ ਇਸ ਬਾਰੇ ਬਹਿਸ ਵੀ ਹੋਈ । ਇਕ ਸਿੱਖ ਮੈਂਬਰ ਭਾਈ ਮਾਨ ਸਿੰਘ ਨੇ ਜਦ ਐਡਜਰਨਮੈਂਟ ਮੋਸ਼ਨ ਪੇਸ਼ ਕਰਨ ਦੀ ਆਗਿਆ ਮੰਗੀ ਤਾਂ ਸਰਕਾਰ ਦੇ ਸਖਤ ਵਤੀਰੇ ਕਾਰਨ ਉਸ ਨੂੰ ਇਹ ਮੋਸ਼ਨ ਪੇਸ਼ ਕਰਨ ਦੀ ਆਗਿਆ ਹੀ ਨਹੀਂ ਦਿਤੀ ਗਈ ਸੀ ।ਮੋਸ਼ਨ ਪੇਸ਼ ਕਰਨ ਲਈ ਭਾਈ ਮਾਨ ਸਿੰਘ ਨੇ ਕਈ ਦਲੀਲਾਂ ਦਿਤੀਆਂ ਜਿਨ੍ਹਾਂ ਨੂੰ ਗ੍ਰਹਿ ਵਿਭਾਗ ਤੇ ਦੂਸਰੇ ਮੈਂਬ੍ਰਾਂ ਨੇ ਨਿਕਾਰ ਦਿਤਾ । ਅਖੀਰ ਹਾਊਸ ਦੇ ਪ੍ਰਧਾਨ ਨੇ ਇਹ ਕਹਿ ਕੇ ਭਾਈ ਮਾਨ ਸਿੰਘ ਦੀ ਮੋਸ਼ਨ ਨੂੰ ਨਾ ਮਨਜ਼ੂਰ ਕਰ ਦਿਤਾ ਕਿ (“The honourable member from Bengal is a danial come to judgment and I am afraid I must bring the discussion to a close . The request for leave to move the Adjournment is not in order.”) ਆਖਰਕਾਰ ਸਰ ਗੰਗਾ ਰਾਮ ਦੀ ਇਹ ਤਜ਼ਵੀਜ ਮੰਨਜ਼ੂਰ ਕਰ ਲਈ ਗਈ ਤੇ ਬਾਗ ਉਸ ਨੂੰ ਠੇਕੇ ਤੇ ਦੇ ਦਿਤਾ ਗਿਆ । ਜਦ ਬਾਗ ਦਾ ਕਬਜ਼ਾ ਮਹੰਤ ਪਾਸੋਂ ਸਰ ਗੰਗਾ ਰਾਮ ਪਾਸ ਆ ਗਿਆ ਤਾਂ ਉਸ ਨੇ ਇਹ ਬਾਗ ਆਕਾਲੀਆਂ ਨੂੰ ਦੇ ਦਿਤਾ ਜਿਸ ਦਾ ਪ੍ਰਬੰਧ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੰਭਾਲ ਲਿਆ ਤੇ ਇਹ ਮੋਰਚਾ ੧੯ ਨਵੰਬਰ ੧੯੨੨ ਨੂੰ ਫਤਹਿ ਹੋ ਗਿਆ ਜਦ ਕਿ ਸਾਰੇ ਗ੍ਰਿਫਤਾਰ ਕੀਤੇ ਅਕਾਲੀ ਸਿੰਘ ਬਿਨਾ ਸ਼ਰਤ ਰਿਹਾ ਕਰ ਦਿਤੇ ਗਏ ।ਅਕਾਲੀਆਂ ਵਲੋਂ ਬਣਾਈ ਗਈ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਰਕਾਰ ਨੂੰ ਭਾਉਂਦੀ ਨਹੀਂ ਸੀ ਜਿਸ ਕਾਰਨ ਸਰਕਾਰ ਨੇ ਪੰਜਾਬ ਵਿਧਾਨ ਪ੍ਰੀਸ਼ਦ ਵਿਚ ਇਕ ਹੋਰ ਬਿਲ ਪੇਸ਼ ਕਰ ਦਿਤਾ ਜਿਸ ਦਾ ਨਾਮ ਗੁਰਦੁਆਰਾ ਐਂਡ ਸ਼ਰਾਈਨ ਬਿਲ ੧੯੨੨ ਰਖਿਆ ਗਿਆ । ਇਸ ਬਿਲ ਨੂੰ ਵੀ ਅਕਾਲੀਆਂ ਨੇ ਪ੍ਰਵਾਨ ਨਹੀਂ ਕੀਤਾ ਜਿਸ ਕਾਰਨ ਇਸ ਦਾ ਹਸ਼ਰ ਵੀ ਸਰਕਾਰ ਦੇ ਪਹਿਲੇ ਬਿਲ ਜਿਹਾ ਹੋ ਗਿਆ । ਇਸ ਨਾਲ ਅੰਗਰੇਜ਼ ਸਰਕਾਰ ਹੋਰ ਚਿੜ ਗਈ ਤੇ ਅਕਾਲੀਆਂ ਤੇ ਹੋਰ ਸਖਤੀਆਂ ਸ਼ੁਰੂ ਹੋ ਗਈਆਂ ।

ਇਸ ਮੋਰਚੇ ਦਾ ਸਿੱਖਾ ਤੇ ਇਤਨਾ ਪ੍ਰਭਾਵ ਪਿਆ ਕਿ ਹਰ ਸਿੱਖ ਅੰਗਰੇਜ਼ ਨੂੰ ਜਿਥੇ ਨਫਰਤ ਕਰਨ ਲਗ ਪਿਆ ਸੀ ਉਥੇ ਉਹ ਅੰਗਰੇਜ਼ ਸਰਕਾਰ ਦੇ ਪਿਠੂਆਂ ਦਾ ਜਾਨੀ ਦੁਸ਼ਮਣ ਬਣ ਗਿਆ ਸੀ । ਅੰਗਰੇਜ਼ ਤੇ ਉਸ ਨੂੰ ਇਤਲਾਵਾਂ ਦੇਣ ਵਾਲਿਆਂ ਦੀ ਸੂਧਾਈ ਕਰਨ ਵਾਸਤੇ ਗਰਮ ਖਿਆਲੀ ਸਿੱਖ ਨੌਜਵਾਨਾਂ ਨੇ ਬੱਬਰ ਅਕਾਲੀ ਦਲ ਬਣਾ ਲਿਆ ਜਿਸ ਦਾ ਕੰਮ ਅੰਗਰੇਜ਼ਾਂ ਦੇ ਪਿਠੂਆਂ ਤੇ ਝੋਲੀ ਚੁਕਾਂ ਦੀ

ਸੁਧਾਈ ਕਰਨਾ ਸੀ । ਇਸ ਲਹਿਰ ਦਾ ਆਪਣਾ ਹੀ ਇਕ ਵਖਰਾ ਇਤਹਾਸ ਹੈ ਜਿਸ ਨੇ ਪੰਜਾਬ ਤੇ ਖਾਸ ਕਰਕੇ ਦੁਆਬਾ ਇਲਾਕੇ ਵਿਚ ਅੰਗਰੇਜ਼ ਸਰਕਾਰ ਦੇ ਸਾਰੇ ਪ੍ਰਬੰਧਾਂ ਨੂੰ ਖੇਰੂੰ ਖੇਰੂੰ ਕਰ ਦਿਤਾ ਸੀ ।

ਸਰਕਾਰ ਦੀਆਂ ਸਖਤੀਆਂ ਦਿਨੋ ਦਿਨ ਵਧ ਰਹੀਆਂ ਸਨ ਤੇ ਸਰਕਾਰ ਹਰ ਉਸ ਵਿਅਕਤੀ ਨੂੰ ਕੁਚਲ ਦੇਣਾ ਚਾਹੁੰਦੀ ਸੀ ਜੋ ਅਕਾਲੀ ਦਲ ਵਿਚ ਸ਼ਾਮਲ ਹੁੰਦਾ ਸੀ ਜਾਂ ਅਕਾਲੀ ਦਲ ਨਾਲ ਹਮਦਰਦੀ ਰਖਦਾ ਹੋਇਆ ਅਕਾਲੀਆਂ ਦੀ ਸਹਾਇਤਾ ਕਰਦਾ ਸੀ ।ਸਿੱਖਾਂ ਤੇ ਖਾਸ ਕਰ ਕੇ ਅਕਾਲੀਆਂ ਦਾ ਹਮਦਰਦ ਮਹਾਰਾਜਾ ਰਿਪਦੁਮਨ ਸਿੰਘ ਨਾਭਾ ਨੂੰ ਸਮਝਿਆ ਜਾਂਦਾ ਸੀ । ਮਹਾਰਾਜਾ ਰਿਪਦੁਮਨ ਸਿੰਘ ਦੇ ਯਤਨਾ ਸਦਕਾ ਸਿੱਖਾਂ ਲਈ ਵਿਆਹ ਸ਼ਾਦੀ ਵਾਸਤੇ ਇਕ ਵਖਰਾ ਕਾਨੂਨ ਅਨੰਦ ਮੈਰਿਜ਼ ਐਕਟ ਸਰਕਾਰੀ ਤੌਰ ਪਾਸ ਹੋਇਆ ਸੀ ।ਇਸ ਦੀ ਵਿਰੋਧਤਾ ਫਿਰਕਾਪ੍ਰਸਤ ਪਾਰਟੀਆਂ ਕਰਦੀਆਂ ਸਨ ਪਰ ਸਿੱਖ ਇਸ ਕਾਨੂਨ ਨਾਲ ਆਪਣੀ ਇਕ ਵਖਰੀ ਪਹਿਚਾਨ ਬਣਾ ਰਹੇ ਸਨ । ਮਹਾਰਾਜਾ ਰਿਪਦੁਮਨ ਸਿੰਘ ਨੂੰ ਸਿੱਖਾਂ ਤੇ ਖਾਸ ਕਰਕੇ ਅਕਾਲੀਆਂ ਦਾ ਸਮਰਥਕ ਸਮਝਿਆ ਜਾਂਦਾ ਸੀ । ਅੰਗਰੇਜ਼ ਸਰਕਾਰ ਦੇ ਇਸ਼ਾਰੇ ਤੇ ਮਹਾਰਾਜਾ ਪਟਿਆਲਾ ਨੇ ਮਹਾਂਰਾਜਾ ਰਿਪਦੁਮਨ ਸਿੰਘ ਨਾਲ ਵਿਵਾਦ ਖੜਾ ਕਰ ਲਿਆ । ਇਨ੍ਹਾਂ ਦੋਹਾਂ ਮਹਾਰਾਜਿਆਂ ਦੇ ਝਗੜੇ ਵਿਚ ਅੰਗਰੇਜ਼ ਨੇ ਸਾਲਸੀ ਕਰਦੇ ਹੋਏ ਮਹਾਰਾਜਾ ਰਿਪਦੁਮਨ ਸਿੰਘ ਨੂੰ ਮਹਾਰਾਜੇ ਦੀ ਪਦਵੀ ਤੋਂ ਹਟਾ ਦਿਤਾ ।ਇਸ ਬਾਰੇ ਜਿਸ ਅੰਗਰੇਜ਼ ਅਧਿਕਾਰੀ ਨੂੰ ਫੋਜੀ ਟੁਕੜੀ ਦੇ ਕੇ ਮਹਾਰਾਜੇ ਤੋਂ ਤਖਤ ਖਾਲੀ ਕਰਵਾਰਿਆ ਗਿਆ ਸੀ ਉਸ ਅਧਿਕਾਰੀ ਨੇ ਮਹਾਰਾਜੇ ਨੂੰ ਤਾਹਨਾ ਮਾਰਿਆ ਕਿ ਕਿਥੇ ਤੇਰੇ ਅਕਾਲੀ ਹਮਾਇਤੀ ? ਇਸ ਤੇ ਅਗਲੇ ਦਿਨ ੯ ਜੁਲਾਈ ੧੯੨੩ ਨੂੰ ਅਕਾਲੀ ਦਲ ਨੇ ਨਾਭਾ ਅੰਧੋਲਨ ਅਰੰਭ ਕਰ ਦਿਤਾ ਜਿਹੜਾ ਜੈਤੋ ਮੋਰਚੇ ਵਿਚ ਤਬੀਲ ਹੋ ਗਿਆ ਜਦ ਕਿ ਹਰ ਰੋਜ਼ ਜੈਤੋ ਦੇ ਗੁਰਦੁਆਰਾ ਗੰਗਸਰ ਵਿਖੇ ਸਿੰਘਾਂ ਦੇ ਦੀਵਾਨ ਲਗਦੇ ਸਨ ਤੇ ਨਾਭਾ ਸਰਕਾਰ ਉਨ੍ਹਾਂ ਨੂੰ ਗ੍ਰਿਫਤਾਰ ਕਰੀ ਜਾ ਰਹੀ ।ਅਕਾਲੀ ਦਲ ਦੀ ਮੰਗ ਸੀ ਕਿ ਮਹਾਰਾਜਾ ਰਿਪਦੁਮਨ ਸਿੰਘ ਨੂੰ ਫਿਰ ਬਹਾਲ ਕੀਤਾ ਜਾਵੇ । ਸਰਕਾਰ ਇਹ ਮੰਗ ਮਨਣ ਲਈ ਤਿਆਰ ਨਹੀਂ ਸੀ । ਮਹਾਰਾਜੇ ਦੀ ਚੜ੍ਹਦੀ ਕਲਾ ਲਈ ਜੈਤੋ ਦੇ ਗੁਰਗੁਆਰੇ ਵਿਚ ਅਖੰਡ ਪਾਠ ਅਰੰਭ ਕਰ ਦਿਤਾ ਗਿਆ । ਇਕ ਪਾਸੇ ਅਖੰਡ ਪਾਠ ਚਲ ਰਿਹਾ ਸੀ ਤਾਂ ਗੁਰਦੁਆਰੇ ਦੇ ਮੈਦਾਨ ਵਿਚ ਬੜਾ ਭਾਰੀ ਦੀਵਾਨ ਸਜਿਆ ਹੋਇਆ ਸੀ । ਨਾਭਾ ਪੋਲੀਸ ਨੇ ਸਭਨਾਂ ਅਕਾਲੀ ਵਰਕਰਾਂ ਨੂੰ ਗ੍ਰਿਫਤਾਰ ਕਰ ਲਿਆ ਤੇ ਅਖੰਡ ਪਾਠ ਤੇ ਬੈਠੇ ਪਾਠੀ ਨੂੰ ਵੀ ਪੋਲੀਸ ਨੇ ਗ੍ਰਿਫਤਾਰ ਕਰ ਲਿਆ ਜਿਸ ਕਾਰਨ ਮੋਰਚਾ ਹੋਰ ਤੇਜ਼ ਹੋ ਗਿਆ ਕਿਉਂਕਿ ਸਿੱਖ ਇਹ ਕਦੇ ਵੀ ਸਹਿਣ ਨਹੀਂ ਕਰ ਸਕਦੇ ਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਹੋ ਰਿਹਾ ਅਖੰਡ ਪਾਠ ਕਿਸੇ ਤਰਾਂ ਵੀ ਖੰਡਤ ਹੋਵੇ ।ਇਸ ਮੋਰਚੇ ਵਿਚ ਪਹਿਲਾਂ ੨੫-੨੫ ਸਿੰਘ ਗ੍ਰਿਫਤਾਰੀਆਂ ਲਈ ਭੇਜੇ ਜਾਂਦੇ ਸਨ । ਜਦ ਇਨ੍ਹਾਂ ਗ੍ਰਿਫਤਾਰੀਆਂ ਦਾ ਸਰਕਾਰ ਤੇ ਕੋਈ ਪ੍ਰਭਾਵ ਨਾ ਪਿਆ ਤਾਂ ਮੋਰਚਾ ਹੋਰ ਤੇਜ਼ ਹੋ ਗਿਆ । ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਤੋਂ ੯ ਫਰਵਰੀ ੧੯੨੪ ਤੋਂ ਪੰਜ ਪੰਜ ਸੌ ਸਿੰਘਾਂ ਦੇ ਸ਼ਹੀਦੀ ਜਥੇ ਜਾਨੇ ਅਰੰਭ ਹੋ ਗਏ । ਅਪਰੈਲ ੧੯੨੫ ਤਕ ੧੭

ਸ਼ਹੀਦੀ ਜਥੇ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਤੋਂ ਰਵਾਨਾ ਹੋਏ ।ਹੁਣ ਅਕਾਲੀ ਦਲ ਦੀਆਂ ਦੋ ਮੰਗਾਂ ਹੋ ਗਈਆਂ । ਇਕ ਮੰਗ ਇਹ ਸੀ ਕਿ ਮਹਾਰਾਜਾ ਰਿਪਦੁਮਨ ਸਿੰਘ ਨੂੰ ਬਹਾਲ ਕੀਤਾ ਜਾਵੇ ਤੇ ਦੂਜੀ ਮੰਗ ਸੀ ਭੰਗ ਹੋਏ ਅਖੰਡ ਪਾਠ ਦਾ ਪ੍ਰਾਸਚਿਤ ਕਰ ਕੇ ਦੁਬਾਰਾ ਅਖੰਡ ਪਾਠ ਕਰਨ ਦਿਤਾ ਜਾਵੇ । ਇਨ੍ਹਾਂ ਜਥਿਆਂ ਦੀ ਰਵਾਨਗੀ ਤੇ ਜੈਤੋ ਤਕ ਦਾ ਪੰਧ ਇਕ ਅਨੋਖੀ ਘਟਨਾ ਹਰ ਵਾਰ ਬਣਦਾ ਜਾ ਰਿਹਾ ਸੀ ਜਦ ਕਿ ਇਨ੍ਹਾਂ ਸਾਂਤ ਮਈ ਪਰਵਾਨਿਆਂ ਦੀ ਕੁਰਬਾਨੀ ਵੇਖਣ ਲਈ ਭਾਰਤ ਭਰ ਤੋਂ ਰਾਜਨੀਤਕ ਆਗੂ ਪੰਜਾਬ ਪੁਜ ਰਹੇ ਸਨ । ਸਰਭ ਹਿੰਦ ਕਾਂਗਰਸ ਪਾਰਟੀ ਨੇ ਆਪਣੇ ਦਿਲੀ ਦੇ ਸੈਸ਼ਨ ਵਿਚ ਇਹ ਨਿਰਣਾ ਲਿਆ ਕਿ ਪੰਡਤ ਜਵਾਹਰ ਲਾਲ ਨਹਿਰੂ,ਪਰਿੰਸੀਪਲ ਏ: ਟੀ:ਗਿਡਵਾਨੀ ਤੇ ਸ੍ਰੀ ਕੇ: ਸੰਤਾਨਾਮ ਜੈਤੋ ਜਾ ਕੇ ਸਾਰੇ ਹਾਲਾਤ ਦਾ ਜਾਇਜ਼ਾ ਲੈਣ ਗੇ । ਜਦ ਇਹ ਲੀਡਰ ਸਤੰਬਰ ਮਹੀਨੇ ਜੈਤੋ ਪੁਜੇ ਤਾਂ ਇਨ੍ਹਾਂ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ । ਇਨ੍ਹਾ ਤਿੰਨਾ ਨੂੰ ਢਾਈ ਢਾਈ ਸਾਲ ਦੀ ਕੈਦ ਸੁਣਾ ਦਿਤੀ ਗਈ । ਇਸ ਦੀ ਬੜੀ ਘਬਰਾਹਟ ਪੰਡਤ ਨਹਿਰੂ ਦੇ ਪਿਤਾ ਪੰਡਤ ਮੋਤੀ ਲਾਲ ਨਹਿਰੂ ਨੂੰ ਹੋਈ ਤੇ ਉਸ ਨੇ ਅੰਗਰੇਜ਼ ਸਰਕਾਰ ਨਾਲ ਸਮਝੋਤਾ ਕਰ ਕੇ ਇਨ੍ਹਾਂ ਨੂੰ ਕੁਝ ਸ਼ਰਤਾਂ ਤੇ ਨਵੰਬਰ ਮਹੀਨੇ ਰਿਹਾ ਕਰਵਾ ਲਿਆ ।ਪਰ ਜਵਾਹਰ ਲਾਲ ਨਹਿਰੂ ਨੇ ਆਪਣੀ ਸਵੈਜੀਵਨੀ ਵਿਚ ਇਸ ਗਲ ਤੋਂ ਇਨਕਾਰ ਕੀਤਾ ਕਿ ਉਹ ਕੁਝ ਸ਼ਰਤਾ ਮਨ ਕੇ ਰਿਹਾ ਹੋਏ ਸਨ ।

ਅਕਾਲੀ ਦਲ ਵਲੋਂ ਪਹਿਲਾ ਪੰਜ ਸੌ ਸਿੰਘਾਂ ਦਾ ਜਥਾ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਸ. ਉਧਮ ਸਿੰਘ ਨਾਗੋਕੇ ਦੀ ਜਥੇਦਾਰੀ ਅਧੀਨ ੯ ਫਰਵਰੀ ੧੯੨੪ ਨੂੰ ਗੁਰਦੁਆਰਾ ਗੰਗਸਰ ਜੈਤੋ ਲਈ ਚਲਣਾ ਸੀ ਪਰ ਸਰਕਾਰ ਨੇ ਧੋਖੇ ਨਾਲ ਸਿੰਘ ਸਾਹਿਬ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਬਾਹੁਰ ਬੁਲਾ ਕੇ ਗਲ ਬਾਤ ਦੇ ਬਹਾਨੇ ਸੱਦ ਲਿਆ ਤੇ ਫਿਰ ਗ੍ਰਿਫਤਾਰ ਕਰ ਲਿਆ । ਇਸ ਤੇ ਅਗਲੇ ਦਿਨ ਪਹਿਲਾ ਸ਼ਹੀਦੀ ਜਥਾ ਜਥੇਦਾਰ ਉਧਮ ਸਿੰਘ ਵਰਪਾਲ ਦੀ ਜਥੇਦਾਰੀ ਅਧੀਨ ਭੇਜਿਆ ਗਿਆ ।ਇਸ ਤੋਂ ਪਹਿਲਾਂ ਜਨਵਰੀ ੧੯੨੪ ਨੂੰ ਸਰਕਾਰ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ੬੨ ਮੈਂਬਰਾਂ ਨੂੰ ਗ੍ਰਿਫਤਾਰ ਕਰ ਚੁਕੀ ਸੀ ।ਇਸ ਤਰਾਂ ਸਰਕਾਰ ਸਖਤੀ ਨਾਲ ਇਸ ਲਹਿਰ ਨੂੰ ਖਤਮ ਕਰ ਦੇਣਾ ਚਾਹੁੰਦੀ ਸੀ ।ਪਰ ਹੋ ਇਸ ਦੇ ਬਿਲਕੁਲ ਉਲਟ ਰਿਹਾ ਸੀ । ਸਿੰਘ, ਜਥੇ ਵਿਚ ਬੜੇ ਉਤਸ਼ਾਹ ਨਾਲ ਸ਼ਾਮਲ ਹੋ ਸ਼ਹੀਦੀਆਂ ਪ੍ਰਾਪਤ ਕਰਨ ਲਈ ਉਤਾਵਲੇ ਸਨ । ਇਹ ਸ਼ਹੀਦੀ ਜਥਾ ਪੰਜਾਬ ਦੇ ਪਿੰਡਾਂ ਵਿਚੋਂ ਦੀ ਹੁੰਦਾ ਹੋਇਆ ਰਿਆਸਤ ਨਾਭਾ ਵਲ ਵੱਧ ਰਿਹਾ ਸੀ ਤਾਂ ਜਥੇ ਦਾ ਥਾਂ ਥਾਂ ਸਿੱਖ ਸੰਗਤਾਂ ਨੇ ਸਵਾਗਤ ਕੀਤਾ। ਇਸ ਸ਼ਹੀਦੀ ਜਥੇ ਨੇ ੨੦-੨੧ ਫਰਵਰੀ ਨੂੰ ਜੈਤੋ ਪੁਜਨਾ ਸੀ । ਰਸਤੇ ਵਿਚ ਇਸ ਨਾਲ ਸਰਭ ਹਿੰਦ ਕਾਂਗਰਸ ਦੇ ਲੀਡਰ ਡਾ: ਸੈਫੂਦੀਨ ਕਿਚਲੂ,ਪਰਿੰਸੀਪਲ ਏ:ਟੀ:ਗਿਡਵਾਨੀ ਤੇ ਸ੍ਰੀ ਐਸ: ਜ਼ੀਮਾਂਡ ਦਰਸ਼ਕ ਦੇ ਰੂਪ ਵਿਚ ਸ਼ਾਮਲ ਹੋ ਗਏ । ਇਨ੍ਹਾਂ ਤਿਨਾਂ ਕਾਂਗਰਸੀ ਆਗੂਆਂ ਅਨੁਸਾਰ ਜਥਾ ਬੜੇ ਜ਼ਾਬਤੇ ਨਾਲ ਸ਼ਾਂਤੀ ਪੁਰਵਕ ਰੂਪ ਵਿਚ ਬਿਨਾ ਕਿਸੇ ਹਥਿਆਰ ਤੋਂ ਨਾਭਾ ਰਿਆਸਤ ਵਿਚ ਦਾਖਲ ਹੋਇਆ । ਜਦ ਇਹ ਜਥਾ ਗੁਰਦੁਆਰਾ ਗੰਗਸਰ ਦੀ ਹਦੂਦ ਵਿਚ ਦਾਖਲ

ਹੋਇਆ ਤਾਂ ਉਸ ਤੇ ਉਸੇ ਤਰਾਂ ਅੰਨ੍ਹੇਵਾਹ ਗੋਲੀਆਂ ਦੀ ਬੂਛਾੜ ਛੱਡ ਦਿਤੀ ਗਈ ਜਿਸ ਤਰਾਂ ੧੯੧੯ ਈ ਵਿਚ ਜਲਿਆਂਵਾਲੇ ਬਾਗ ਅੰਮ੍ਰਿਤਸਰ ਵਿਖੇ ਕੀਤੀ ਗਈ ਸੀ । ਸਰਕਾਰ ਦੇ ਇਸ ਜ਼ਾਲਮਾਨਾ ਹਮਲੇ ਵਿਚ ੧੦੦ ਤੋਂ ਵੱਧ ਸਿੰਘ ਸ਼ਹੀਦੀ ਜਾਮ ਪੀ ਗਏ ਜਦ ਕਿ ੨੦੦ ਤੋਂ ਵੱਧ ਜ਼ਖਮੀ ਹੋ ਗਏ । ਜਥੇ ਦੇ ਮੈਂਬਰ ਤੇ ਜਥੇ ਨਾਲ ਹੋਰ ਸ਼ਾਮਲ ਹੋਏ ਤਕਰੀਬਨ ੭੦੦ ਸਿੰਘ ਗ੍ਰਿਫਤਾਰ ਹੋਏ ।ਸਰਕਾਰ ਨੇ ਆਪਣੇ ਕਦਮ ਨੂੰ ਠੀਕ ਦਸਣ ਲਈ ਇਹ ਬਿਆਨ ਦਿਤਾ ਕਿ ਜਥੇ ਵਿਚ ਤਕਰੀਬਨ ੬੦੦੦ ਸਿੰਘ ਸਾਮਲ ਸਨ ।ਇਨ੍ਹਾਂ ਸਿੰਘਾਂ ਵਿਚੋਂ ਬਹੁਤ ਸਾਰਿਆਂ ਪਾਸ ਹਥਿਆਰ ਸਨ ਜਿਨ੍ਹਾਂ ਵਿਚ ਬੰਦੂਕਾਂ ਆਦਿ ਵੀ ਸ਼ਾਮਲ ਦਸੀਆਂ ਜਾਂਦੀਆਂ ਸਨ ।ਇਨਹਾਂ ਅਕਾਲੀਆਂ ਨੇ ਨਾਭਾ ਰਿਆਸਤ ਦੇ ਪ੍ਰਬੰਧਕ ਤੇ ਗੋਲੀ ਚਲਾ ਦਿਤੀ ਜਿਸ ਕਾਰਨ ਸਰਕਾਰ ਨੂੰ ਗੋਲੀ ਚਲਾਉਣ ਦਾ ਹੁਕਮ ਦੇਣਾ ਪਿਆ । ਜਥੇ ਨਾਲ ਦਰਸ਼ਕ ਦੇ ਰੂਪ ਵਿਚ ਜਾ ਰਹੇ ਕਾਂਗਰਸੀ ਲੀਡਰਾਂ ਨੇ ਸਰਕਾਰ ਦੇ ਇਸ ਬਿਆਨ ਨੂੰ ਗਲਤ ਦਸਿਆ ਤੇ ਮਹਾਤਮਾ ਗਾਂਧੀ ਨੂੰ ਇਸ ਦੀ ਸਾਰੀ ਰੀਪੋਰਟ ਭੇਜੀ ਕਿ ਇਹ ਜਥਾ ਬਿਕੁਲ ਨਿਹੱਥਾ ਸੀ ਤੇ ਪੁਰਅਮਨ ਸੀ ਜਿਸ ਤੇ ਨਜ਼ਾਇਜ਼ ਤੌਰ ਤੇ ਗੋਲੀ ਚਲਾਈ ਗਈ ਹੈ ਇਸ ਦੀ ਜਾਂਚ ਦੀ ਮੰਗ ਕੀਤੀ ਗਈ ।ਇਸ ਬਾਰੇ ਸੈਂਟ੍ਰਲ ਲੈਜਿਸਲੇਟਿਵ ਐਸੰਬਲੀ ਵਿਚ ਮਦਨ ਮੋਹਨ ਮਾਲਵੀਆ, ਐਮ :ਏ: ਜਿਨਾਹ,ਸਰ ਮੁਹਮਦ ਯਾਕੂਬ ਆਦਿ ਮੈਂਬ੍ਰਾਂ ਨੇ ਬੜੀ ਜ਼ੋਰ ਦਾਰ ਅਵਾਜ਼ ਉਠਾਈ ਤੇ ਗ੍ਰਹਿ ਸੱਕਤਰ ਨੂੰ ਚਿਠੀ ਲਿਖ ਕੇ ਇਸ ਕਾਂਡ ਦੀ ਜਾਂਚ ਕਰਵਾਏ ਜਾਨ ਦੀ ਮੰਗ ਕੀਤੀ । ਮਦਨ ਮੋਹਨ ਮਾਲਵੀਆ ਵਲੋਂ ਜੋ ਅਡਜ਼ਰਨਮੈਂਟ ਮੋਸ਼ਨ ਐਸੰਬਲੀ ਵਿਚ ਪੇਸ਼ ਕੀਤੀ ਗਈ ਉਸ ਦੀ ਨਕਲ ਅਸੀਂ ਹੇਠ ਦਰਜ ਕਰ ਰਹੇ ਹਾਂ।

LEGISLATIVE ASSEMBLY DEBATES

Vol.iv.Part ii

Motion for adjournment to discuss the Occurrences at Jaito in Nabha territory on the 21st Feb,1924

MOTION FOR ADJOURNMENT.

**“Pandit Madan Mohan Malavia(Allahabad and Jhansi division: Non-Muhammadan Rural):** Sir,I beg to leave to move an adjournment of the business of the Assembly for the purpose of discussing a definite matter of urgent public importance,namely,the occourance which took place on the 21st instant at Jaito, occourance which resulted in the death of a large number of His Majesty’s subjects,variously estimated between 14 and 150. That the deaths took place is undeniable;that firing

was resorted to by the officers who were at Jaito is also not deniel. The question then is,how was it that this firing took place, how was it that these numerous deaths took place? To consider,sir,how the situation arose, it is necessary to go back to a prior period of time and to mention a few circumstances connected therewith……"

ਇਸ ਸਮਸਿਆ ਤੇ ਬੜੀ ਲੰਬੀ ਵਿਚਾਰ ਹੋਈ ਜਿਸ ਵਿਚ ਕਈ ਮੈਂਬਰਾਂ ਨੇ ਭਾਗ ਲਿਆ ਪਰ ਗ੍ਰਿਹ ਵਿਭਾਗ ਦੇ ਮੈਂਬਰ ਸਰ ਹੈਲਕੌਮ ਨੇ ਇਸ ਮੋਸ਼ਨ ਦਾ ਇਹ ਕਹਿ ਕੇ ਵਿਰੋਧ ਕੀਤਾ ਕਿ ਇਹ ਸਮਸਿਆ ਇਕ ਰਿਆਸਤ ਦੇ ਅੰਦਰੂਨੀ ਮੁਆਮਲੇ ਦੀ ਹੈ ਜਿਸ ਬਾਰੇ ਇਸ ਹਾਉਸ ਵਿਚ ਵਿਚਾਰ ਨਹੀਂ ਹੋ ਸਕਦੀ । ਹਾਉਸ ਦੇ ਪ੍ਰਧਾਨ ਨੇ ਇਸ ਮੋਸ਼ਨ ਨੂੰ ਨਾਮਨਜ਼ੂਰ ਕਰ ਦਿਤਾ । ਜੈਤੋ ਮੋਰਚੇ ਬਾਰੇ ਸਰਕਾਰ ਨੇ ਵਿਧਾਨ ਪ੍ਰੀਸ਼ਦ ਵਿਚ ਜੋ ਬੇਹਿਸ ਕੀਤੀ ਉਸ ਦੀ ਅਸਲ ਕਾਪੀ ਦੀ ਨਕਲ ਅਸੀਂ ਸਾਂਭੀ ਪਈ ਹੈ ਜਿਸ ਵਿਚ ਬੜੈ ਰੌਂਚਕ ਅੰਸ ਦਰਜ ਹਨ।ਪਰ ਇਸ ਬੇਹਿਸ ਦੇ ਸਿੱਟੇ ਵਜੋਂ ਇਕ ਕਮੇਟੀ ਦੀ ਸਥਾਪਨਾ ਕਰ ਦਿਤੀ ਗਈ ਜੋ ਕਿ ਸਿੱਖਾਂ ਦੀਆਂ ਸ਼ਕਾਇਤਾਂ ਤੇ ਉਨ੍ਹਾਂ ਨੂੰ ਦੂਰ ਕਰਨ ਲਈ ਸਰਕਾਰ ਨੂੰ ਸੁਝਾਅ ਦੇਵੇ ਗੀ ।ਇਸ ਬਾਰੇ ਗਵਰਨਰ ਜਨਰਲ ਦੀ ਕੌਂਸਿਲ ਵਿਚ ਜੋ ਮਤਾ ਪਾਸ ਕੀਤਾ ਗਿਆ ਉਹ ਇਥੇ ਦਰਜ ਕੀਤਾ ਜਾਂਦਾ ਹੈ ਕਿ

"That the following be subjstituted for the original Resolution:-

'This assembly recommends to the Governer General in Council that a Committee consisting of Pandit Madan Mohan Malaviya,Colonel Sir Henry Stanyon,Pandit Moti Lal Nehru,Dr.H.S.Gour,Mr.B.Venkatapatiraju,Mr.R.K.Shanmukhan Chetty,Maulvi Muhammad Yakub and Sardar Gulab Singh with two officials to be nominated by the Government be appointed to enquire into the grievances of the Sikh Community and make recommendation at an early date to resolve the present impasse between the Government and the Sikh Community ."

ਇਸ ਮਤੇ ਵਿਚ ਕੁਝ ਸੋਧਾਂ ਕਰ ਕੇ ਇਸ ਨੂੰ ਪਾਸ ਕਰ ਦਿਤਾ ਗਿਆ।ਇਹ ਮਤਾ ਹੀ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਐਕਟ ੧੯੨੫ ਦਾ ਮੁਢ ਬਣ ਗਿਆ ਸੀ ।ਅਕਾਲੀਆਂ ਵਲੋਂ ਸ਼ਹੀਦੀ ਜਥੇ ਬਾਕਾਇਦਾ ਜੈਤੋ ਲਈ ਸ੍ਰੀ ਅਕਾਲ ਤਖਤ ਸਾਹਿਬ ਤੋਂ ਚਲ ਰਹੇ ਸਨ । ਇਸ ਸਮੇ ਮਹਾਤਮਾ ਗਾਂਧੀ ਨੇ ਜਦ ਕਿ ਪੰਜਾਬ ਵਿਚ ਕਾਂਗਰਸੀ ਲੀਡਰਾਂ ਦੀਆਂ ਵੀ ਗ੍ਰਿਫਤਾਰੀਆਂ ਅਕਾਲੀਆਂ ਦੇ ਨਾਲ ਹੀ ਹੋ ਰਹੀਆਂ ਸਨ ਇਕ ਖੁਲੀ ਚਿਠੀ ਪ੍ਰਕਾਸ਼ਤ ਕਰਵਾ ਦਿਤੀ ਕਿ ਸਿੱਖ ਆਪਣੀਆਂ ਧਾਰਮੁਕ ਮੰਗਾਂ ਦੇ ਛਾਏ ਹੇਠ ਸਿੱਖ ਰਾਜ ਦੀ ਚਾਹਤ ਕਰ ਰਹੇ ਹਨ ਜਦ ਕਿ ਸਿੱਖ ਨਾਭੇ ਦੇ ਮਹਾਰਾਜਾ ਰਿਪਦੁਮਨ ਸਿੰਘ ਦੀ ਦੁਬਾਰਾ ਬਹਾਲੀ ਦੀ ਵੀ ਮੰਗ ਕਰਦੇ ਹਨ ਜੋ ਕਿ ਇਕ ਨਿਰੋਲ ਰਾਜਸੀ ਮੰਗ ਹੈ ।

ਸਿੱਖਾਂ ਨੂੰ ਮਹਾਤਮਾ ਗਾਂਧੀ ਅਨੁਸਾਰ ਜੈਤੋ ਵਿਚ ਭੰਗ ਹੋਏ ਅਖੰਡ ਪਾਠ ਤੇ ਨਾਭੇ ਦੇ ਮਹਾਰਾਜੇ ਦੇ ਦੋ ਮੁਆਮਲੇ ਵੱਖ ਵੱਖ ਕਰ ਕੇ ਆਪਣੀ ਮੰਗ ਕਰਨੀ ਚਾਹੀਦੀ ਹੈ ।ਸਿੱਖ ਲੀਡਰਸ਼ਿਪ ਆਪਣੀ ਮਰਯਾਦਾ ਨੂੰ ਭੁਲ ਕੇ ਮਹਾਤਮਾ ਗਾਂਧੀ ਦੇ ਸੁਝਾ ਨੂੰ ਮੰਨ ਗਈ ।ਇਸ ਤਰਾਂ ਅਕਾਲੀਆਂ ਨੇ ਮਹਾਰਾਜਾ ਰਿਪਦੁਮਨ ਸਿੰਘ ਦੇ ਕੇਸ ਨਾਲੋਂ ਜੈਤੋ ਦਾ ਕੇਸ ਵਖ ਕਰ ਲਿਆ ਤੇ ਇਹ ਐਲਾਨ ਕਰ ਦਿਤਾ ਕਿ ਉਹ ਸਿੱਖ ਰਾਜ ਨਹੀਂ ਮੰਗਦੇ ਤੇ ਨਾਭੇ ਦੇ ਮਹਾਰਾਜੇ ਦੇ ਕੇਸ ਨਾਲ ਉਨ੍ਹਾਂ ਦਾ ਕੋਈ ਨਾਤਾ ਨਹੀਂ । ਇਸ ਤਰਾਂ ਸਿੱਖ ਲੀਡਰਸ਼ਿਪ ਆਪਣੇ ਸਵਾਰਥ ਅਧੀਨ ਮਹਾਰਾਜਾ ਨਾਭਾ ਦਾ ਸਾਥ ਛੱਡ ਗਈ ।ਇਸ ਦਾ ਲਾਭ ਪੰਜਾਬ ਦੇ ਗਵਰਨਰ ਸਰ ਮੈਲਕੋਮ ਨੇ ਉਠਾਇਆ । ਉਸ ਨੇ ਕੁਝ ਵਫਾਦਾਰ ਸਾਬਕ ਫੌਜੀਆਂ ਤੇ ਸਰਕਾਰੀ ਰਿਟਾਇਰਡ ਅਫਸਰਾਂ ਦੇ ਅਧਾਰ ਤੇ ਅਕਾਲੀਆਂ ਦੇ ਮੁਕਾਬਲੇ ਇਕ ਹੋਰ ਸਿੱਖਾਂ ਦੀ ਪਾਰਟੀ ਬਣਾ ਦਿਤੀ ਜਿਸ ਦਾ ਨਾਮ ਸਿੱਖ ਸੁਧਾਰ ਕਮੇਟੀ ਰਖਿਆ ਗਿਆ । ਅਕਤੂਬਰ ੧੯੨੪ ਵਿਚ ਸਿੱਖ ਸੁਧਾਰ ਕਮੇਟੀ ਵਲੋਂ ਇਖ ਜਥਾ ਜੈਤੋ ਅਖੰਡ ਪਾਠ ਕਰਨ ਵਾਸਤੇ ਭੇਜਿਆ ਗਿਆ ਜਿਸ ਦਾ ਕਿਸੇ ਵੀ ਸਰਕਾਰੀ ਏਜੰਸੀ ਵਲੋਂ ਵਿਰੋਧ ਨਹੀਂ ਕੀਤਾ ਗਿਆ ਸੀ । ਇਸ ਜਥੇ ਨੇ ਜੈਤੋ ਵਿਖੇ ਅਖੰਡ ਪਾਠ ੨੧ ਅਕਤੂਬਰ ਨੂੰ ਅਰੰਭ ਕਰਕੇ ੨੩ ਅਕਤੂਬਰ ਨੂੰ ਉਸ ਦਾ ਭੋਗ ਪਾ ਦਿਤਾ ।ਅਕਾਲੀ ਇਸ ਵੇਲੇ ਤਕ ੧੩ ਸ਼ਹੀਦੀ ਜਥੇ ਭੇਜ ਚੁਕੇ ਸਨ । ਸਿੱਖ ਸੁਧਾਰ ਕਮੇਟੀ ਵਲੋਂ ਕਰਵਾਏ ਗਏ ਅਖੰਡ ਪਾਠ ਦੇ ਬਾਵਜੂਦ ਅਕਾਲੀਆਂ ਵਲੋਂ ਸ਼ਹੀਦੀ ਜਥੇ ਭੇਜੇ ਜਾਂਦੇ ਰਹੇ ਜਦ ਕਿ ਅਪਰੈਲ ੧੯੨੫ ਵਿਚ ਅਕਾਲੀਆਂ ਨੂੰ ਅਖੰਡ ਪਾਠ ਕਰਨ ਦੀ ਆਗਿਆ ਮਿਲ ਗਈ ਤੇ ੧੦੧ ਅਖੰਡ ਪਾਠ ਰਖਵਾ ਕੇ ਭੰਗ ਹੋਏ ਅਖੰਡ ਪਾਠ ਲਈ ਪ੍ਰਾਚਿਤ ਕੀਤਾ ਗਿਆ ।ਇਸ ਸਮੇ ਸਰਕਾਰ ਵਲੋਂ ਇਹ ਐਲਾਨ ਵੀ ਕੀਤਾ ਗਿਆ ਕਿ ਸਰਕਾਰ ਬਹੁਤ ਛੇਤੀ ਹੀ ਗੁਰਦੁਆਰਿਆਂ ਦੇ ਪ੍ਰਬੰਧ ਲਈ ਨਵਾ ਕਾਨੂਨ ਬਣਾ ਰਹੀ ਹੈ ਜਿਸ ਨੂੰ ਲਾਗੂ ਸਿੱਖ ਲੀਡਰਾਂ ਦੀ ਮੰਨਜ਼ੂਰੀ ਨਾਲ ਹੀ ਕੀਤਾ ਜਾਵੇ ਗਾ।

# ਸਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਐਕਟ ੧੯੨੫

ਪੰਜਾਬ ਦਾ ਅੰਗਰੇਜ਼ ਗਵਰਨਰ ਸਰ ਮੈਕੋਮ ਸਿੱਖਾਂ ਵਿਚ ਹਰ ਸਮੇ ਫੁਟ ਦੇ ਬੀਜ ਬੀਜਨ ਲਈ ਤਤਪਰ ਰਹਿੰਦਾ ਸੀ । ਜਦ ਉਸ ਵਲੋਂ ਬਣਾਈ ਗਈ ਸਿੱਖ ਸੁਧਾਰ ਕਮੇਟੀ ਵੀ ਸਿੱਖਾ ਵਿਚ ਪਰਚਲਤ ਨਾ ਹੋ ਸਕੀ ਤਾਂ ਉਸ ਨੇ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਐਕਟ ਤੇ ਇਸ ਤਰਾਂ ਦਾ ਪ੍ਰਭਾਵ ਪਾਉਣਾ ਅਰੰਭ ਕਰ ਦਿਤਾ ਜਿਸ ਨਾਲ ਇਹ ਬਨਣ ਵਾਲਾ ਐਕਟ ਸਿੱਖ ਧਾਰਮੁਕਤਾ ਨੂੰ ਛਡਕੇ ਰਾਜਨੀਤਕ ਰੂਪ ਵਿਚ ਇਕ ਪ੍ਰਬੰਧਕੀ ਐਕਟ ਦੇ ਰੂਪ ਵਿਚ ਸਿੱਖਾਂ ਦੇ ਸਾਹਮਣੇ ਆਏ। ਇਸ ਕਾਨੂਨ ਦੇ ਘਾੜੇ ਵੀ ਗੈਰ ਸਿੱਖ ਹੋਣ ਕਾਰਨ ਉਹ ਸਿੱਖ ਰਹਿਤ ਮਰਯਾਦਾ ਤੋਂ ਅਣਜਾਨ ਸਨ ਜਿਸ ਕਾਰਨ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਐਕਟ ੧੯੨੫ ਇਕ ਪ੍ਰਬੰਧਕੀ ਕਾਨੂਨੀ ਐਕਟ ਦੇ ਰੂਪ ਵਿਚ ਹੋਂਦ ਵਿਚ ਆਇਆ ਸੀ । ਇਸ ਕਾਨੂਨ ਨੂੰ ਪਾਸ ਕਰਨ ਸਮੇ ਜੋ ਬਹਿਸ ਹੋਈ ਉਸ ਵਿਚ ਭਾਗ ਲੈਂਦੇ ਹੋਏ ਇਕ

ਸਿੱਖ ਕੌਂਸਲਰ ਬਾਬਾ ਉਜਾਗਰ ਸਿੰਘ ਬੇਦੀ ਨੇ ਇਤਰਾਜ਼ ਕੀਤਾ ਕਿ ਬਿਲ ਵਿਚ ਸਿੱਖ ਘਟ ਗਿਣਤੀਆਂ ਜਿਹਾ ਕਿ ਉਦਾਸੀ ਸਿੱਖ,ਨਿਰਮਲੇ ਸਿੱਖ,ਸੋਢੀ ਤੇ ਬੇਦੀ ਸਿੱਖਾਂ ਆਦਿ ਲਈ ਕੋਈ ਰਾਖਵੇਂ ਹਲਕੇ ਨਹੀਂ ਰਖੇ ਗਏ ।ਇਸ ਤਰਾਂ ਇਹ ਕਾਨੂਨ ਸਿੱਖਾਂ ਵਿਚ ਫੁੱਟ ਪੈਦਾ ਕਰਦਾ ਹੋਇਆ ਧੜੇ ਬੰਦੀ ਨੂੰ ਜਨਮ ਦਈ ਜਾ ਰਿਹਾ ਸੀ ।ਇਸ ਕਾਨੂਨ ਨੂੰ ਪਾਸ ਕਰਕੇ ਗ੍ਰਿਫਤਾਰ ਕੀਤੇ ਗਏ ਸਿੱਖ ਲੀਡਰਾਂ ਪਾਸ ਉਨ੍ਹਾਂ ਦੀ ਮੰਨਜ਼ੂਰੀ ਲੈਣ ਵਾਸਤੇ ਲਾਹੌਰ ਜੇਲ ਵਿਚ ਭੇਜ ਦਿਤਾ ਗਿਆ । ਲਾਹੌਰ ਦੇ ਕਿਲੇ ਵਿਚ ਬੰਦ ਸਾਰੇ ਸਿੱਖ ਲੀਡਰਾਂ ਨੇ ਜਿਸ ਰੂਪ ਵਿਚ ਇਸ ਕਾਨੂਨ ਨੂੰ ਮਨਜ਼ੂਰ ਕੀਤਾ ਉਸ ਬਾਰੇ 'ਦੀ ਟਰਬੀਊਨ ਲਾਹੌਰ ਨੇ ਆਪਣੇ ੫ ਅਗਸਤ,੧੯੨੫ ਦੇ ਪੇਪਰ ਵਿਚ ਲਿਖਆ ਕਿ ਸਿੱਖ ਲੀਡਰਾਂ ਨੇ ਇਸ ਬਾਰੇ ਇਕ ਮਤਾ ਪਾਸ ਕੀਤਾ ਜੋ ਇਸ ਤਰਾਂ ਹੈ ਕਿ

"Resolved that in spite of certain shortcomings in the Sikh Gurdwara Act,1925,we appeal to the Panth to work it out wholeheartedly. At the same time we wish to make it perfectly clear that we are not prepared to come out by giving any undertaking as a condition of our release ."
( From file No.76i Legislative Assembly debates Vol.-vi-Pt-1 1925)

ਸਿੱਖ ਲੀਡਰਾਂ ਨੇ ਇਸ ਕਾਨੂਨ ਦੇ ਹੱਕ ਵਿਚ ਸਾਰੇ ਪੰਥ ਨੂੰ ਇਹ ਅਪੀਲ ਕਰ ਦਿਤੀ ਕਿ ਇਸ ਕਾਨੂਨ ਵਿਚ ਭਾਵੇਂ ਕੁਝ ਤਰੂਟੀਆਂ ਹਨ ਇਸ ਦੇ ਬਾਵਜੂਦ ਪੰਥ ਨੂੰ ਇਹ ਕਾਨੂਨ ਪ੍ਰਵਾਨ ਕਰ ਲੈਣਾ ਚਾਹੀਦਾ ਹੈ । ਇਹ ਕਾਨੂਨ ਬਣਾਉਣ ਵਾਲਿਆਂ ਨੇ ਸਿੱਖ ਰਹਿਤ ਮਰਯਾਦਾ ਦਾ ਕੋਈ ਧਿਆਨ ਨਹੀਂ ਰਖਿਆ ਸੀ ਤੇ ਨਾ ਹੀ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਅਤੇ ਰਹਿਤ ਨਾਮਿਆਂ ਵਿਚ ਦਸੀ ਗਈ ਸਿੱਖ ਮਰਯਾਦਾ ਦਾ ਕੋਈ ਵਰਨਣ ਕੀਤਾ ਹੈ । ਇਸ ਦੇ ਬਾਵਜੂਦ ਪੰਜਾਬ ਦੇ ਗਵਰਨਰ ਨੇ ਸਿੱਖ ਲੀਡਰਾਂ ਨੂੰ ਰਿਹਾ ਕਰਨ ਵਾਸਤੇ ਦੋ ਸ਼ਰਤਾਂ ਰੱਖ ਦਿਤੀਆਂ ਕਿ ਸਿੱਖ ਲੀਡਰਾਂ ਨੂੰ ਇਸ ਬਾਰੇ ਸਰਕਾਰ ਨੂੰ ਬੇਂਨਤੀ ਕਰਨੀ ਪਵੇ ਗੀ ਤੇ ਇਸ ਬਾਰੇ ਭਰੋਸਾ ਦੇਣਾ ਪਵੇ ਗਾ ਕਿ ਉਹ ਜੇਲ ਤੋਂ ਬਾਹੁਰ ਜਾ ਕੇ ਕਿਸੇ ਹੋਰ ਗੁਰਦੁਆਰੇ ਤੇ ਜਬਰੀ ਕਬਜ਼ਾ ਕਰਨ ਦਾ ਯਤਨ ਨਹੀਂ ਕਰੇ ਗਾ । ਸਰਕਾਰ ਦੀਆਂ ਇਨ੍ਹਾਂ ਸਰਤਾਂ ਕਾਰਨ ਵਿਧਾਨ ਪ੍ਰੀਸ਼ਦ ਵਿਚ ਬਹੁਤ ਸ਼ੋਰ ਮਚਿਆ । ਜਿਸ ਵਿਚ ਮਦਨ ਮੋਹਨ ਮਾਲਵੀਆ,ਮਿਸਟਰ ਮੋਹਮਦ ਅਲੀ ਜਿਨਾਹ ਤੇ ਹੋਰ ਕੌਂਸਿਲਰਾਂ ਨੇ ਸਰਕਾਰ ਨੂੰ ਸ਼ਪਸਟ ਕਹਿ ਦਿਤਾ ਕਿ ਜਦ ਸਿੱਖ ਲੀਡਰਾਂ ਨੇ ਐਕਟ ਨੂੰ ਪਰਵਾਨ ਕਰ ਲਿਆ ਹੈ ਤਾਂ ਫਿਰ ਉਨ੍ਹਾਂ ਤੋਂ ਹੋਰ ਭਰੋਸਾ ਲੈਣ ਦੀ ਲੋੜ ਹੀ ਨਹੀਂ ਰਹਿੰਦੀ ਜਿਸ ਕਾਰਨ ਸਭ ਸਿੱਖ ਲੀਡਰ ਬਿਨਾ ਸ਼ਰਤ ਹੀ ਰਿਹਾ ਹੋਣੇ ਚਾਹੀਦੇ ਹਨ । ਦੁਜੇ ਪਾਸੇ ਗਵਰਨਰ ਦੇ ਇਸ ਹੁਕਮ ਕਾਰਨ ਜੇਲਾਂ ਵਿਚ ਬੰਦ ਸਿੱਖ ਲੀਡਰਾਂ ਵਿਚ ਵੀ ਦੋ ਖਿਆਲ ਪੈਦਾ ਹੋ ਗਏ । ਇਕ ਧੜੇ ਦਾ ਵਿਚਾਰ ਸੀ ਕਿ ਜਦ ਅਸਾਂ ਨੇ ਐਕਟ ਨੂੰ ਪਰਵਾਨ ਕਰ ਲਿਆ ਹੈ ਤਾਂ ਸਰਕਾਰ ਨੂੰ ਭਰੋਸਾ ਦੇਣ ਵਿਚ ਕੀ ਹਰਜ਼ ਹੈ ਜਦ ਕਿ ਦੁਜੇ ਧੜੇ ਦੇ ਸਿੱਖ ਲੀਡਰ ਕੁਝ ਵੀ

ਭਰੋਸਾ ਦੇਣ ਲਈ ਤਿਆਰ ਨਹੀਂ ਸਨ । ਇਸ ਤਰਾ ਗਵਰਨਰ ਦੀਆਂ ਰਖੀਆਂ ਸ਼ਰਤਾਂ ਨੇ ਸਿੱਖ ਲੀਡਰਾਂ ਵਿਚ ਦੋ ਧੜੇ ਪੈਦਾ ਕਰ ਦਿਤੇ। ਇਹ ਦੋਵੇਂ ਧੜੇ ਜਦ ਰਿਹਾ ਹੋ ਕੇ ਚੋਣਾਂ ਵਿਚ ਕੁਧੇ ਤਾਂ ਉਨ੍ਹਾਂ ਨੇ ਇਸ ਬਾਰੇ ਇਕ ਦੁਜੇ ਤੇ ਬੜੇ ਸੰਗੀਨ ਦੋਸ਼ ਸਿੱਖਾਂ ਦੀਆਂ ਵੋਟਾਂ ਲੈਣ ਵਾਸਤੇ ਲਗਾਏ । ਇਸ ਤਰਾਂ ਇਸ ਐਕਟ ਦੇ ਪਾਸ ਹੁੰਦੇ ਸਾਰ ਹੀ ਸਿੱਖਾਂ ਵਿਚ ਫੁੱਟ ਦਾ ਬੀਜ ਬੀਜਿਆ ਗਿਆ ਜੋ ਕਿ ਹੁਣ ਤਕ ਜਾਰੀ ਹੈ । ਅਜ ਕਲ ਗੁਰਦੁਆਰਾ ਚੋਣਾਂ ਸਮੇ ਜੋ ਕੁਰੀਤੀਆਂ ਕੀਤੀਆਂ ਜਾ ਰਹੀਆਂ ਹਨ ਉਨ੍ਹਾਂ ਦਾ ਸਿੱਖ ਧਰਮ ਨਾਲ ਦੂਰ ਦਾ ਵੀ ਸਬੰਧ ਨਹੀਂ ਦਸਿਆ ਜਾਂਦਾ । ਜਿਸ ਕਾਰਨ ਧੀਰੇ ਧੀਰੇ ਸਿੱਖਾਂ ਨੂੰ ਧੜੇ ਬੰਧਕ ਰਾਜਨੀਤੀ ਦਾ ਸ਼ਿਕਾਰ ਬਣਾ ਕੇ ਗੁਰਬਾਣੀ ਜਿਸ ਨੂੰ ਧਾਰਮਿਕ ਅਤੇ ਸੰਸਾਰਕ ਕਾਨੂਨ ਦਾ ਨਿਆਇ ਸ਼ਾਸਤਰ ਸਮਝਿਆ ਜਾਂਦਾ ਹੈ ਤੇ ਗੁਰਸਿੱਖੀ ਤੋਂ ਕੋਹਾਂ ਦੂਰ ਧੱਕ ਦਿਤਾ ਹੈ ।

# ਕਨੀਘੰਮ ਤੇ ਮੈਕਾਲਫ ਦਾ ਸਿੱਖਾਂ ਬਾਰੇ ਅਧਿਅਨ ਦਾ ਪ੍ਰਭਾਵ

ਕਨੀਘੰਮ ਪਹਿਲਾਂ ਅੰਗਰੇਜ਼ ਫੌਜ ਵਿਚ ਨੌਕਰੀ ਕਰਦਾ ਸੀ । ਉਸ ਨੇ ਪਹਿਲੀ ਅੰਗਰੇਜ਼ ਸਿੱਖ ਲੜਾਈ ੧੮੪੫ ਤੋਂ ਇਲਾਵਾ ਬਦੋਵਾਲ,ਅਲੀਵਾਲ ਤੇ ਸੱਭਰਾਂਓ ਦੀਆਂ ਲੜਾਈਆਂ ਵਿਚ ਸਿੱਖਾਂ ਦੇ ਵਿਰੁਧ ਹਿੱਸਾ ਲਿਆ ਸੀ ਤੇ ਸਿੱਖਾਂ ਦੀ ਬਹਾਦਰੀ ਨੂੰ ਆਪਣੀਆਂ ਅਖੀਆਂ ਨਾਲ ਵੇਖਿਆ ਸੀ । ਉਸ ਨੂੰ ਇਹ ਪਤਾ ਸੀ ਕਿ ਸਿੱਖ ਫੌਜ ਦੇ ਜਰਨੈਲ ਅੰਦਰਖਾਤੇ ਅੰਗਰੇਜ਼ ਸਰਕਾਰ ਨਾਲ ਮਿਲੇ ਹੋਏ ਹਨ ਤੇ ਉਹ ਸਿੱਖ ਫੌਜਾਂ ਦੀ ਹਾਰ ਦੇ ਚਾਹਵਾਨ ਹਨ । ਇਸ ਦੇ ਬਾਵਜੂਦ ਬਿਨਾ ਕਿਸੇ ਸਰਕਾਰ ਦੇ ਸਿੱਖ ਫੌਜਾਂ ਬੜੀ ਬਹਾਦਰੀ ਨਾਲ ਸ. ਸ਼ਾਮ ਸਿੰਘ ਅਟਾਰੀ ਵਾਲੇ ਦੀ ਅਗਵਾਈ ਵਿਚ ਲੜਦੀਆਂ ਹੋਈਆਂ ਸ਼ਹੀਦੀਆਂ ਪਾ ਰਹੀਆਂ ਉਸ ਨੇ ਆਪਣੀ ਅੱਖੀਂ ਵੇਖੀਆਂ ਸਨ । ਉਸ ਨੇ ਸਿੱਖਾਂ ਦੀ ਬਹਾਦਰੀ ਤੋਂ ਪ੍ਰਭਾਵਤ ਹੋ ਕੇ ਸਿੱਖ ਇਤਹਾਸ ਤੇ ਸਿੱਧਾਂਤ ਦਾ ਬੜੀ ਗਹਿਰਾਈ ਨਾਲ ਅਧਿਅਨ ਕੀਤਾ ਤੇ ਸਿੱਖ ਇਤਹਾਸ ਲਿਖਿਆ । ਮੈਕਾਲਫ ਵੀ ਸਿੱਖ ਇਤਹਾਸ ਲਿਖਨ ਤੋਂ ਪਹਿਲਾਂ ਜ਼ਿਲਾ ਮੈਜੇਸਟਰੇਟ ਦੇ ਆਹੁਦੇ ਤੇ ਲੱਗਾ ਹੋਇਆ ਸੀ । ਕਿਸੇ ਇਕ ਕੇਸ ਵਿਚ ਉਸ ਦੀ ਅਦਾਲਤ ਵਿਚ ਇਕ ਸਿੱਖ ਦੇ ਬਿਆਨ ਕਲਮਬੰਦ ਹੋ ਰਹੇ ਸਨ । ਜਦ ਸਿੱਖ ਨੇ ਆਪਣਾ ਬਿਆਨ ਖਤਮ ਕੀਤਾ ਤਾਂ ਮੈਕਾਲਫ ਨੇ ਦਸਿਆ ਜਾਂਦਾ ਹੈ ਕਿ ਉਸ ਸਿੱਖ ਤੇ ਸਵਾਲ ਕੀਤਾ ਕਿ ਉਸ ਦਾ ਦਿਤਾ ਹੋਇਆ ਬਿਆਨ ਉਸ ਦੇ ਆਪਣੇ ਹੀ ਵਿਰੁਧ ਜਾ ਸਕਦਾ ਹੈ । ਸਿੱਖ ਨੇ ਬੜੇ ਠਰੰਮੇ ਨਾਲ ਉਤਰ ਦਿਤਾ ਕਿ ਉਸ ਦਾ ਕੰਮ ਸੱਚ ਬੋਲਣਾ ਹੈ ਤੇ ਉਸ ਨੇ ਸੱਚ ਹੀ ਬੋਲਿਆ ਹੈ । ਸੱਚ ਬੋਲਣ ਵਾਲਾ ਸੱਚ ਦੇ ਪ੍ਰਨਾਮ ਦੀ ਚਿੰਤਾ ਨਹੀਂ ਕਰਦਾ । ਇਸ ਦਾ ਬੜਾ ਡੂੰਘਾ ਪ੍ਰਭਾਵ ਮੈਕਾਲਫ ਤੇ ਪਿਆ । ਜਿਸ ਕਿਸੇ ਮੁਕਦਮੇ ਵਿਚ ਜੇ ਕਿਸੇ

ਸਿੱਖ ਦੀ ਗਵਾਹੀ ਜਾਂ ਉਸ ਦਾ ਬਿਆਨ ਅਦਾਲਤ ਵਿਚ ਕਲਮਬੰਦ ਹੋਣਾ ਹੁੰਦਾ ਸੀ ਤਾਂ ਮੈਕਾਲਫ ਉਸ ਨੂੰ ਬੜੇ ਧਿਆਨ ਨਾਲ ਸੁਣਦਾ ਤੇ ਉਸ ਤੇ ਵਿਚਾਰ ਕਰਦਾ । ਅਖੀਰ ਉਹ ਇਸ ਸਿੱਟੇ ਤੇ ਪੁਜਾ ਕਿ ਸਿੱਖਾਂ ਨੂੰ ਝੂਠ ਬੋਲਣਾ ਆਉਂਦਾ ਹੀ ਨਹੀਂ ਜਿਸ ਕਾਰਨ ਜਿਸ ਕਿਸੇ ਮੁਕਦਮੇ ਵਿਚ ਕਿਸੇ ਸਿੱਖ ਦੀ ਗਵਾਹੀ ਹੁੰਦੀ ਤਾਂ ਮੈਕਾਲਫ ਇਕ ਮੈਜੇਸਟਰੇਟ ਵਜੋਂ ਆਪਣਾ ਫੈਸਿਲਾ ਉਸ ਸਿੱਖ ਦੇ ਬਿਆਨ ਦੇ ਅਧਾਰ ਤੇ ਹੀ ਕਰਨ ਲਗ ਪਿਆ । ਸਿੱਖਾਂ ਦੇ ਇਸ ਅਚਰਨ ਨੇ ਮੈਕਾਲਫ ਨੂੰ ਇਹ ਪ੍ਰੇਰਨਾ ਦਿਤੀ ਕਿ ਉਹ ਇਨ੍ਹਾਂ ਸਿੱਖਾਂ ਦੇ ਇਤਹਾਸ ਤੇ ਇਨ੍ਹਾਂ ਦੀ ਰਹਿਤ ਮਰਯਾਦਾ ਦਾ ਡੂੰਘਿਆਈ ਨਾਲ ਮੁਤਾਲਿਆ ਕਰੇ ।ਇਨ੍ਹਾਂ ਦੋਹਾਂ ਅੰਗਰੇਜ਼ ਲਿਖਾਰੀਆਂ ਦੀਆਂ ਸਿੱਖ ਇਤਹਾਸ ਬਾਰੇ ਲੇਖਣੀਆਂ ਤੋਂ ਇਹ ਅਨਭਵ ਹੁੰਦਾ ਹੈ ਕਿ ਇਨ੍ਹਾਂ ਨੇ ਇਹ ਮਹਿਸੂਸ ਕਰ ਲਿਆ ਸੀ ਕਿ ਜਦ ਤਕ ਸਿੱਖ ਸੰਤ ਸਿਪਾਹੀ ਦੇ ਸਿੱਧਾਂਤ ਨੂੰ ਅਮਲੀ ਰੂਪ ਵਿਚ ਸਤਿਕਾਰਦੇ ਹੋਏ ਮੰਨਦੇ ਹਨ ਉਤਨਾ ਚਿਰ ਇਹ  ਆਪਣੀ ਅਰਦਾਸ ਦੇ ਫੈਸਿਲੇ ਲਈ ਬਿਨਾ ਕਿਸੇ ਲੀਡਰ ਦੀ ਅਗਵਾਈ ਦੇ ਆਪਾ ਨਿਸ਼ਾਵਰ ਕਰਦੇ ਹੋਏ ਦ੍ਰਿੜ ਰਹਿ ਸਕਦੇ ਹਨ । ਸੰਤ ਸਿਪਾਹੀ ਦੇ ਸਿੱਧਾਂਤ ਨੂੰ ਅਜ ਵੀ ਸੰਸਾਰ ਭਰ ਦੇ ਵਿਦਿਵਾਨ ਸਭ ਤੋਂ ਉਤਮ ਸਿੱਧਾਂਤ ਮੰਨਦੇ ਹੋਏ ਇਸ ਤੋਂ ਅਗੇ ਜਾਣਾ ਚਾਹੁੰਦੇ ਹਨ ਜਿਹਾ ਕਿ ਇਕ ਰੂਸੀ ਵਿਦਿਵਾਨ ਲਿਖਾਰੀ ਮਾਸਕੋ ਯੂਨੀਵਰਸ਼ਟੀ ਦਾ ਪਰੋਫੈਸਰ ਕਿਮ ਸ਼ੀਲਿੰਗ ਇਹ ਲਿਖਦਾ ਹੈ ਕਿ

“Punjab or Sikh’s Khalsa as IDEAL MODLE REGION FOR INDO-RUSSIA

(Model of Indian future society)

It is well known that the most important feature of Sikhs was the SAINT-SOLDER. But for modern world this is necessary but not enough.Also necessary is some thing else that is very useful and that expresses the sense of modern, but even more-future-world and particularly the prospect of the self-improvement . It is our opinion, a spiritual-creative improvement and self –improvement but not correctly named science. And in Sikhism we can find the base for such reassessed prospects. ( This re-evaluation must go upon  bases of traditions but to go upon new level) And these re-evaluated prospects would become a base for new level of spiritual-creative values and actions of humans.Sikhs and Indian as a whole.”

(INDO-RUSSIA-by Professor Kim Shilin Lomonosov Moscow University, Page 19-20)

ਇਸੇ ਪੁਸਤਕ ਦੇ ਅਗੇ ਚਲ ਕੇ ਪ੍ਰੋਫੈਸਰ ਕਿਮ ਸ਼ੀਲਿੰਗ ਲਿਖਦਾ ਹੈ ਕਿ

‘To our mind,taking into consideration our conception ,the article from magazine “The

Reminder"(Spring 2004,vol.1,No.1) seems to be of great interest. The concept of this Magazine is very similar to my own . I would say"close",but not equivalent. To my opinion,the concept "SAINT-SOLDER" will be more perfect if it has three,but not only two aspects as are given. And the third aspect will be the creative individuality with the language as a mean of perfection and creativity. For the classic Russian culture this concept is very close to the concept "Russian intelligentsia". This concept includes the highest spirituality( as in India and in Sikhism),highest bravery of independent thought and highest capability "to go against the flow". In this case we must come to realized perfection of our language. All these traits belong to Sikh's image –concept of "SAINT-SOLDIER". The united ,Sikh-Russian image-concept is the following: Indian Intelligentsia is realy SAINT Intelligentsia .Or in other words: "A saint is an enlightened human being, who defends the world with the help of thoughts and arms as well….A person who is a spiritual soldier defends all the children…and the country also…Guru Nanak ….fighting in a different sense-through ideas." (His Holiness Baba Virsa Singh."The Saint Soldier."//The Remainder.Spring 2004.Vol.1,No.1 p.5."// These very beautiful words are good for the intelligentsia too.The concept "Truth" unites religion and scientific creativity too.

ਪਰੋਫੈਸਰ ਕਿਮ ਸ਼ਲਿੰਗ ਨੇ ਗੋਬਿੰਦ ਸਦਨ ਤੋਂ ਪ੍ਰਕਾਸ਼ਤ ਹੋ ਰਹੇ ਮੈਗਜ਼ੀਨ ਦਾ ਹਵਾਲਾ ਦੇ ਕੇ ਬਾਬਾ ਵਿਰਸਾ ਸਿੰਘ ਜੀ ਦੇ ਵਿਚਾਰਾਂ ਰਾਹੀਂ ਦਸੇ ਗਏ ਸੰਤ ਸਿਪਾਹੀ ਦੇ ਸਿੱਧਾਂਤ ਦੀ ਵਿਅਖਿਆ ਕੀਤੀ ਹੈ । ਇਸ ਲਈ ਇਥੇ ਇਹ ਜਰੂਰੀ ਹੋ ਗਿਆ ਹੈ ਕਿ ਇਸ ਬਾਰੇ ਬਾਬਾ ਵਿਰਸਾ ਸਿੰਘ ਜੀ ਵਲੋਂ ਦਸੇ ਗਏ ਸੰਤ ਸਿਪਾਹੀ ਦਾ ਵਰਨਣ ਬਾਬਾ ਜੀ ਦੇ ਸ਼ਬਦਾਂ ਰਾਹੀਂ ਹੀ ਕੀਤਾ ਜਾਵੇ । ਬਾਬਾ ਜੀ ਦਸਦੇ ਹਨ ਕਿ

"What is the meaning of a saint ? A saint is an enlightened being. He defends the world through his thoughts and arms as well. In my opinion there is no word bigger than that of "Saint",because Guru Nanak says that a saint is Parbrahm. In other words,Saint is one in whom the light of God has manifested. Guru Nanak is also called a saint. In the scripture it is written,"In Kartarpur(Guru Nanak's village) God resides with a saint." In other words ,that Doer of all things lies in Kartarpur,where a saint lives. The Fifth Guru says, "It is my good luck that I have met a saint."He was talking about his

Guru, Guru Ram Das.

What is the meaning of a soldier? The soldier is the one who defends others. To defend people's houses as a matter of one's duties is only for wordly professional soldiers. A person who is a spiritual soldier defends all the children and all the wealth of everybody. He does not do only for his household, but he defends his neighbour and country also.

Therefore these are two things. One is enlightenment and the other is the religion of a warrior. After enlightenment ,you will have to defend every one. What is the religion of a warrior ? You have been enlightened and met God and now your cycle of birth and death has been broken. Once that happens,wherever there is cruelty, in whatsoever
race,caste,creed,or country,you are committed to stand to defend them.Why? Because you have become a soldier of all society,of all the villages and all the houses.

Now consider the life of Hazrat Mohammed Sahib. He created Four Yaars(friends). All of them were soldiers. Thus the meaning of saint and soldier is that when you become united with God and enlightened through meditation,then you will become a Karma Yoogi. This is also karma(action).Everything is karma.

Guru Nanak explained the matter in a very concise and loving way. When the people,were worshiping,he asked them,"What is the meaning of your worship if you haven't become either saint or soldier? Guru Nanak told the people ," You are worshipping , yet you are still being dishonored-*Pat bin pija* . Why don't you defend your honor? The purpose of worship is to give you the power to defend your honor" then again Guru Nanak said, " *Sat bin sanjam."* Sanjam means rules of worship-to sit in one place ,to read the scripture by facing to a particular side,to offer samaghri. Guru Nanak said that this will produce no miracles. The power of God will not come by simply performing rituals. The practicle thing which you should do is to stand by Truth. When you will stand firmly by Truth,then the Power will come inside you. The other point he makes is, "*Jat bin kahe janeou."* He says, "It is true that the janeou(sacred thread)is a symbol of your religion,so you should certainly wear it. I'm not telling you not to wear the sacred thread, but you must be equally strict about controlling your desires.

This worldly janeou will get wet,dirty,and break. So ,all these things are only karam kand(ritual).” Here again Guru Nanak spoke to the heart of the matter.

The words Saint and soldier are very great. When Lord Krishana was telling Arjuna to perform the religion of a soldier, it was before Arjuna’s enlightenment. Arjuna has been talking about his maternal uncle and maternal grandfather. Lord Krishana replied to Arjuna, “ They have taken many births before as your maternal uncle and maternal grandfather, but now I have given you a boon to perform the soldier’s religion(Kshatriya Dharma). When you will perform your Kshatriya Dharma,all your relatives who will fall by your arrows will receive mukti(liberation). So you help them achieve this goal. All your relatives want to be enlightened and after being struck by your arrows they will get enlightened.” To cut the head of your Guru is the most unusual thing of this world. Dronacharya was Arjuna’s Guru. Lord Krishana said to Arjuna,” Your soul and enlightenment is your only Guru. Dronacharya also wants salvation. When you will cut your Guru’s head by your sword,he will get salvation.” This is first time that somebody was willing to cut off his Guru’s head,because Arjuna had become a saint and soldier.

One day Guru Gobind Singh was hunting, he shot an arrow and killed a rabbit. Maharaj always used to utter something to some body after hunting. This time Guru Gobind Singh said, “Guru Nanak’s hukam has been fulfilled. In his previous life that rabbit was Moola Khattri. Moola used to come to Guru Nanak Dev ji. One day after he had got married,Guru Nanak passed by his house and called on him . Moola told his wife, “If you will say I am in the house,then I will have to go with him.” So his wife replied that he was not in the house. Guru Nanak knew the facts, but said , “Okay. If he is not in the house,then it means he is not here.” When the Guru left the place,Moola’s wife went inside and found that her husband had died. She cried and requested Guru Nanak to help her. He said, “When I will come in my tenth form as Guru Gobind Singh,I will bless him and relieve him from his life(grant him salvation) Then his mistake will be pardoned and his life will be changed. I will forgive Moola in my tenth form .’ Now , in Guru Nanak’s tenth form,by shooting this arrow I have given Moola salvation.” The sangat asked Guru Gobind Singh, “ How do we know that he is Moola?” Then

Guru Gobind Singh gave the rabbit an order to show his origial form . With folded hands, the rabbit changed into Moola. Whenever You visit Hazoor sahib,you can see the place where this event happened .It means that the person may make kistakes but the Guru always forgives .

(extract from The reminder:Spring 2004)

ਸੰਤ ਸਿਪਾਹੀ ਦੇ ਸਿੱਧਾਂਤ ਨੂੰ ਮੈਕਾਲਫ ਤੇ ਕਨੀਘੰਮ ਨੇ ਸਮਝ ਕੇ ਸਿੱਖ ਇਤਹਾਸ ਨੂੰ ਅਜਿਹਾ ਮੋੜ ਦਿਤਾ ਜਿਸ ਨਾਲ ਸਿੱਖ ਆਪਣੇ ਇਸ ਵਡਮੁਲੇ ਸਿੱਧਾਂਤ ਨੂੰ ਭੁਲਾਕੇ ਝੂਠ ਬੋਲਣ ਦੇ ਆਦੀ ਬਣ ਕੇ ਸਵਾਰਥੀ ਰੁਚੀਆਂ ਦੇ ਮਾਲਕ ਬਣ ਜਾਣ । ਉਸ ਵੇਲੇ ਦੇ ਪੰਜਾਬ ਦੇ ਗਵਰਨਰ ਸਰ ਮੈਕੋਮ ਨੇ ਬੜੀ ਸੂਝ ਬੂਝ ਨਾਲ ਸ਼ਿਰੋਮਣੀ ਗੁਰਦੁਆਰਾ ਬਿਲ ਨੂੰ ਹਾਊਸ ਵਿਚ ਪੇਸ਼ ਕਰਵਾਕੇ ਛੇਤੀ ਹੀ ਪਾਸ ਕਰਵਾ ਦਿਤਾ ਜਿਸ ਵਿਚ ਕੁਰੀਤੀਆਂ ਨੂੰ ਧਸੋੜਨ ਦੇ ਕਈ ਰਾਹ ਰਖ ਦਿਤੇ ਸਨ । ਸੰਤ ਸਿਪਾਹੀ ਦਾ ਸਿੱਧਾਂਤ ਅਸਲ ਵਿਚ ਗੁਰੂ ਨਾਨਕ ਕਾਲ ਤੋਂ ਹੀ ਸਿੱਖੀ ਵਿਚ ਅਰੰਭ ਹੋ ਚੁਕਾ ਸੀ ਜਦ ਕਿ ਇਸ ਦਾ ਨਾਮ 'ਰਾਜ,ਯੋਗ' ਕਰ ਕੇ ਜਾਣਿਆ ਜਾਂਦਾ ਸੀ (ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ)।'ਰਾਜ ਜੋਗ' ਦੇ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਕਈ ਵਾਰ ਆਏ ਹਨ ।ਇਸ ਦੇ ਨਾਮ ਸਮੇ ਸਮੇ ਸਿਰ ਬਦਲਦੇ ਗਏ । ਗੁਰੂ ਹਰਿ ਗੋਬਿੰਦ ਜੀ ਦੇ ਸਮੇ ਉਨ੍ਹਾਂ ਨੇ 'ਮੀਰੀ ਤੇ ਪੀਰੀ' ਦਾ ਨਾਮ ਦੇ ਦਿਤਾ ਜਦ ਕਿ ਗੁਰੂ ਗੋਬਿੰਦ ਸਿੰਘ ਜੀ ਨੇ 'ਦੇਗ ਤੇਗ ਫਤਹਿ 'ਤੇ 'ਸੰਤ ਸਿਪਾਹੀ 'ਦਾ ਨਾਮ ਦੇ ਦਿਤਾ । ਗੁਰੂ ਨਾਨਕ ਦੇਵ ਜੀ ਨੇ ਰਾਜ ਕਰੇ ਗਾ ਖਾਲਸਾ ਦਾ ਸ਼ਬਦ ਉਚਾਰਨ ਤਾਂ ਕੀਤਾ ਹੀ ਹੋਇਆ ਸੀ ਜਿਹਾ ਕਿ ਅਸੀਂ ਪਹਿਲਾਂ ਹੀ ਦਸ ਆਏ ਹਾਂ । ਹੁਣ ਅਸੀਂ ਇਥੇ ਜੋਸਿਫ ਡੇਵੈ ਕਨੀਘੰਮ ਵਲੋਂ ਰਹਿਤ
ਨਾਮਿਆਂ ਦਾ ਅੰਗਰੇਜ਼ੀ ਵਿਚ ਕੀਤੇ ਉਲਥੇ ਦੇ ਕੁਝ ਅੰਸ਼ ਇਥੇ ਆਪਣੇ ਪਾਠਕਾਂ ਦੀ ਜਾਨਕਾਰੀ ਲਈ ਦੇਣਾ ਯੋਗ ਸਮਝਦੇ ਹਾਂ ਕਿ ਕਨੀਘੰਮ ਲਿਖਦਾ ਹੈ ਕਿ

"The two letters of Gobind (Guru Gobind Singh)are termed the 'Rahat Nama' and the 'Tankha Nama', or the letter of rules and the letter of fines respectively; and while they are adapted for general guidance,they profess to have been drawn up in reply to questions put by individuals, or for the satisfaction of particular enquirer. There is no evidence that they were composed by Gobind himself;but they may be held to represent his views and principles of Sikhism."

*The Rahat Nama of Guru Gobind(Singh).(Extract from,and abstracts of portion).*

Written for Dariyai Udasi,and repeated to Prahlad Singh at Apchalnagar (Nader on the Godavery).

The Guru ,being seated at apchalnagar, spake to Prahlad Singh,saying,that through the favour of Nanak there was a sect or faith in the world for which rules (rahat) should be established .

A. Sikh who puts a cap (topi)1 on his head ,shall die seven deaths of dropsy.

(Note on 1 above:-Referring particular to Hindu ascetics; but perhaps,also to the Mohammadans,who formerly wore skull-caps alone,and now generally wind their turbans round a covering of the kind. The Sikh contempt for either kind of 'topi' has been thrown into the shade by their repugnance,in common with all other Indians,to the English cap or hat.)

Whoever wears a thread round his neck is on the way to damnation.

{It is forbidden to take off the turban(pag) while eating,to have intercourse with Minas,Massandis and Kurimars(children slayes),and to play chess with women.
No prayers are to be offered up without using the name of the Guru, and he who heeds not the Guru, and serves not the disciples faithfully,is a Mlechh indeed.
A Sikh who does not acknowledge the Hukamnama (requisition for benevolences or contributions) of the Guru shall fall under displeasure.}

First the Guru(Granth or book) and Khalsa, which I have placed in the world,Whoever denies or betrays either shall be driven forth and dashed into hell.

{It is forbidden to wear clothing dyed with safflower(i.e.of Suhi colour),to wear charms on the head, to break the fast without reciting the jap(the prayer of Nanak),to neglect reading prayers in the morning, to take the evening meal without reciting the 'Rah Ras,to leave Akal Purkh (the Timeless Being) and worship other Gods,to worship stones,to make obeisance to any not a Sikh,to forget the Granth,and to deceive the Khalsa.
All Hukamnamas (calls for tithes or contribution),given by the posterity of Nanak,of Angad,and of Amar Das shall be heeded as his own: whoever disregards them shall perish.

The things which he had placed in the world (viz,Granth and the Khalsa)are to be worshipped.Strange Gods are not to be heeded,and the Sikhs who forsakes the faith shall be punished in the world to come.

He who worships graves and the dead men('gor and murri referring Muhammmadans and Hindus)

or he who worshipps temples(mosques) or stones(images) is not a Sikh .

The Sikh who makes obeisance or bows down to the wearer of cap(topi) is a resident of hell.}

Consider the Khalsa as the Guru,as the very embodiment of the Guru.

He who wishes to see the Guru will find him in the Khalsa.

He who gives the 'Pahal'to another shall reap innumerable blessings. He who instructs in the prayers and scriptures of the Gurus shall attain salvation.Gobind will reverence the Sikh who chafes the hands and feet of the wearied Sikh traveller. The Sikh who gives food to other Sikh,on him will the Guru look with favour."

*The Tankha Nama,or letter of fines or Restrictions on Sikhs.(Abstract)*

Written in reply to the question of Bhai Nanad Lal ,who had asked Guru Gobind Sinfg what it was proper for a Sikh to do and what to refrain from.

Nand Lal asked ,&c. : and the Guru replied that such were to be the act of the Sikhs. A Sikh should set his heart on God,on charity,and on purity(Nam,dan, Ishnan). He who in the morning does not repair to some temple,or visit some holy man,is greatly to blame. He who does not allow the poor a place(in his heart) is to blame. Without the favour of God nothing can be accomplished. He whobows his head(i.e.humbles himself) after having offered up prayer is a man of holiness. Charity (Karah Prashad,i.e. food)should be distributed in singleness of mind to all comers equally.Prasad should be prepared of equal parts of flour,sugar and butter. The preparer should first bathe, and while cooking it should repeat'Wah Guru'continually. When ready ,the food should be put on a round place.

The Sikh who wears the (written )of the Turk or who touché iron with his feet,is to be condemned . He who wears clothing dyed with safflower(of the colour called suhi), and he who talkes snuff(naswar),is to be condemned.

He who looks lustfully upon the mother or sister of one of the brethren—he who doe not bestow his daughter becomingly in marriage—he who takes to himself the property of a sister or daughter—he who wears not iron in some shape—he who robs or opperesses the poor, and he who makes obeisance to Turk, is to be punished.

A Sikh should comb his locks, and fold and unfold his turban twice a day . Twice also should he

wash his mouth.

One tenth of all goods should be given (in charity) in the name of the Guru.

Sikhs should bathe in cold water; they should not break their fast until they have repeated the 'Jap' In the morning 'Jap' , in the evening Rah Ras and before retiring to rest,Sohila should always be repeated.

No Sikh should speak false of his neighbour. Promises should be carefully fulfilled .

No Sikh should eat flesh from the hand of the Turks.

A Sikh should not delight in women, nor give himself up to them.

The Sikh who calls himself a sadh(or Holy man) should act in strict accordance with his professions.

A journey should not be undertaken , nor should business be set about,nor should food be eaten, without first remembering or calling on God.

A Sikh should enjoy the society of his own wife only. He should not desire other women.

He who sees a poor man and gives him not something, shall not behold the presence of God.

He who neglects to pray, or who abuses the holy , or who gambles, or who listens to those who speak evil of the Guru, is no Sikh.

Daily ,some portion of what is gained is to be set aside in the name of the Lord, but all business must be carried on in sincerity and truth.

Flame should not be extinguished with the breath, nor should fire be put out with water, a portion of which has been drunk.

Before meals the name of the Guru should be repeated . The society of prostitutes is to be avoided, nor is adultery to be committed with the wife of another. The Guru is not to be forsaken, and others followed. No Sikh should expose his person ; he should not bathe in a state of nudity, nor when distributing food shoul he be naked. His head should always be covered .

He is of the Khalsa,
Who speaks evil to none,

Who combats in the van,
Who gives charity,
Who slays a Khan,
Who subdues his passions,
Who burns the Karmas,
Who does not yeald to superstitions,Who awake day and night,
Who delights in the saying of the Guru,
And who never fears,although often overcome.
Considering all as created by the Lord,
Give offence to none, otherwise the Lord will Himself be offended.
He is of the Khalsa,
Who protect the poor,
Who combats evil,Who remembers God,
Who achieves greatness,
Who is intent upon the Lord,
Who is wholly unfettered,
Who mount the war horse,Who is ever waging battle,
Who is continually armed,
Who slays the Turks,
Who extends the faith,
And who gives his head with what is upon it.
The name of God shall be proclaimed;
No one shall speak against Him;
The river and mountains shall remember Him;
All who call upon Him shall be saved.

O Nnd Lal! Attend to what is said;
My own rule will I establish,
The four races shall be one,
I will cause all to repeat the prayer of 'Wah Guru'.
The Sikhs of Gobind shall bestride horses, and bear hawks upon their hands,
The Turks who behold them shall fly,
One shall combat a multitude,
And the Sikhs who thus perishes shall be blessed foever.
At the doorway of a Sikh shall wait elephants caparisoned,
And the horsemen with spears, and there shall be music over his gateway.
When myriads of matches burn together,
Then shall the Khalsa conquer East and West.
The Khalsa shall rule; none can resist:
The rebellious shall be destroyed, and the obedient shall have favours heaped upon them
(History of the Sikhs by J.D. Cunningham page 343-to -47)

ਸਾਡਾ ਇਥੇ ਲਿਖਨ ਦਾ ਮੰਤਵ ਇਹ ਹੈ ਕਿ ਖਾਲਸੇ ਦੀ ਜਿਹੜੀ ਰਹਿਤ ਮਰਯਾਦਾ ਉਸ ਦੇ ਬੋਲ ਬਾਲੇ ਲਈ ਜ਼ਰੂਰੀ ਸੀ ਤੇ ਜਿਸ ਵਿਚ ਭਵਿਖਤ ਬਾਣੀਆਂ ਦਾ ਵਰਨਣ ਕੀਤਾ ਹੋਇਆ ਸੀ, ਉਸ ਤੋਂ ਅੰਗਰੇਜ਼, ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਐਕਟ ੧੯੨੫ ਬਨਾਉਣ ਤੋਂ ਕਾਫੀ ਸਮਾ ਪਹਿਲਾਂ ਚੰਗੀ ਤਰਾਂ ਜਾਣੂ ਹੋ ਚੁਕਾ ਸੀ ਤੇ ਉਸ ਨੇ ਇਹ ਕਾਨੂਨ ਬਨਾਉਣ ਸਮੇ ਇਸ ਨੂੰ ਬੜੇ ਧਿਆਨ ਵਿਚ ਰਖ ਕੇ ਇਹੋ ਜਿਹਾ ਕਾਨੂਨ ਗੁਰਦੁਆਰਿਆਂ ਦੇ ਪ੍ਰਬੰਧ ਲਈ ਸਿੱਖਾਂ ਲਈ ਬਣਾ ਦਿਤਾ ਜਿਸ ਕਾਰਨ ਸਿੱਖ ਆਪਸ ਵਿਚ ਲੜ੍ਹਨ ਭਿੜਨ ਤਾਂ ਲਗ ਸਕਦੇ ਹਨ ਪਰ ਉਹ ਸਰਕਾਰ ਦੇ ਵਿਰੁਧ ਨਹੀਂ ਜਾ ਸਕਦੇ ।ਸਰਕਾਰ ਦਾ ਬਣਾਇਆ ਹੋਇਆ ਕਾਨੂਨ ਸਰਕਾਰ ਦੇ ਹੀ ਅਧੀਨ ਹੁੰਦਾ ਹੈ । ਹਿੰਦ ਸਰਕਾਰ ਸ਼ੁਰੂ ਤੋਂ ਹੀ ਇਹ ਪਰਖ ਕੇ ਗੁਰਦੁਆਰਾ ਚੋਣਾ ਕਰਵਾਉਂਦੀ ਆ ਰਹੀ ਹੈ ਜਦ ਕਿ ਉਸ ਨੂੰ ਇਹ ਭਰੋਸਾ ਹੋ ਜਾਵੇ ਕਿ ਚੋਣਾਂ ਵਿਚ ਉਸ ਦੇ ਪੱਖੀ ਵਿਅਕਤੀ ਹੀ ਚੋਣਾਂ ਜਿਤ ਸਕਣ ਗੇ । ਸਰਕਾਰ ਦੀ ਇਹ ਪਾਲਸੀ ਹੁਣ ਤਕ ਚਲਦੀ ਆ ਰਹੀ ਹੈ ।ਇਹ ਹਾਲ ੧੯੨੫ ਵਿਚ ਵੀ ਬਣ ਗਿਆ ਸੀ ਜਦ ਕਿ ਇਸ ਐਕਟ ਦੀ ਪ੍ਰਵਾਨਗੀ ਸਮੇ ਸਿੱਖ ਦੋ ਧੜਿਆਂ ਵਿਚ ਵੰਡੇ ਗਏ ਸਨ । ਜੇਲਾਂ ਵਿਚ ਬੰਦ ਜਿਥੇ ਸਿੱਖ ਇਸ ਐਕਟ ਨੂੰ ਸਵੀਕਾਰ ਕਰ ਚੁਕੇ ਸਨ ਉਥੇ ਕਈ ਸਿੱਖ ਲੀਡਰ ਇਸ ਨੂੰ ਬਿਲਕੁਲ ਹੀ ਸਵੀਕਾਰ ਕਰਨ ਦੇ ਹੱਕ ਵਿਚ ਨਹੀਂ ਸਨ ।

ਉਸ ਸਮੇ ਸਰਦਾਰ ਬਹਾਦੁਰ ਮਹਿਤਾਬ ਸਿੰਘ ਧੜੇ ਦਾ ਗੁਰਦੁਆਰਿਆਂ ਦੇ ਪ੍ਰਬੰਧ ਤੇ ਪੂਰਾ ਕੰਟਰੋਲ ਸੀ ਜਿਸ ਕਾਰਨ ਇਹ ਧੜਾ ਗੁਰਦੁਆਰਾ ਕਾਨੂਨ ਨੂੰ ਮੰਨਣ ਲਈ ਜ਼ੋਰ ਪਾ ਰਿਹਾ ਸੀ ਜਦ ਕਿ ਬਹੁਤ ਸਾਰੇ ਅਕਾਲੀ ਲੀਡਰ ਇਸ ਐਕਟ ਨੂੰ ਵੀ ਸਵੀਕਾਰ ਨਹੀਂ ਕਰ ਰਹੇ ਸਨ ।ਇਸ ਤਰਾਂ ਸਿੱਖਾਂ ਵਿਚ ਆਪਸੀ ਖਿਚੋ ਤਾਨ ਕਾਫੀ ਵੱਧ ਗਿਆ ਜਹਿੜਾ ਕਿ ਅੰਗਰੇਜ਼ ਸਰਕਾਰ ਨੂੰ ਬੜਾ ਰਾਸ ਆ ਰਿਹਾ ਸੀ । ਐਕਟ ਦੇ ਪਾਸ ਹੋਣ ਤੋਂ ਥੋੜਾ ਚਿਰ ਪਿਛੋਂ ਜੂਨ ੧੯੨੬ ਦੇ ਦੁਜੇ ਹਫਤੇ ਜਲਿਆਂ ਵਾਲਾ ਬਾਗ ਵਿਖੇ ਪੰਥ ਦੀ ਇਕ ਸਰਭ ਪਾਰਟੀ ਕਾਨਫਰੰਸ ਕੀਤੀ ਗਈ ਜਿਸ ਵਿਚ ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਵਾਲੇ ਵੀ ਸਾਮਲ ਹੋਏ । ਇਸ ਕਾਂਨਫ੍ਰੰਸ ਵਿਚ ਇਕ ਮਤਾ ਪਾਸ ਕਰ ਕੇ ਇਸ ਐਕਟ ਨੂੰ ਸਰਬ ਸੰਮਤੀ ਨਾਲ ਨਿਕਾਰ ਦਿਤਾ ਗਿਆ ।ਇਸ ਤੋਂ ਤੁਰੰਤ ਪਿਛੋਂ ਸ. ਅਮਰ ਸਿੰਘ ਤੇ ਸ. ਜਸਵੰਤ ਸਿੰਘ ਝਬਾਲੀਆ ਦੇ ਜ਼ੋਰ ਪਾਉਣ ਉਤੇ ਸ੍ਰੀ ਅਕਾਲ ਤਖਤ ਸਾਹਿਬ ਇਕ ਸਰਬਤ ਖਾਲਸਾ ਕਾਂਨਫ੍ਰੰਸ ਕੀਤੀ ਗਈ ਜਿਸ ਵਿਚ ਗੁਰਦੁਆਰਾ ਐਕਟ ਨੂੰ ਪਰਵਾਨ ਕਰ ਲਿਆ ਗਿਆ । ਇਸ ਫੈਸਿਲੇ ਅੱਗੇ ਅਕਾਲੀ ਪਾਰਟੀ ਨੂੰ ਵੀ ਝੁਕਣਾ ਪਿਆ ਕਿਉਂਕਿ ਗੁਰਦੁਆਰਾ ਚੋਣਾ ਸਿਰ ਤੇ ਸਨ ਤੇ ਜੇ ਅਕਾਲੀ ਇਸ ਕਾਨੂਨ ਦਾ ਉਸ ਸਮੇ ਵਿਰੋਧ ਕਰਦੇ ਤਾਂ ਉਹ ਚੋਣਾਂ ਜਿੱਤ ਨਹੀਂ ਸਕਦੇ ਸਨ। ਸਿੱਖਾਂ ਵਿਚ ਪਈ ਇਸ ਫੁੱਟ ਨੂੰ ਵੇਖ ਕੇ ਸਰਕਾਰ ਨੇ ਚੋਣਾ ਕਰਵਾਉਣ ਦਾ ਐਲਾਨ ਤੁਰੰਤ ਕਰ ਦਿਤਾ ਤੇ ਜੂਨ ੧੯੨੬ ਦੇ ਆਖਰੀ ਹਫਤੇ ਇਹ ਚੋਣਾ ਕਰਵਾ ਦਿਤੀਆਂ ਗਈਆਂ । ਇਨ੍ਹਾ ਚੋਣਾਂ ਵਿਚ ਸਰਦਾਰ ਬਹਾਦੁਰ ਮਹਿਤਾਬ ਸਿੰਘ ਦੀ ਪਾਰਟੀ ਤੇ ਅਕਾਲੀ ਦਲ ਵਿਚ ਸਿੱਧੀ ਟੱਕਰ ਹੋਈ । ਇਹ ਦੋਵੇਂ ਧੜੇ ਜਿਥੇ ਇਕ ਜੁਜੇ ਦੀ ਨਿੰਦਿਆ ਕਰ ਰਹੇ ਸਨ ਉਥੇ ਇਹ ਦੋਵੇਂ ਧੜੇ ਉਦਾਸੀ ਮੱਤ ਦੀ ਵੀ ਭਰਪੂਰ ਨਿੰਦਿਆ ਕਰਦੇ ਸਨ । ਇਸ ਦਾ ਕਾਰਨ ਇਹ ਦਸਿਆ ਜਾਂਦਾ ਹੈ ਕਿ ਇਨ੍ਹਾਂ ਦੋਵਾਂ ਧੜਿਆਂ ਨੂੰ ਇਹ ਖਤਰਾ ਮਹਿਸੂਸ ਹੁੰਦਾ ਸੀ ਕਿ ਸ਼ੁਰੂ ਤੋਂ ਲੈ ਕੇ ਉਸ ਸਮੇ ਤਕ ਗੁਰਦੁਆਰਿਆਂ ਦੀ ਸਾਂਭ ਸੰਭਾਲ ਦੀ ਸੇਵਾ ਉਦਾਸੀ ਸਿੱਖ ਹੀ ਕਰਦੇ ਆ ਰਹੇ ਸਨ ਤੇ ਕਿਤੇ ਇਹ ਫਿਰ ਗੁਰਦੁਆਰਿਆਂ ਤੇ ਕਾਬਜ਼ ਨਾ ਹੋ ਸਕਣ। ਕਈ ਇਤਹਾਸਕ ਗੁਰਦੁਆਰੇ ਜੋ ਉਸ ਸਮੇ ਉਦਾਸੀਆਂ ਦੇ ਕਬਜ਼ੇ ਵਿਚ ਸਨ ਤੇ ਪੰਥ ਨੇ ਅਜ਼ਾਦ ਕਰਵਾਉਣੇ ਸਨ ।ਉਦਾਸੀ ਸਿੱਖ ਵੀ ਆਪਣੇ ਗੁਰਧਾਮਾਂ ਤੇ ਕਬਜ਼ਾ ਜਿਨ੍ਹਾਂ ਉਤੇ ਉਸ ਸਮੇ ਉਨ੍ਹਾਂ ਦਾ ਕਬਜ਼ਾ ਸੀ ਬਹਾਲ ਰਖ ਕੇ ਗੁਰਦੁਆਰਿਆਂ ਦੀ ਜ਼ਮੀਨ ਜਾਇਦਾਦ ਤੇ ਆਪਣਾ ਕਬਜ਼ਾ ਬਣਾਈ ਰਖਣ ਲਈ ਉਨ੍ਹਾਂ ਨੇ ਆਪਣੇ ਆਪ ਨੂੰ ਹਿੰਦੂ ਮੂਰਤੀ ਪੂਜ ਕਹਿਣਾ ਸ਼ੁਰੂ ਕਰ ਦਿਤਾ । ਇਸ ਮੰਤਵ ਲਈ ਉਨ੍ਹਾਂ ਕਈ ਗੁਰਦੁਆਰਿਆਂ ਵਿਚੋਂ ਗੁਰੂ ਗ੍ਰੰਥ ਸਾਹਿਬ ਦੀ ਥਾਂ ਤੇ ਬਾਬਾ ਸ੍ਰੀ ਚੰਦ ਦੀਆਂ ਮੂਰਤੀਆਂ ਵੀ ਸਥਾਪਤ ਕਰ ਦਿਤੀਆਂ ਕਿ ਉਹ ਬਾਬਾ ਸ੍ਰੀ ਚੰਦ ਦੀ ਮੂਰਤੀ ਦੀ ਪੂਜਾ ਕਰਦੇ ਹਨ ।ਇਸ ਤਰਾਂ ਕਈ ਗੁਰਦੁਆਰੇ ਡੇਰਿਆਂ ਵਿਚ ਬਦਲ ਗਏ। ਸਿੱਖਾਂ ਵਿਚ ਇਸ ਤਰਾਂ ਦੀ ਵੱਧ ਰਹੀ ਫੁੱਟ ਤੋਂ ਅੰਗਰੇਜ਼ ਸਰਕਾਰ ਸੰਤੁਸ਼ਟ ਹੋ ਕੇ ਹੋਰ ਹਵਾ ਦੇ ਰਹੀ ਸੀ । ਜਿਸ ਤਰਾਂ ਪਹਿਲਾਂ ਇਹ ਦਸਿਆ ਗਿਆ ਹੈ ਕਿ ਕਨਿਘੰਮ ਨੇ ਸਿੱਖ ਇਤਹਾਸ ਲਿਖਦੇ ਹੋਏ ਇਹ ਗਲਤ ਤੌਰ ਤੇ ਸਿੱਖਾਂ ਵਿਚ ਫੁੱਟ ਪਾਉਣ ਲਈ ਲਿਖ ਦਿਤਾ ਸੀ ਕਿ ਗੁਰੂ ਅਮਰਦਾਸ ਜੀ ਬਾਬਾ ਸ੍ਰੀ ਚੰਦ ਤੇ

ਉਦਾਸੀਆਂ ਨੂੰ ਸਿੱਖੀ ਤੋਂ ਵਖ ਕਰ ਚੁਕੇ ਸਨ ।ਪਰ ਕਨੀਘੰਮ ਇਹ ਭੁਲ ਗਿਆ ਕਿ ਗੁਰੂ ਅਮਰਦਾਸ ਜੀ ਨੇ ਆਪਣੇ ਪੁਤਰ ਬਾਬਾ ਮੋਹਨ ਜੀ ਨੂੰ ਬਾਬਾ ਸ੍ਰੀ ਚੰਦ ਦੇ ਚੜ੍ਹਾਇਆ ਹੋਇਆ ਸੀ । ਇਕ ਪਾਸੇ ਅੰਗਰੇਜ਼ ਸਰਕਾਰ ਦੀ ਖੁਸ਼ੀ ਪ੍ਰਾਪਤ ਕਰਨ ਲਈ ਤੇ ਦੁਜੇ ਪਾਸੇ ਆਪਣੇ ਸਵਾਰਥੀ ਤੇ ਰਾਜਸੀ ਹਿੱਤਾਂ ਲਈ ਅਕਾਲੀਆਂ ਨੇ ਵੱਧ ਚੜ੍ਹ ਕੇ ਬਾਬਾ ਸ੍ਰੀ ਚੰਦ ਤੇ ਉਦਾਸੀ ਸਿੱਖਾਂ ਵਿਰੁਧ ਬੜਾ ਜ਼ਹਿਰੀਲਾ ਪਰਚਾਰ ਕੀਤਾ । ਇਥੋਂ ਤਕ ਬੜੇ ਜ਼ੋਰ ਸ਼ੋਰ ਨਾਲ ਪਰਚਾਰ ਕੀਤਾ ਗਿਆ ਕਿ ਬਾਬਾ ਸ੍ਰੀ ਚੰਦ ਜੀ ਨੇ ਆਪਣੇ ਪਿਤਾ ਗੁਰੂ ਨਾਨਕ ਦੇਵ ਜੀ ਦਾ ਹੁਕਮ ਨਹੀਂ ਸੀ ਮੰਨਿਆ ਜਿਸ ਕਾਰਨ ਉਨ੍ਹਾਂ ਨੂੰ ਗੁਰਗਦੀ ਦੀ ਬਖਸ਼ਿਸ ਨਹੀਂ ਕੀਤੀ ਗਈ । ਆਪਣੇ ਇਸ ਮੰਤਵ ਨੂੰ ਸਿੱਧ ਕਰਨ ਵਾਸਤੇ ਕੁਝ ਸਿੱਖ ਵਿਦਿਵਾਨਾਂ ਪਾਸੋਂ ਗੁਰਬਾਣੀ ਦੇ ਵੀ ਗਲਤ ਅਰਥ ਕਰਵਾ ਕੇ ਸਿੱਖਾਂ ਵਿਚ ਭੁਲੇਖੇ ਖੜੇ ਕਰਨ ਦਾ ਯਤਨ ਕੀਤਾ ਗਿਆ ਜੋ ਕਿ ਹੁਣ ਤਕ ਜਾਰੀ ਹੈ ਜਿਸ ਕਾਰਨ ਅਸੀਂ ਇਸ ਦੀ ਸਚਾਈ ਦੀ ਵਿਆਖਿਆ ਆਪਣੇ ਪਾਠਕਾਂ ਲਈ ਕਰਨਾ ਜ਼ਰੂਰੀ ਸਮਝਦੇ ਹਾਂ ਤਾਂ ਕਿ ਇਹ ਇਤਹਾਸਕ ਭੁਲੇਖਾ ਦੂਰ ਹੋ ਸਕੇ । ਇਸ ਇਤਹਾਸਕ ਭੇਲੇਖੇ ਨੂੰ ਸਿੱਖੀ ਵਿਚ ਇਕ ਬਹੁਤ ਵੱਡੀ ਕੁਰੀਤੀ ਦੇ ਰੂਪ ਵਿਚ ਧਸੋੜਨ ਲਈ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਇਹ ਤੁਕ ਹੁਣ ਤਕ ਵਰਤੀ ਜਾ ਹੀ ਹੈ ਕਿ

“ਸਚੁ ਜਿ ਗੁਰਿ ਫੁਰਮਾਇਆ, ਕਿਉ ਏਦੂ ਬੋਲਹੁ ਹਟੀਐ ॥
ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ ਮੁਰਟੀਐ ॥”

ਗੁਰਬਾਣੀ ਦੀ ਇਸ ਤੁਕ ਵਿਚ ‘ਪੁਤ੍ਰੀ’ ਦੇ ਅਰਥ ‘ਪੁਤਰ’ ਕਰ ਕੇ ਸਾਡੇ ਵਿਦਿਵਾਨਾਂ ਨੇ ਪੇਸ਼ ਕੀਤਾ ਹੈ ।ਪਰ ‘ਪੁਤਰੀ’,ਦੇ ਠੀਕ ਅਰਥ ਸਮਝਣ ਲਈ ਸਾਨੂੰ ਪੰਜਾਬੀ ਵਿਆਕਰਨ ਤੇ ਝਾਤ ਮਾਰਨੀ ਪਵੇ ਗੀ ।ਦੁਜੀਆਂ ਬੋਲੀਆਂ ਦੀ ਤਰਾਂ ਪੰਜਾਬੀ ਬੋਲੀ ਦੇ ਵਿਅਕਰਣ ਦੇ ਵੀ ਕੁਝ ਨਿਯਮ ਹਨ। ਪੰਜਾਬੀ ਬੋਲੀ ਵਿਚ ਜਦ ਅਸੀਂ ਕਿਸੇ ਪੁਰਖ ਲਿੰਗ ਨੂੰ ਇਸਤਰੀ ਲਿੰਗ ਵਿਚ ਬਦਲਦੇ ਹਾਂ ਤਾਂ ਸਾਨੂੰ ਵਿਆਕਰਨ ਦੇ ਨਿਯਮਾਂ ਦੀ ਪਾਲਨਾ ਕਰਨੀ ਪੈਂਦੀ ਹੈ ।ਪੰਜਾਬੀ ਵਿਆਕਰਨ ਦੇ ਅਸੂਲ ਅਨੁਸ਼ਾਰ ਜਦ ਕਿਸੇ ਪੁਰਖ ਲਿੰਗ ਜਿਸ ਦੇ ਅੰਤ ਵਿਚ ਮੁਕਤਾ ਜਾਂ ਕੰਨੇ ਦੀ ਮਾਤਰਾ ਹੋਵੇ ਤਾਂ ਉਸ ਦਾ ਇਸਤਰੀ ਲਿੰਗ ਬਣਾਉਨ ਲਈ ਮੁਕਤੇ ਜਾਂ ਕੰਨੇ ਨੂੰ ਬਦਲ ਕੇ ਬਿਹਾਰੀ ਲਾ ਕੇ ਇਸਤਰੀ ਲਿੰਗ ਬਣਾਇਆ ਜਾਂਦਾ ਹੈ ।ਉਧਾਰਨ ਦੇ ਤੌਰ ਤੇ

| ਪੁਰਖ ਲਿੰਗ | ਇਸਤਰੀ ਲਿੰਗ |
|---|---|
| ਕੁਤਾ | ਕੁਤੀ |
| ਸੂਰ | ਸੂਰੀ |
| ਘੋੜਾ | ਘੋੜੀ |

ਗਿਦੜ ਗਿਦੜੀ
ਚਿੜਾ ਚਿੜੀ
ਪੁਤ੍ਰ ਪੁਤ੍ਰੀ

ਜੇ ਕਰ ਇਸ ਤੁਕ ਵਿਚ 'ਪੁਤ੍ਰੀ' ਦੇ ਅਰਥ ਠੀਕ ਰੂਪ ਵਿਚ 'ਧੀ'ਕਰ ਕੇ ਮੰਨੀਏ ਤਾਂ ਅਰਥ ਜੋ ਸਾਡੇ ਵਿਦਿਵਾਨਾਂ ਨੇ ਕੀਤੇ ਹਨ ,ਉਸ ਤੋਂ ਬਿਲਕੁਲ ਹੀ ਉਲਟ ਸਹੀ ਰੂਪ ਵਿਚ ਠੀਕ ਅਰਥ ਅਸੀਂ ਸਮਝ ਸਕਦੇ ਹਾਂ ।ਇਸ ਨੁਕਤੇ ਨੂੰ ਬੜੀ ਬਰੀਕ ਬੀਨੀ ਨਾਲ ਸਮਝਨ ਦਾ ਯਤਨ ਕਰਨ ਲਈ ਸਾਨੂੰ ਇਸ ਵਾਰ ਦੇ ਰਚਨ ਦੇ ਕਾਰਨਾਂ ਦਾ ਸੰਖੇਪ ਰੂਪ ਵਿਚ ਵਰਨਣ ਕਰਨਾ ਪਵੇ ਗਾ ਕਿ ਦੋ ਵਿਅਕਤੀ ਸੱਤੈ ਤੇ ਬਲਵੰਡਿ ਨੇ ਆਪਣੀ ਪੁਤ੍ਰੀ ਦੀ ਸ਼ਾਦੀ ਤੇ ਗੁਰੂ ਸਾਹਿਬ ਵਲੋਂ ਉਨ੍ਹਾਂ ਦੀ ਇੱਛਾ ਅਨੁਸਾਰ ਮਾਇਕ ਸਹਾਇਤਾ ਪੂਰੀ ਤਰਾਂ ਨਾ ਮਿਲਨ ਕਰਕੇ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਕੀਰਤਨ ਕਰਨ ਤੋਂ ਇਨਕਾਰ ਕਰ ਦਿਤਾ ਤੇ ਬੜੇ ਅੰਹਕਾਰ ਵਿਚ ਆ ਗਏ ਕਿ ਉਨ੍ਹਾਂ ਤੋਂ ਬਿਨਾ ਹੋਰ ਕੋਈ ਕੀਰਤਨ ਕਰ ਹੀ ਨਹੀਂ ਸਕਦਾ ਤੇ ਉਨ੍ਹਾਂ ਦੇ ਕੀਰਤਨ ਨਾ ਕਰਨ ਕਾਰਨ ਗੁਰੂ ਸਾਹਿਬ ਦੇ ਦਰਬਾਰ ਵਿਚ ਸਿੱਖਾਂ ਦੀ ਰੌਣਕ ਬਹੁਤ ਘਟ ਜਾਵੇ ਗੀ । ਪਰ ਅਜਿਹਾ ਨਾ ਹੋ ਸਕਿਆ ਸਗੋਂ ਸਤੈ ਤੇ ਬਲਵੰਡਿ ਨੂੰ ਗੁਰਬਤ ਦੇ ਨਾਲ ਨਾਲ ਸਰੀਰਕ ਰੋਗਾਂ ਨੇ ਵੀ ਆ ਘੇਰਿਆ । ਇਸ ਕਾਰਨ ਜਦ ਉਨ੍ਹਾਂ ਨੇ ਭਾਈ ਲੱਧੇ ਰਾਹੀ ਪਸਚਾਤਾਪ ਕਰ ਕੇ ਆਪਣੀ ਭੁਲ ਲਈ ਖਿਮਾ ਜਾਚਨਾਂ ਕੀਤੀ ਤਾਂ ਗੁਰੂ ਅਰਜਨ ਸਾਹਿਬ ਜੀ ਨੇ ਉਨ੍ਹਾਂ ਨੂੰ ਉਨ੍ਹਾਂ ਗੁਰੂ ਸਾਹਿਬਾਨ ਦੀ ਉਸਤਿਤ ਕਰਨ ਲਈ ਕਿਹਾ ਜਿਨ੍ਹਾਂ ਦੀ ਉਨ੍ਹਾਂ ਨੇ ਪਹਿਲਾਂ ਨਿਦਿਆਂ ਕੀਤੀ ਸੀ ਤਾਂ ਕਿ ਉਹ ਬਖਸ਼ੇ ਜਾ ਸਕਣ।ਇਸ ਵਾਰ ਦੀਆਂ ਅੱਠ ਪਉੜੀਆਂ ਹਨ ।ਪਹਿਲੀਆਂ ਤਿੰਨ ਪਉੜੀਆਂ ਬਲਵੰਡਿ ਦੀਆਂ ਉਚਾਰੀਆਂ ਹੋਈਆਂ ਮੰਨੀਆਂ ਜਾਂਦੀਆਂ ਹਨ ਜਦ ਕਿ ਆਖਰੀ ਪੰਜ ਪਉੜੀਆਂ ਸਤੈ ਦੀਆਂ ਮੰਨੀਆਂ ਜਾਂਦੀਆਂ ਹਨ । ਜਿਸ ਪਉੜੀ ਦੀ ਤੁਕ ਵਿਚ 'ਪੁਤ੍ਰੀ' ਸ਼ਬਦ ਦਾ ਅਰਥ ਸਾਡੇ ਵਿਦਿਵਾਨ 'ਪੁਤ੍ਰ 'ਕਰਦੇ ਹਨ ਉਹ ਵਾਰ ਦੀ ਤੀਸਰੀ ਪਉੜੀ ਹੈ ਜਿਸ ਵਿਚ ਬਲਵੰਡਿ ਗੁਰੂ ਅੰਗਦ ਦੇਵ ਜੀ ਦੀ ਉਸਤਿਤ ਕਰਦੇ ਸਮੇ ਆਪਣੀਆਂ ਭੁਲਾਂ ਨੂੰ ਵੀ ਯਾਦ ਕਰਦਾ ਹੋਇਆ ਆਪਣੇ ਘਰ ਦੀ ਗਲ ਦਸਦਾ ਹੈ ਕਿ ਕਿਸ ਤਰਾਂ ਉਨ੍ਹਾਂ ਨੇ ਆਪਣੀ ਪੁਤ੍ਰੀ (ਜਿਸ ਦੀ ਸ਼ਾਦੀ ਹੋਣੀ ਸੀ) ਦਾ ਕਿਹਾ ਨਹੀਂ ਮਨਿਆ ਤੇ ਅੰਹਕਾਰ ਵੱਸ ਹੋ ਕੇ ਆਪਣੇ ਪੀਰ ਵਲੋਂ(ਅਰਥਾਤ ਗੁਰੂ ਸਾਹਿਬ ਵਲੋਂ) ਮੋਡਾ (ਮੁੱਖ) ਮੋੜਕੇ,ਦਿਲੋਂ ਖੋਟੇ ਹੋਕੇ ਆਕੜ ਨਾਲ ਫਿਰਦੇ ਰਹੇ ਜਿਸ ਕਾਰਨ ਦੁਖਾਂ ਦੇ ਭਾਰ ਹੇਠ ਨੱਪੇ ਗਏ । ਜਿਸ ਗੁਰੂ ਨੇ ਸਮਝਾ ਕੇ ਆਖਿਆ ਉਹੀ ਕਾਰਨ ਕਰਨ ਯੋਗ ਸਮਰਥ ਹੈ ।ਇਸ ਲਈ ਕਿਸੇ ਨੂੰ ਵੀ ਹਾਰਿਆ ਜਾਂ ਜਿਤਿਆ ਨਹੀਂ ਕਿਹਾ ਜਾ ਸਕਦਾ ।ਇਸੇ ਹੀ ਵਾਰ ਦੀ ਚੌਥੀ ਪਾਉੜੀ ਵਿਚ ਹੇਠ ਦਸੀਆਂ ਤੁਕਾਂ ਵਿਚਾਰਨ ਯੋਗ ਹਨ ਜਿਨ੍ਹਾਂ ਵਿਚ ਸ਼ਬਦ 'ਪੁਤ੍ਰਾਂ' ਦੀ ਵਰਤੋਂ ਕੀਤੀ ਗਈ ਹੈ ਕਿ

''ਜੋਤਿ ਸਮਾਣੀ ਜੋਤਿ ਮਾਹਿ,ਆਪੁ ਆਪੈ ਸੇਤੀ ਮਿਕਿਓਨੁ॥

ਸਿਖਾਂ ਪੁਤ੍ਰਾਂ ਘੋਖਿ ਕੈ, ਸਭ ਉਮਤਿ ਵੇਖਹੁ ਜਿ ਕਿਓਨੁ ॥"

ਇਸ ਤੁਕ ਵਿਚ ਜਿਥੇ ਬੇਟੇ ਦਸਣੇ ਪਏ ਉਥੇ 'ਪੁਤ੍ਰਾਂ' ਸ਼ਬਦ ਦੀ ਵਰਤੋਂ ਕੀਤੀ ਗਈ ਹੈ ਨਾ ਕਿ 'ਪੁਤ੍ਰੀ' ਸ਼ਬਦ ਦੀ ।ਇਥੇ ਇਹ ਵਰਨਣ ਕਰਨਾ ਵੀ ਜ਼ਰੁਰੀ ਹੈ ਕਿ ਇਹੋ ਜਹੇ ਭੁਲੇਖੇ ਪੈਦਾ ਕਰਨ ਵਾਸਤੇ ਅੰਗਰੇਜ਼ ਇਤਹਾਸਕਾਰ ਮਿਸਟਰ ਮੈਕਾਲਫ ਨੇ ਵੀ ਆਪਣਾ ਹਿੱਸਾ ਪਾ ਕੇ ਸਿੱਖ ਵਿਦਿਵਾਨਾਂ ਨੂੰ ਭੁਲੇਖੇ ਪੈਦਾ ਕਰਨ ਲਈ ਇਕ ਪ੍ਰਕਾਰ ਦੀ ਸੇਧ ਦਿਤੀ ਸੀ । ਉਹ 'ਸਤੈ ਬਲੰਡਿ' ਦੀ ਸਾਖੀ ਨੂੰ ਗੁਰੂ ਅਰਜਨ ਸਾਹਿਬ ਦੇ ਵੇਲੇ ਦੀ ਨਹੀਂ ਦਸਦਾ ਸਗੋਂ ਗੁਰੂ ਅੰਗਦ ਦੇਵ ਜੀ ਦੇ ਸਮੇ ਦੀ ਦਸਦਾ ਹੈ ਤੇ ਸਤੈ ਬਲਵੰਡਿ ਨੂੰ ਭਾਈ ਮਰਦਾਨੇ ਦੀ ਸੰਤਾਨ ਦਸਦਾ ਹੈ ਜਿਸ ਨੂੰ ਕਿ ਹੁਣ ਸਿੱਖ ਵਿਦਿਵਾਨ ਨਿਕਾਰ ਚੁਕੇ ਹਨ । ਜੇ ਕਰ ਕੁਝ ਸਿੱਖ ਵਿਦਿਵਾਨਾਂ ਦਾ ਇਹ ਕਥਨ ਸਵੀਕਾਰ ਕੀਤਾ ਜਾਵੇ ਕਿ ਗੁਰੂ ਨਾਨਕ ਦੇਵ ਜੀ ਦਾ ਹੁਕਮ ਉਨ੍ਹਾਂ ਦੇ ਪੁਤਰ ਮਨਿਆ ਨਹੀਂ ਕਰਦੇ ਸਨ ਤਾਂ ਫਿਰ ਇਹ ਸਵਾਲ ਪੈਦਾ ਹੁੰਦਾ ਹੈ ਕਿ ਦੁਜੇ ,ਤੀਜੇ,ਚੌਥੇ ਅਤੇ ਛੇਵੇਂ ਪਾਤਿਸ਼ਾਹ ਆਪਣੇ ਪੁਤਰ ਬਾਬਾ ਸ੍ਰੀ ਚੰਦ ਜੀ ਦੇ ਨਾ ਚੜ੍ਹਾਉਂਦੇ । ਗੁਰੂ ਸਾਹਿਬਾਨ ਵਲੋਂ ਆਪਣੇ ਪੁਤਰ ਬਾਬਾ ਜੀ ਦੇ ਚੜ੍ਹਾਉਨਾ ਇਹ ਸਿੱਧ ਕਰਦਾ ਹੈ ਕਿ ਗੁਰੂ ਸਾਹਿਬਾਨ ਬਾਬਾ ਜੀ ਦਾ ਕਿਤਨਾ ਸਤਿਕਾਰ ਕਰਦੇ ਸਨ ਤੇ ਗੁਰੂ ਨਾਨਕ ਦੇਵ ਜੀ ਦੇ ਪੁਤਰ ਆਪਣੇ ਗੁਰ ਪਿਤਾ ਦੇ ਆਗਿਆਕਾਰੀ ਪੁਤਰ ਬਾਕੀ ਗੁਰੂ ਸਾਹਿਬਾਨ ਵਲੋਂ ਮੰਨੇ ਜਾਂਦੇ ਸਨ । ਗੁਰੂ ਹਰਿਗੋਬਿੰਦ ਜੀ ਆਪਣੇ ਪ੍ਰੀਵਾਰ ਸਮੇਤ ਬਾਬਾ ਸ੍ਰੀ ਚੰਦ ਜੀ ਨੂੰ ਸੰਮਤ ਬਿਕਰਮੀ ੧੬੯੫-੯੬ ਵਿਚ ਮਿਲੇ ਸਿੱਖ ਇਤਹਾਸ ਪਰਵਾਨ ਕਰਦਾ ਹੈ ਜਦ ਆਪ ਆਪਣਾ ਵੱਡਾ ਸਾਹਿਬਜ਼ਾਦਾ ਬਾਬਾ ਗੁਰਦਿਤਾ ਜੀ ਨੂੰ ਬਾਬਾ ਸ੍ਰੀ ਚੰਦ ਜੀ ਦੇ ਚੜ੍ਹਾ ਆਏ ਸਨ । ਬਾਬਾ ਸ੍ਰੀ ਚੰਦ ਜੀ ਇਸ ਸੰਸਾਰ ਵਿਚੋਂ ਸੰਮਤ ਬਿਕਰਮੀ ੧੭੦੦ ਨੂੰ ਅਲੋਪ ਹੋਏ ਸਿੱਖ ਇਤਹਾਸ ਵਲੋਂ ਮੰਨੇ ਜਾਂਦੇ ਹਨ । ਇਸ ਸਚਾਈ ਨੂੰ ਸਭ ਤੋਂ ਪਹਿਲਾਂ ਸਿੱਖ ਪੰਥ ਦੇ ਪਰਸਿੱਧ ਇਤਹਾਸਕਾਰ ਗਿਆਨੀ ਇਸ਼ਰ ਸਿੰਘ 'ਨਾਰਾ' ਨੇ ਆਪਣੀ ਪੁਸਤਕ ''ਬਾਬਾ ਸ੍ਰੀ ਚੰਦ ਜੀ ਸਾਹਿਬ ਅਤੇ ਉਦਾਸੀਨ ਸੰਪ੍ਰਦਾਇ'' ਵਿਚ ਬੜੇ ਵਿਸਥਾਰ ਨਾਲ ਬਿਆਨਿਆ ਹੈ।

# ਗੁਰਦੁਆਰਾ ਚੋਣਾਂ

੧੯੨੬ ਦੀਆਂ ਪਹਿਲੀਆਂ ਗੁਰਦੁਆਰਾ ਚੋਣਾਂ ਵਿਚ ਸਰਦਾਰ ਬਹਾਦੁਰ ਮਹਿਤਾਬ ਸਿੰਘ ਦੀ ਪਾਰਟੀ ਦੇ ਕੇਵਲ ੨੬ ਮੈਂਬਰ ਹੀ ਚੁਣੇ ਜਾ ਸਕੇ ਸਨ ਜਦ ਕਿ ਅਕਾਲੀ ਪਾਰਟੀ ਦੇ ੮੫ ਮੈਂਬਰ ਚੁਣੇ ਗਏ ਸਨ । ਕੁਲ ੧੧੯ ਹਲਕੇ ਸਨ। ੧੪ ਮੈਂਬਰ ਸਿੱਖ ਰਿਆਸਤਾਂ ਵਿਚੋਂ ਨਾਮਜ਼ਦ ਕੀਤੇ ਗਏ ਤੇ ਚਾਰ ਤਖਤਾਂ ਦੇ ਜਥੇਦਾਰ ਵੀ ਸਿਰੋਮਣੀ ਗੁਰਦੁਆਰਾ ਕਮੇਟੀ ਦੇ ਮੈਂਬਰ ਨਾਮਜ਼ਦ ਕੀਤੇ ਗਏ । ਇਸ ਤਰਾਂ ਅਕਾਲੀ ਪਾਰਟੀ ਬਹੁਮੱਤ ਪ੍ਰਾਪਤ ਕਰ ਕੇ ਗੁਰਦੁਆਰਿਆਂ ਤੇ ਕਾਨੂਨੀ ਤੌਰ ਤੇ ਕਾਬਜ਼ ਹੋ ਗਈ । ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਹਿਲੀ ਮੀਟਿੰਗ ਡਿਪਟੀ ਕਮਿਸਨਰ ਅੰਮ੍ਰਿਤਸਰ ਦੇ ਸਦੇ ਤੇ ਕੀਤੀ ਗਈ ।ਇਸ ਮੀਟਿੰਗ ਦੀ ਪ੍ਰਧਾਨਗੀ ਵੀ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਕੀਤੀ । ਡੀ ਸੀ ਨੇ ਦਸਿਆ ਜਾਂਦਾ ਹੀ ਕਿ ਉਰਦੂ ਵਿਚ ਮੈਂਬਰਾਂ ਨੂੰ ਸੰਬੋਧਨ ਕੀਤਾ ।ਇਸ ਤੋਂ ਪਿਛੋਂ ਸ. ਮੰਗਲ ਸਿੰਘ ਐਡੀਟਰ ‘ਅਕਾਲੀ’ ਨੂੰ ਇਕਤਰਤਾ ਦਾ ਪ੍ਰਧਾਨ ਨਿਯੁਕਤ ਕਰ ਕੇ ਸ਼ਾਮ ਦੇ ਢਾਈ ਵਜੇ ਟਾਉਨ ਹਾਲ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਇਕਤਰਤਾ ਕੀਤੀ ਗਈ । ਇਕਤਰਤਾ ਵਿਚ ਸਰਬ ਸੰਮਤੀ ਨਾਲ ਸ.ਖੜਕ ਸਿੰਘ ਨੂੰ ਗੁਰਦੁਆਰਾ ਬੋਰਡ ਦਾ ਪ੍ਰਧਾਨ ਚੁਣ ਲਿਆ ਗਿਆ ਤੇ ਮਾਸਟਰ ਤਾਰਾ ਸਿੰਘ ਨੂੰ ਮੈਂਬਰ ਨਾਮਜ਼ਦ ਕਰ ਕੇ ਗੁਰਦੁਆਰਾ ਬੋਰਡ ਦਾ ਉਪ ਪ੍ਰਧਾਨ ਚੁਣ ਲਿਆ ਗਿਆ । ਬਾਕੀ ਅਹੁਦੇਦਾਰਾਂ ਦੀ ਚੋਣ ਵੀ ਪੂਰੀ ਕਰ ਲੀਤੀ ਗਈ ਤੇ ਫਿਰ ਇਕ ਮਤੇ ਰਾਹੀ ਗੁਰਦੁਆਰਾ ਬੋਰਡ ਦਾ ਨਾਮ ਤਬਦੀਲ ਕਰ ਕੇ ਪਹਿਲਾ ਨਾਮ ਹੀ ‘ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ’ ਰੱਖ ਦਿਤਾ ਗਿਆ ।ਇਸ ਤਰਾਂ ਕਮੇਟੀ ਦਾ ਦਫਤਰ ਕਾਇਮ ਕਰ ਕੇ ਕਮੇਟੀ ਦੇ ਨਿਯਮ ਉਪ-ਨਿਯਮ ਬਣਾ ਕੇ ਬਕਾਇਦਾ ਕੰਮ ਅਰੰਭ ਕਰ ਦਿਤਾ ਗਿਆ। ਇਸ ਤੋਂ ਅਗਲੇ ਸਾਲ ੧੯੨੭ ਵਿਚ ਰਹਿਤ ਮਰਯਾਦਾ ਕਾਇਮ ਕਰਨ ਲਈ ਇਕ ਕਮੇਟੀ ਦੀ ਸ਼ਥਪਨਾ ਕੀਤੀ ਗਈ ਕਿ ਉਹ ਪੁਰਾਤਨ ਰਹਿਨਾਮਿਆਂ ਤੇ ਗੁਰਮਤ ਗ੍ਰੰਥਾਂ ਦੇ ਅਧਾਰ ਤੇ ਇਕ ਰਹਿਤ ਮਰਯਾਦਾ ਕਾਇਮ ਕਰਨ ਲਈ ਖਰੜਾ ਤਿਆਰ ਕਰ ਕੇ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪੇਸ਼ ਕਰੇ ਗੀ । ਇਸ ਰਹਿਤ ਮਰਯਾਦਾ ਨੂੰ ਬਨਾਉਣ ਲਈ ਕਈ ਸਾਲ ਦਾ ਸਮਾ ਲੱਗ ਗਿਆ ਸੀ ।ਜਦੋਂ ਇਹ ਰਹਿਤ ਮਰਯਾਦਾ ਤਿਆਰ ਕੀਤੀ ਗਈ ਤਾਂ ਇਸ ਦੀਆਂ ਕਈ ਧਾਰਾਵਾਂ ਪੂਰਾਤਨ ਰਹਿਤਨਾਮਿਆਂ ਨਾਲ ਘਟ ਮੇਲ ਖਾਦੀਆਂ ਸਨ ਜਿਹਾ ਕਿ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਤ ਕੀਤੀ ਰਹਿਤ ਮਰਯਾਦਾ ਦੀ ਧਾਰਾ ੪ (ਹ) ਇਹ ਦਸਦੀ ਹੈ ਕਿ ‘‘ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਕਰ(ਤੁਲ) ਕਿਸੇ ਪੁਸਤਕ ਨੂੰ ਅਸਥਾਪਤ ਨਹੀਂ ਕਰਨਾ’’। ਜਦ ਕਿ ਪੂਰਾਤਨ ਰਹਿਤਨਾਮੇ ਦਸਦੇ ਹਨ ਕਿ ‘‘ਦੁਹੂ ਗ੍ਰੰਥ ਮੇ ਬਾਨੀ ਜੋਈ,ਚੁਨ ਚੁਨ ਕੰਠ ਕਰੇ ਨਿਤ ਸੋਈ’’।( ਰਹਿਤਨਾਮਾ ਭਾਈ ਦੇਸਾ ਸਿੰਘ ਜੀ ) । ਉਸ ਸਮੇ ਜਿਹਾ ਕਿ ਪਹਿਲਾਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਤੇ ਅੰਜ-ਮਨ-ਏ ਪੰਜਾਬ ਵਲੋਂ ਅੰਗਰੇਜ਼ ਸਰਕਾਰ ਨੂੰ ਗੁਰੂ ਗ੍ਰੰਥ ਸਾਹਿਬ ਤੇ ਦਸਮ

ਗ੍ਰੰਥ ਸਾਹਿਬ ਬਾਰੇ ਦਿਤੀਆਂ ਰੀਪੋਰਟਾਂ ਦਾ ਵਰਨਣ ਕੀਤਾ ਜਾ ਚੁਕਾ ਹੈ ਕਿ ਉਸ ਸਮੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੇ ਹੋਰ ਗੁਰਦੁਆਰਿਆਂ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਦਸਮ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ ਵੀ ਕੀਤਾ ਜਾਂਦਾਂ ਸੀ ਜਿਹਾ ਕਿ ਹੁਣ ਵੀ ਤਖਤ ਸ੍ਰੀ ਹਜ਼ੂਰ ਸਾਹਿਬ ਤੇ ਤਖਤ ਸ੍ਰੀ ਪਟਨਾ ਸਾਹਿਬ ਵਿਖੇ ਕੀਤਾ ਜਾ ਰਿਹਾ ਹੈ। ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੀ ਉਪਰੋਕਤ ਧਾਰਾ ਨੂੰ ਅਧਾਰ ਬਣਾ ਕੇ ਦਸਮ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚੋਂ ਹਟਾ ਦਿਤ ਸੀ ਤਾਂ ਕਿ ਅੰਗਰੇਜ਼ ਸਰਕਾਰ ਦੀ ਖੁਸ਼ੀ ਪ੍ਰਾਪਤ ਕੀਤੀ ਜਾ ਸਕੇ ।

ਚੋਣਾਂ ਤੋਂ ਪਿਛੋਂ ਸਰਦਾਰ ਬਹਾਦੁਰ ਸਰਦਾਰ ਮਹਿਤਾਬ ਸਿੰਘ ਧੜੇ ਤੇ ਅਕਾਲੀ ਦਲ ਵਿਚਕਾਰ ਸਮਝੌਤੇ ਦੇ ਕਈ ਵਾਰ ਯਤਨਾਂ ਕਾਰਨ ਭਾਵੇਂ ਸਮਝੌਤਾ ਹੋ ਗਿਆ ਸਮਝਿਆ ਜਾਂਦਾ ਰਿਹਾ ਪਰ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼ਿਰੋਮਣੀ ਅਕਾਲੀ ਦਲ ਵਿਚ ਧੜੇਬੰਧੀ ਦੀ ਇਹੋ ਜਹੀ ਨੀਂਹ ਰਖੀ ਗਈ ਜੋ ਕਿ ਅਜ ਤਕ ਜਾਰੀ ਹੈ । ਇਸ ਧੜੇ ਬੰਦੀ ਕਾਰਨ ਸਾਡੇ ਗੁਰਦੁਆਰਿਆਂ ਵਿਚੋਂ ਯੋਗਤਾ ਪ੍ਰਧਾਨ ਲੀਡਰਸ਼ਿਪ ਧੀਰੇ ਧੀਰੇ ਘਟਦੀ ਗਈ ਤੇ ਉਸ ਦੀ ਥਾਂ ਧੜੇ ਬੰਧਕ ਲੀਡਰਸ਼ਿਪ ਪੈਦਾ ਹੋਣ ਕਾਰਨ ਸਾਡੇ ਗੁਰਦੁਆਰਿਆਂ ਵਿਚ ਧੀਰੇ ਧੀਰੇ ਕੁਰੀਤੀਆਂ ਵੀ ਵੱਧਦੀਆਂ ਗਈਆਂ ।ਸੰਤ ਸਿਪਾਹੀ ਦਾ ਗੁਣ ਸਿੱਖਾਂ ਵਿਚੋਂ ਦਿਨ -ਬ- ਦਿਨ ਘਟਦਾ ਗਿਆ। ਮਿਸਾਲ ਦੇ ਤੌਰ ਤੇ ਕਿਸੇ ਸਮੇ ਸਿੱਖ ਦੀ ਅਰਦਾਸ ਦੀ ਬੜੀ ਵਿਸ਼ੇਸਤਾ ਸਮਝੀ ਜਾਂਦੀ ਸੀ । ਨਨਕਾਣਾ ਸਾਹਿਬ ਦੇ ਸਾਕੇ ਸਮੇ ਨਨਕਾਣਾ ਸਾਹਿਬ ਪੁਜਨ ਵਾਲੇ ਜਥੇਦਾਰ ਲਛਮਨ ਸਿੰਘ ਦੇ ਜਥੇ ਨੂੰ ਪਰੋਗਰਾਮ ਮੁਲਤਵੀ ਕਰਨ ਲਈ ਸੁਨੇਹਾ ਭੇਜੇ ਜਾਣ ਦਾ ਪਤਾ ਚਲਦਾ ਹੈ । ਪਰ ਉਸ ਨੇ ਇਹ ਆਖ ਕੇ ਪ੍ਰੋਗਰਾਮ ਪੁਲਤਵੀ ਨਹੀਂ ਕੀਤਾ ਸੀ ਕਿ ਉਹ ਅਰਦਾਸ ਕਰ ਕੇ ਚਲ ਪਏ ਹਨ ਤੇ ਅਰਦਾਸ ਪਿਛੋਂ ਸਿੱਖ ਆਪਣਾ ਹੋਰ ਕੋਈ ਪਰੋਗਰਾਮ ਉਲੀਕ ਹੀ ਨਹੀਂ ਸਕਦਾ। ਇਹੋ ਹਾਲ ਜੈਤੋ ਦੇ ਮੋਰਚੇ ਵੇਲੇ ਹੁੰਦਾ ਰਿਹਾ ਸੀ ।ਪੰਜੇ ਸਾਹਿਬ ਦੀ ਗੱਡੀ ਦੇ ਸਾਕੇ ਪਿਛੇ ਵੀ ਸਿੱਖ ਸੰਗਤਾਂ ਦੀ ਅਰਦਾਸ ਦਾ ਹੀ ਹੱਥ ਦਸਿਆ ਜਾਂਦਾ ਹੈ । ਪਰ ਗੁਰਦੁਆਰਾ ਚੋਣਾਂ ਵਿਚ ਪੰਥ ਵਿਚ ਵੱਧਦੀ ਹੋਈ ਸਵਾਰਥੀ ਧੜੇਬੰਦੀ ਸਾਨੂੰ ਇਥੋਂ ਤਕ ਲੈ ਗਈ ਕਿ ਸਾਡੇ ਕਈ ਸਿੱਖ ਲੀਡਰ ਸ੍ਰੀ ਅਕਾਲ ਤਖਤ ਸਾਹਿਬ ਤੇ ਆਪਣੀ ਕਿਸੇ ਜ਼ਰੂਰੀ ਲੋੜ ਸਮੇ ਰਿਹਾਇਸ ਵੀ ਕੁਝ ਸਮੇ ਲਈ ਰਖਣ ਲੱਗ ਪਏ ਤੇ ਸ੍ਰੀ ਅਕਾਲ ਤਖਤ ਸਾਹਿਬ ਤੇ ਅਰਦਾਸ ਕਰ ਕੇ ਮਰਨ ਵਰਤ ਰਖ ਕੇ ਬਿਨਾ ਕਿਸੇ ਪ੍ਰਾਪਤੀ ਦੇ ਮਰਨ ਵਰਤ ਤੋੜਨ ਦੇ ਵੀ ਅਭਾਗੀ ਬਣਦੇ ਰਹੇ ਤੇ ਕੁਰਿਹਤਾਂ ਨੂੰ ਰਹਿਤਾਂ ਦਾ ਰੂਪ ਦੇ ਕੇ ਗੁਰੂ ਦੀਆਂ ਖੁਸ਼ੀਆਂ ਤੋਂ ਦਿਨ ਪ੍ਰਤੀ ਦਿਨ ਦੂਰ ਹੁੰਦੇ ਜਾ ਰਹੇ ਹਾਂ। ਕਿਉਂ ? ਅਸੀਂ ਸੰਤ ਸਿਪਾਹੀ ਦੇ ਗੁਣਾਂ ਨੂੰ ਭੁਲ ਗਏ ਸਾਂ ।ਇਸ ਲਈ ਜੇ ਅਸੀਂ ਆਪਣੇ ਆਪ ਨੂੰ ਕੁਰੀਤੀਆਂ ਤੇ ਕੁਰਿਹਤਾਂ ਤੋਂ ਦੂਰ ਰਖ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਗੁਰੂ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਸਾਹਿਬ ਅਤੇ ਆਪਣੇ ਪੂਰਾਣੇ ਰਹਿਤਨਾਮਿਆਂ ਦੀ ਸਿਖਿਆ ਤੇ ਅਮਲੀ ਰੂਪ ਵਿਚ ਅਮਲ ਕਰਨਾ ਪਵੇ ਗਾ ਤੇ ਸੰਤ ਸਿਪਾਹੀ ਦੇ ਗੁਣਾਂ ਦਾ ਧਾਰਨੀ ਬਨਣਾ ਪਵੇ ਗਾ।।

# COPY

Of

## leter No.8 dated 21/6/1873

Dated Lahore,21st June 1873

No.8

From- Baboo Navine Chandra Rai,Secretary, Anjaman-i-Punjab

To -The Officiating Director of Public Instruction,Punjab.

In reply to your letter No.351,dated 24th March last ,I have the honor to inform you that the question as to the relative merits and importance of the Rehitnamas as compared with the Granth of Govind Singh was discussed in general meeting of the Anjsman and then referred to certain members of the society for the expression of their own opinion as well as for eliciting through them that of the Sikhs priests in general.

2. The opinion of the members who were specially requested to report on the subject is as follow ;-

(1). -Opinion of Sirdar Sir Nihal Singh,Chhachhi,K.C.S.I.

Translation if Guru Govind Singh's Granth is preferable,as the religion of the Sikhs will be better understood from this book. It will also throw light on the history of Guru Govind Singh's period,and specially on that of his career. Some account of Guru Govind Singh's doing is indeed given in Indian histories,but it is very meagre,while his Granth contains it in full detail. Another great benefit likely to be derived from translation of Guru Govind Singh's Granth is that the Bhais and Gurus who are under a misconception in regard to the true import of many of the passages of that book will have a chance of being corrected. The translation of the Rahitnamas will also be useful in its own way, in as much as this book contains rules of observance concerning dress,food,bearing arms,&c., for the Sikhs. But if only one of the two books is desired to be translated,preferance, in his his opinion ,should be given to the former.

(2). – Opinion of Munshi Hursook Rai,Proprietor, Koh-I-Nur Press, and of the Sikh priests at Lahore and Amritsar consulted by him.

The Granth of Guru Govind Sing is considered by the Sikhs no less sacred an authority of their faith than the Adi Granth – nay in consideration of the former being a work of the last Guru who consolidated their faith and gave it a distinctive character,they pay more revence to his work. In Darbar Sahib at Amritsar the Granth of Guru Govind Singh hold equal place with the Adi Granth. Recitation of the former,as of the latter,is held there every day. Guru Govind Singh'sGranth consists of the following parts :-

1.Translation(in difficult verses) of common Hindu religious books.

2.Description of various wiles of women, in order to caution men against them.

3.Praise of Goddess Devi.

4.Religious precepts and denuciation of wicked men and unbelievers.

5.Doctrines of the Sikh religion.

In the opinion of Munshi Hursook Rai the translation of the last two parts will be sufficient;but, the Rahitnama contains rules for daily observances of the Sikhs,and every Sikh considers it his imperative duty to abide by these rules,the translation of this book is also very desirable.

3.The Anjaman,while agreeing generally with the above views,is of the opinion that ,although both the Granth of Govind Singh and Rahitnamas are held in much eteem by the sikhs, and the translation of both of them is consequently desirable,yet,if a selection be made between the two ,the Granth is more important, and that therefore a translation of it would be preferable.

4. In conclusion,I am desired to invite your attention to the desirability of a translation of selections from the several Ianam Sikhs,or biographies of the Gurus,which will be of particular interest in historical point of view.

## ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ
## ਭਾਈ ਪ੍ਰਹਿਲਾਦ ਸਿੰਘ ਜੀ ਪ੍ਰਤੀ ਫੁਰਮਾਇਆ

# ਰਹਿਤਨਾਮਾ

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਾ

ੴ ਸਤਿਗੁਰ ਪ੍ਰਸਾਦਿ

## ਬਚਨ ਸ੍ਰੀ ਮੁਖਵਾਕ ਪਾਤਸ਼ਾਹੀ ੧੦

ਭਾਈ ਦਰਿਆਈ ਸਿੰਘ (ਉਦਾਸੀ ਸਿੱਖ) ਕੇ ਪਰਥਾਇ ਹੋਇਆ। ਬੋਲਣਾ ਹੋਇਆ ਸ਼੍ਰੀ ਸਤਿਗੁਰੂ ਜੀ ਕਾ ।

॥ਦੋਹਰਾ॥

ਅਬਚਲ ਨਗਰ ਬੈਠੇ ਗੁਰੂ ਮਨਿ ਮੈ ਕੀਆ ਬਿਚਾਰ।
ਬੋਲਿਆ ਸੱਚਾ ਸਤਿਗੁਰੂ ਮੂਰਤਿ ਸ੍ਰੀ ਕਰਤਾਰ।੧।

ਹੁਕਮ ਹੋਇਆ ਪ੍ਰਹਲਾਦ ਸਿੰਘ ਬਿਪ ਜਾਤਿ ਹੰਸ ਰਾਇ।
ਨਿਕਟ ਬੁਲਾਇਆ ਗੁਰੂ ਜੀ ਲੀਨੋ ਕੰਠ ਲਗਾਇ।੨।
ਪੰਥ ਚਲਿਓ ਹੈ ਜਗਤ ਮੇਂ ਗੁਰ ਨਾਨਕ ਪਰਸਾਦਿ।
ਰਹਿਤ ਬਤਾਈਐ ਖਾਲਸੇ ਸੁਣ ਭਾਈ ਪ੍ਰਹਲਿਾਦ।੩।

।ਚੌਪਈ।

ਹੋਇ ਸਿੱਖ ਸਿਰ ਟੋਪੀ ਧਰੈ।
ਸਾਤ ਜਨਮ ਕੁਸ਼ਟੀ ਹੋਇ ਮਰੈ।
ਜੋ ਸਿੱਖ ਗਲ ਮਹਿ ਤਾਗਾ ਮੇਲੈ।
ਚੌਪੜ ਬਾਜੀ ਗਨਕਾ ਖੇਲੈ ।੪।
ਜਨਮ ਸੁਆਨ ਪਾਵੈਗਾ ਕੋਟਿ ।
ਬੀਨਯੋ ਹਾਥ ਬੁਰਾ ਇਸ ਖੋਟ ।
ਪਗ ਉਤਾਰ ਪਰਸਾਦਿ ਜੋ ਖਾਵੈ।
ਸੋ ਸਿੱਖ ਕੁੰਭੀ ਨਰਕ ਸਿਧਾਵੈ।੫।

।ਦੋਹਰਾ।

ਮੀਣਾ ਔਰ ਮਸੰਦੀਆ ਮੋਨਾ ਕੁੜੀ ਮਾਰ।
ਹੋਇ ਸਿੱਖ ਵਰਤਨ ਕਰੈ ਅੰਤ ਕਰੇਂਗੇ ਖੁਆਰ।੬।
ਵਾਹਿਗੁਰੂ ਕੇ ਮੰਤਰ ਬਿਨ ਪੈਜ ਔਰ ਕੋਈ ਜਾਪ।
ਸੋ ਸਾਕਤ ਸਿਖ ਮੂਲ ਨਾਹਿ ਬਚਨ ਹੈ ਸ੍ਰੀ ਮੁਖਵਾਕ।੭।
ਮੇਰੇ ਹੁਕਮ ਮਾਨੈ ਨਹੀਂ ਕਰੈ ਨ ਸਿਖ ਕੀ ਸੇਵ।
ਸੋ ਬੀਰਜ ਮਲੇਛ ਕੋ ਪਰਗਟ ਪਛਾਨੋ ਭੇਵ।੮।

।ਚੌਪਈ।

ਹੁਕਮ ਦੇਖ ਕਾਰ ਨਹਿ ਰਾਖੈ।
ਗੋਲਕ ਗੋਪ ਮਿਥਿਆ ਮੁਖ ਭਾਖੈ।
ਕਾਰ ਭੇਟ ਸੁਖ ਮੰਜਤ ਚੁਰਾਵੈ ।
ਐਸਾ ਸਿਖ ਗੁਰੂ ਨਹੀਂ ਭਾਵੈ ।
ਝੂਟ ਪਰਿਓ ਮਾਇਆ ਕੀ ਫਾਸੀ ।
ਭਰਮਤਾ ਫਿਰੇ ਲਾਖ ਚੁਰਾਸੀ ।
ਸੋ ਬੀਰਜ ਮਲੇਛ ਕੋ ਜਾਨ।
ਸੁਨ ਭਾਈ ਪ੍ਰੀਹਲਾਦ ਸੁਜਾਨ।੯।
।ਦੋਹਰਾ।
ਗੁਰੂ ਖਾਲਸਾ ਆਦਿ ਲੌ ਕਹੋ ਥਾਪ ਜਗ ਮੋਹਿ।
ਸੋ ਸਾਕਤ ਨਰਕੀ ਸਦਾ ਇਨ ਸੋ ਕਰੇ ਜੋ ਧਰੋਹ।੧੦।
ਸੂਹੇ ਅੰਬਰ ਪਹਿਨ ਕਰਿ ਨੋ ਨਾਸੇ ਨਸਵਾਰ ।
ਲਗੇ ਤਾੜਨਾ ਸੀਸ ਪਰ ਸੁਟੀਏ ਨਰਕ ਮੰਝਾਰ।੧੧।
ਬਿਨ ਜਪੁ ਜਾਪੁ ਜਪੇ ਬਿਨ ਜੋ ਜੇਵੇ ਪਰਸਾਦਿ।
ਸੋ ਬਿਸਟਾ ਕਾ ਕਿਰਮ ਹੋਇ ਜਨਮੁ ਗਵਾਇਆ ਬਾਦਿ।੧੨।
।ਚੌਪਈ।
ਪ੍ਰਾਤਕਾਲ ਗੁਰ ਗੀਤ ਨ ਗਾਵੈ।
ਰਹਿਰਾਸ ਬਿਨਾ ਪਰਸਾਦਿ ਜੋ ਪਾਵੈ।
ਬਾਹਰ ਮੁਖੀ ਸਿਖ ਤਿਸ ਜਾਨੋ।
ਸਰਬ ਬਰਤਨ ਮਿਥਿਆ ਤਿਸ ਮਾਨੋ।੧੩।
ਲਖ ਚਉਰਾਸੀ ਭਰਮਤਾ ਫਿਰੈ ।

ਬਾਰਿ ਬਾਰਿ ਜਗ ਜਨਮੇ ਮਰੇ ।
ਗੁਰੂ ਬਚਨ ਸਿਉ ਤੂਟਾ ਜਾਇ।
ਦਰਗਹ ਤਾਕਉ ਮਿਲੈ ਸਜਾਇ।੧੪।
।ਦੋਹਰਾ।
ਅਕਾਲ ਪੁਰਖ ਕੋ ਛੋਡ ਕਰ ਭਜੈ ਦੇਵ ਕੋਈ ਔਰ ।
ਜਨਮ ਜਨਮ ਭਰਮਤਾ ਫਿਰੈ ਲਹੇ ਨ ਸੁਖ ਕੀ ਠੌਰ।
ਪਾਹਨ ਕੀ ਪੂਜਾ ਕਰੈ ਸਿਖ ਨ ਨਿਵਾਵੈ ਸੀਸ ।
ਸੋ ਸਾਕਤ ਨਿਰਗੁਰਾ ਸਦਾ ਮਾਰਿਆ ਸ੍ਰੀ ਜਗਦੀਸ ।੧੬।
ਕਰੀ ਥਾਪਨਾ ਜਾਸ ਕੀ ਮੋਹਿ ਜੋ ਅਪਨੇ ਹਾਥ।
ਤਿਸ ਕੀ ਸਮਰ ਜੋ ਕਰੈ ਜ਼ਰ ਜਾਵੈ ਕੁਲ ਸਾਥ।੧੭।
।ਚੌਪਈ।
ਗੁਰ ਨਾਨਕ ਗੁਰੂ ਅੰਗਦ ਬੰਸ।
ਅਮਰਦਾਸ ਤੀਨੋ ਕੀ ਅੰਸ ।
ਹੁਕਮ ਦਾਨ ਲਿਖ ਜਾਕਉ ਦੀਆ।
ਤਿਨ ਕੋ ਮਧ ਨਿਵਾਸ ਮੈਂ ਕੀਆ ।੧੮।
ਤਿਨ ਸਿਉ ਦੇਖ ਦੁਰੇ ਸਿਖ ਕੋਈ ।
ਤਿਨ ਕੀ ਮੁਕਤ ਮੂਲ ਨਹਿ ਹੋਈ ।
ਜੋ ਥਾਪ ਤਿਨ ਕੀ ਕਰਿ ਪੂਜਾ ।
ਆਨ ਦੇਵ  ਭਰਮਕ ਆਟੇ ਦੂਜਾ।੧੯।
।ਦੋਹਰਾ।
ਕਾਰ ਭੇਟ ਸੁਖ ਮਨਤ ਕਰ ਜੋ ਸਿਖ ਚਿਤ ਭਰਮਾਏ ।

ਸੋ ਸਾਕਤ ਪਾਪੀ ਸਦਾ ਬਿਕਟ ਰੂਪ ਹੋਇ ਜਾਇ ।੨੦।
ਕੂੜੀ ਮਾਰ ਮਸੰਦ ਜੋ ਮੀਣੇ ਕਾ ਪ੍ਰਸਾਦਿ ।
ਲਏ ਜੁ ਇਨ ਕੇ ਹਾਥ ਕਾ ਜਨਮ ਗਵਾਵੈ ਬਾਦ।੨੧।
ਛਾਡਿ ਸਿਖਨ ਕੇ ਚਰਨ ਕੋ ਲਏ ਪੰਥ ਜੋ ਹੋਰ ।
ਐਥੇ ਓਤੇ ਦੁਖ ਲਹੈ ਗੁਰ ਸਿਖਨ ਕੋ ਚੋਰ ।੨੨।
।ਚੌਪਈ।
ਮੜੀ ਗੋਰ ਦੇਵਲ ਜੋ ਮਾਨੈ ।
ਪਰ ਪੰਥ ਕੋ ਊਚ ਬਖਾਨੈ ।
ਸੋ ਸਾਕਤ ਗੁਰ ਕਾ ਸਿਖ ਨਾਹੀ ।
ਫਾਸ ਪਰਿਓ ਜਮ ਕੰਕਰ ਪਾਹੀ ।੨੩।
ਟੋਪੀ ਦੇਖ ਨਿਵਾਵੇ ਸੀਸ।
ਸੋ ਸਿਖ ਨਰਕੀ ਬਿਸਵੇ ਬੀਸ।
ਅਕਾਲ ਪੁਰਖ ਕੀ ਸੇਵਾ ਕਰੈ।
ਸ਼ੋ ਸਿਖ ਬੰਸ ਸਗਲ ਲੈ ਤਰੈ।੨੪।
।ਦੋਹਰਾ।
ਗੁਰੂ ਖਾਲਸਾ ਮਾਨਿਯੈ ਪਰਗਟ ਗੁਰਾਂ ਕੀ ਦੇਹ।
ਜੋਇ ਸਿਖ ਮਿਲਬੋ ਚਹੈ ਖੋਜ ਇਨੋ ਮੇ ਲੇਹ।੨੫।
ਕਾਨ ਕਟੇ ਅਰ ਤੁਰਕ ਕਾ ਕਰੈ ਨ ਮੂਲ ਬਿਸਾਹ।
ਜੋ ਸਿਖ ਮੋ ਹਿਤ ਨ ਕਰੈ ਸੋ ਨਰਕੈ ਪਰ ਜਾਇ।੨੬।
ਸਤਿਗੁਰ ਕੀ ਬਾਣੀ ਬਿਨਾਂ ਰਸਨ ਰਟੇ ਜੇ ਹੋਰ।
ਸੋ ਮਾਰਿਆ ਜਗਦੀਸ ਕਾ ਪਰੈ ਨਰਕ ਮੈ ਘੋਰ।੨੭।

।ਚੌਪਈ ।

ਛੇ ਦਰਸਨ ਕੀ ਜੋ ਮਤ ਧਾਰੈ।

ਕੁਲ ਸੰਬੂਹ ਲੈ ਨਰਕ ਸਿਧਾਰੇ।

ਬਾਝ ਗੁਰੂ ਸਿਖਨ ਕੀ ਸੇਵਾ ।

ਮਿਥਿਆ ਮਾਨੇ ਸੁਰ ਨਰ ਦੇਵਾ।੨੮

ਅਕਾਲ ਪੁਰਖ ਕੀ ਮੂਰਤਿ ਏਹ ।

ਪਰਗਟਿਓ ਆਪ ਖਾਲਸਾ ਦੇਹ।

ਮੰਮ ਰੰਚਕ ਮਿਥਿਆ ਨਹੀਂ ਭਾਖੀ ।

ਗੁਰ ਨਾਨਕ ਗੁਰ ਅੰਗਦ ਸਾਖੀ।੨੯।

।ਦੋਹਰਾ।

ਲੈਣਾ ਦੇਣਾ ਖਾਲਸੇ ਆਨ ਦੇਵ ਸਭ ਝੂਠ।

ਅਉਰ ਦੇਵ ਇਉਂ ਮਾਨੀਏ ਜਿਉਂ ਬਾਰੂ ਕੀ ਮੂਠ।੩੦

ਅਕਾਲ ਪੁਰਖ ਕੇ ਬਚਨ ਸਿਉ ਪਰਗਟ ਚਲਾਇਓ ਪੰਥ।

ਸਭ ਸਿਖਨ ਕੋ ਬਚਨ ਹੈ ਗੁਰੂ ਮਾਨੀਓ ਗ੍ਰੰਥ।੩੧।

ਥਾਪ ਚਲਿਓ ਜੋ ਜਗਤ ਮੈ ਤਿਨਹਿ ਨਿਵਾਵਉ ਮਾਥ ।

ਵਾਹਿਗੁਰੂ ਕੇ ਮੰਤ੍ਰ ਬਿਨ ਮਿਥਿਆ ਸਾਰੀ ਗਾਥ।੩੨।

।ਚੌਪਈ।

ਸਿਖ ਕਉ ਸਿਖ ਜਉ ਅੰਬਰ ਕੀਨਾ ।

ਕੋਟ ਅਸਮੇਧ ਜਗ ਫਲ ਦੀਨਾ ।

ਜੋ ਗੁਰ ਕੀ ਬਾਣੀ ਸਿਖਲਾਵੈ ।

ਜੀਵਨ ਮੁਕਤ ਪਦਾਰਥ ਪਾਵੈ ।

ਚਾਪੀ ਕਰੈ ਮਲੈ ਸਿਖ ਚਰਨਾ ।
ਤਿਸ ਸਿਖ ਕੋ ਮੈਂ ਲੀਨੋ ਸਰਨਾ ।
ਕਰੈ ਪਰਸਾਦਿ ਸਿਖ ਮੁਖ ਪਾਵੈ ।
ਤਿਸ ਸਿਖ ਕੇ ਗੁਰ ਵਾਰਨੇ ਜਾਵੈ ।੩੩।
।ਦੋਹਰਾ।
ਰਹਿਰਾਸ ਸਮੇਂ ਗੁਰੁ ਹੁਕਮ ਕੋ ਪੜੈ ਪਰੀਤ ਚਿਤ ਲਾਇ।
ਏਕ ਬਾਰ ਰਸਨਾ ਰਟੈ ਪਰਗਟ ਮਿਲੈ ਮੁਹਿ ਆਇ।੩੪।
ਸੰਮਤ ਸਤ੍ਰਾ ਸੈ ਭਏ ਬਰਸ ਬਵੰਜਾ ਨਿਹਾਰ ।
ਮਾਘ ਵਦੀ ਥਿਤ ਪੰਚਮੀ ਰਵੀ ਵਾਰ ਸੁਭ ਵਾਰ।੩੫।
।ਚੌਪਈ।
ਬਚਨ ਪਰਤੀਤ ਰਖੈ ਸਿਖ ਜੋਈ।
ਤੈਸੇ ਹੀ ਫਲ ਪ੍ਰਾਪਤ ਹੋਈ ।
ਗੁਰ ਕਾ ਬਚਨ ਗੁਰੂ ਕੀ ਮੂਰਤਿ ।
ਭੁਗਤਿ ਮੁਕਤਿ ਵਰ ਸਾਰੇ ਪੂਰਤਿ ।
ਰਹਿਣੀ ਰਹੈ ਸੋਈ ਸਿਖ ਮੇਰਾ।
ਉਹ ਸਾਹਿਬ ਮੈਂ ਉਸ ਕਾ ਚੇਰਾ।
ਕਰੇ ਅਕਾਲ ਪੁਰਖ ਕੀ ਆਸਾ।
ਜਨਮ ਮਰਨ ਕਟ ਡਾਰੇਫਾਸਾ।੩੬
।ਦੋਹਰਾ।
ਸਤਿ ਅਕਾਲ ਸ੍ਰੀ ਵਾਹਿਗੁਰੂ ਪਰਮ ਬੀਜ ਇਹ ਮੰਤ।
ਸਬ ਸਿਖਨ ਕੋ ਬਚਨ ਹੈ ਗੁਰੂ ਮਾਨਓ ਗ੍ਰੰਥ ।੩੭।

।ਚੌਪਈ।

ਕੱਛ ਕੇਸ ਕੰਘਾ ਕਿਰਪਾਨ ।

ਕੜਾ ਔਰ ਜੋ ਕਰੋ ਬਖਾਨ।

ਇਹ ਕੱਕੇ ਪੰਜ ਤੁਮ ਮਾਨੋ ।

ਗੁਰ ਗ੍ਰੰਥ ਕੋ ਤੁਮ ਸਭ ਜਾਨੋ।

ਗੁਰਮੁਖ ਸਿੰਘ ਆਗਿਆ ਮੁਹਿ ਦੀਨੀ ।

ਰਹਿਤਨਾਮਾ ਤੁਮ ਲਿਖੋ ਨਵੀਨੀ ।੧।

ਇਤੀ ਸ੍ਰੀ ਰਹਿਤ ਨਾਮਾ ਸ੍ਰੀ ਗੁਰੂ ਕਲਗੀਧਰ ਗੁਰੂ ਗੋਬਿੰਦ ਸਿੰਘ ਜੀ ਭਾਈ ਪ੍ਰਹਿਲਾਦ ਸਿੰਘ ਪ੍ਰਤੀ ।

# ਅਥ ਤਨਖਾਹ ਨਾਮਾ

## ਪ੍ਰਸ਼ਨ ਭਾਈ ਨੰਦ ਲਾਲ ਜੀ

## ਵਾਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੇ

।ਦੋਹਰਾ।

ਪ੍ਰਸ਼ਨ ਕੀਆ ਨੰਦ ਲਾਲ ਜੀ ਗੁਰੂ ਬਤਾਈਏ ਮੋਹਿ।
ਕਵਨ ਕਰਮ ਇਨ ਜੋਗ ਹੈ ਕਵਨ ਕਰਮ ਇਨ ਸੋਹਿ।੧।

।ਦੋਹਰਾ।

ਨੰਦ ਲਾਲ ਤੁਮ ਬਚਨ ਸੁਨੋ ਸਿਖ ਕਰਮ ਹੈ ਇਹੁ ।
ਨਾਮ ਦਾਨ ਇਸ਼ਨਾਨ ਬਿਨੁ ਕਰੇ ਨਾ ਅੰਨ ਸਿਉ ਨੇਹੁ।੨।

।ਚੌਪਈ।

ਪ੍ਰਾਤਕਾਲ ਸਤਸੰਗ ਨ ਜਾਵੈ।
ਤਨਖਾਹਦਾਰ ਵਹੁ ਬਡਾ ਕਹਾਵੈ।
ਸਤਿਸੰਗ ਜਾਇ ਕਰ ਚਿਤੁ ਡੁਲਾਵੈ।
ਈਹਾ ਊਹਾ ਠਉਰ ਨ ਪਾਵੈ।੩।
ਹਰ ਜਸ ਤੇ ਸੁਨਤੇ ਬਾਤ ਚਲਾਵੈ।

ਗੋਬਿੰਦ ਸਿੰਘ ਵੁਹ ਜਮਪੁਰ ਜਾਵੈ ।
ਨਿਰਧਨ ਦੇਖੁ ਨ ਪਾਸਿ ਬਹਾਵੈ।
ਸੋ ਤਨਖਾਹੀ ਮੂਲ ਕਹਾਵੈ ।੪।
ਸਬਦੁ ਗਿਆਨ ਦਿਨ ਕਰੇ ਜੋ ਬਾਤ।
ਤਾਕੇ ਕਛੂ ਨ ਆਵੈ ਹਾਥ ।
ਸ਼ਬਦ ਭੋਗ ਨਾ ਨਿਵਾਵੈ ਸੀਸ ।
ਤਾਕੋ ਮਿਲੈ ਨ ਪਰਮ ਜਗਦੀਸ।੫।
।ਦੋਹਰਾ।
ਜੋ ਪ੍ਰਸਾਦਿ ਕੋ ਬਾਟ ਹੈ ਮਨ ਮੈਂ ਧਾਰੈ ਲੋਭ।
ਕਿਸੇ ਥੋੜਾ ਕਿਸੇ ਅਗਲਾ ਸਦਾ ਰਹੇ ਤਿਸੁ ਸੋਗੁ।੬।
।ਚੌਪਈ।
ਕੜਾਹ ਪ੍ਰਸਾਦਿ ਕੀ ਬਿਦ ਸੁਨਿ ਲੀਜੈ।
ਤੀਨ ਭਾਂਤ ਕੋ ਸਮਸਰ ਕੀਜੈ।
ਲੇਪਨ ਆਗੈ ਬਹੁਕਰ ਦੀਜੈ।
ਮਾਂਜਨ ਕਰਿ ਭਾਂਜਨ ਧੋਵੀਜੈ।੭।
ਕਰ ਇਸ਼ਨਾਨ ਪਵਿਤ ਹੋਇ ਬਹੈ।
ਵਾਹਿਗੁਰੂ ਬਿਨੁ ਅਵਰ ਨ ਕਹੈ।
ਨਵਤਨ ਕੁੰਭ ਪੂਰ ਜਲ ਲੇਹਿ।
ਗੋਬਿੰਦ ਸਿੰਘ ਸਫਲ ਤਿਨ ਦੇਹਿ।੮।
ਕਰ ਤਿਆਰ ਚੌਕੀ ਪਰ ਧਰੈ ।
ਚਾਰ ਓਰ ਕੀਰਤਨ ਬਹਿ ਕਰੈ।੯।

।ਦੋਹਰਾ।

ਮੁਹਰ ਤੁਰਕ ਕੀ ਸਿਰ ਧਰੈ ਲੋਹ ਲਗਾਵੈ ਚਰਨ।
ਕਹੈ ਗੋਬਿੰਦ ਸਿੰਘ ਸੁਣੋ ਲਾਲ ਜੀ ਫਿਰ ਫਿਰ ਹੁਇ ਤਿਸੁ ਮਰਨ।੧੦।

।ਚੌਪਈ।

ਲਗੇ ਦੀਵਾਨ ਸੁਣ ਮੂਲ ਨ ਜਾਵੈ।
ਰਹਿਤ ਬਿਨਾਂ ਪਰਸਾਦਿ ਵਰਤਾਵੈ।
ਸੂਹਾ ਪਹਿਨ ਲਏ ਨਸਵਾਰ।
ਕਹੈ ਗੋਬਿੰਦ ਸਿੰਘ ਜਮ ਕਰੇ ਖੁਆਰ।੧੧।
ਮਾਇ ਭੈਣ ਜੋ ਆਵੈ ਸੰਗਤਿ ।
ਦ੍ਰਿਸ਼ਟਿ ਬੁਰੀ ਦੇਖੇ ਤਿਸ ਪੰਗਤ।
ਸਿਖ ਹੋਇ ਸੋ ਕਰਤ ਕਰੋਧ ।
ਕੰਨਿਆ ਮੂਲ ਨ ਦੇਵੈ ਸੋਧ।
ਧੀਅ ਭੈਣ ਕਾ ਪੈਸਾ ਖਾਇ ।
ਕਹੈ ਗੋਬਿੰਦ ਸਿੰਘ ਧੱਕੇ ਜਮ ਖਾਇ।
ਸਿਖ ਹੋਏ ਬਿਨ ਲੋਹੁ ਜੁ ਫਿਰੈ ।
ਆਵਤ ਜਾਵਤ ਜਨਮੇ ਮਰੈ ।
ਮਾਲ ਅਥਿੱਤ ਕਾ ਬਲ ਕਰ ਛਲੈ ।
ਜਪੁ ਤਪੁ ਤਾਂਕੋ ਸਭ ਨਹਿ ਫਲੈ।੧੨।

।ਸੋਰਠਾ।

ਕੰਘਾ ਦੋਨੋ ਵਕਤ ਕਰ ਪਗ ਚੁਨੇ ਕਰ ਬਾਂਧਈ।
ਦਾਤਨ ਨਿਤ ਕਰੇ ਨਾ ਦੁਖ ਪਾਵੈ ਨੰਦ ਲਾਲ ਜੀ ।੧੩।

।ਦੋਹਰਾ।

ਦਸਵੰਧ ਗੁਰੂ ਨਹਿ ਦੇਵਈ ਝੂਠ ਬੋਲ ਜੋ ਖਾਇ।
ਕਹੇ ਗੋਬਿੰਦ ਸਿੰਘ ਲਾਲ ਜੀ ਤਿਸ ਕਾ ਕੁਝ ਨ ਵਿਸਾਹ।੧੪।

।ਚੌਪਈ।

ਠੰਢੇ ਪਾਣੀ ਜੋ ਨਹੀਂ ਨ੍ਹਾਵੇ ।
ਬਿਨ ਜਪੁ ਪੜੇ ਪ੍ਰਸਾਦਿ ਜੁ ਪਾਵੈ।
ਬਿਨ ਰਹਿਰਾਸ ਸਮਾ ਜੋ ਖੋਵੈ।
ਕੀਰਤਨ ਪੜ੍ਹੇ ਰੈਨ ਜੋ ਸੋਵੈ।੧੫।
ਚੁਗਲੀ ਕਰ ਜੋ ਕਾਜ ਬਿਗਾਰੈ।
ਧ੍ਰਿਗੁ ਤਿਸ ਜਨਮ ਜੁ ਧਰਮ ਬਿਸਾਰੈ।
ਕਰੈ ਬਚਨ ਜੋ ਪਾਲੈ ਨਾਹੀ।
ਕਹੈ ਗੋਬਿੰਦ ਸਿੰਘ ਤਿਸ ਠੋਰ ਨਾਹੀ।੧੬।
ਲੈ ਤੁਰਕਨ ਤੇ ਮਾਸ ਜੋ ਖਾਵੈ।
ਬਿਨ ਗੁਰਸਬਦ ਬਚਨ ਜੋਈ ਗਾਵੈ।
ਤਿਰੀਆ ਰਾਗ ਸੁਣੇ ਚਿਤ ਲਾਇ।
ਸੁਣੋ ਲਾਲ ਸੁ ਜਮ ਪੁਰ ਜਾਇ।੧੭
।ਚੌਪਈ।

ਅਰਦਾਸ ਬਿਨਾ ਜੋ ਕਾਜ ਸਿਧਾਵੈ।
ਭੇਟ ਕੀਏ ਬਿਨੁ ਕਛੁ ਮੁਖ ਪਾਵੈ।
ਤਿਆਗੀ ਬਸਤ ਗ੍ਰਸਨ ਜੋ ਕਰੈ।
ਬਿਨੁ ਤਿਰੀਆ ਆਪਣੀ ਸੇਜ ਜੋ ਧਰੈ।੧੮।

ਅਥਿਤ ਦੇਖ ਨਹੀਂ ਦੇਵੇ ਦਾਨ ।
ਸੋ ਨਹੀਂ ਪਾਵੈ ਦਰਗਹ ਮਾਨ।
ਕੀਰਤਨ ਕਥਾ ਸਿਉ ਮਨ ਨਹੀਂ ਲਾਵੈ।
ਸੰਤ ਸਿਖ ਕੋ ਬੁਰਾ ਅਲਾਵੈ ।੧੯।
ਨਿੰਦਾ ਜੂਆ ਹਿਰੈ ਜੁ ਮਾਲ।
ਮਹਾਂ ਦੁਖੀ ਤਿਸ ਕੇ ਕਾਲ।
ਗੁਰ ਕੀ ਨਿੰਦਾ ਸੁਨੇ ਨ ਕਾਨ।
ਭੇਟਾ ਕਰੇ ਸੰਗ ਕਿਰਪਾਨ।੨੦।
।ਦੋਹਰਾ।
ਗੋਲਕ ਰਾਖੇ ਨਾਹੀ ਛਲ ਕਾ ਕਰੇ ਵਪਾਰ।
ਕਹੇ ਗੋਬਿੰਦ ਸਿੰਘ ਲਾਲ ਜੀ ਭੋਗੇ ਨਰਕ ਹਜ਼ਾਰ।੨੧
।ਚੌਪਈ।
ਵਾਹਿਗੁਰੂ ਬਿਨ ਕਹੈ ਜੋ ਖਾਵੈ।
ਵੇਸਵਾ ਦੁਆਰੇ ਸਿਖ ਜੋ ਜਾਵੈ।
ਪਰ ਇਸਤਰੀ ਸਿਉ ਨੇਹੁ ਲਗਾਵੈ।
ਕਹੇ ਗੋਬਿੰਦ ਸਿੰਘ ਵਹੁ ਸਿਖ ਨਹੀਂ ਭਾਵੇ।੨੨।
ਗੁਰ ਤਲਪੀ ਕਪਟੀ ਹੈ ਜੋਇ।
ਬਡੋ ਤਨਖਾਹੀ ਜਾਨੋ ਸੋਇ।
ਗੁਰ ਕੋ ਛੋਡ ਅਵਰ ਸਿਉ ਮਾਂਗੇ।
ਰਾਤ੍ਰੀ ਸਵੇਂ ਤੇੜ ਹੋਇ ਨਾਂਗੇ।੨੩
।ਦੋਹਰਾ।

ਨਗਨ ਹੋਇ ਬਾਹਰ ਫਿਰੇ ਨਗਨ ਸੀਸ ਜੋ ਖਾਇ।
ਨਗਨ ਪਰਸਾਦਿ ਜੋ ਬਾਟਈ ਤਨਖਾਹੀ ਬਡੋ ਕਹਾਇ।੨੪।
।ਚੌਪਈ।
ਖਾਲਸਾ ਸੋਈ ਜੋ ਨਿੰਦਾ ਤਿਆਗੇ।
ਖਾਸਾ ਸੋਈ ਲੜੇ ਹੋਇ ਆਗੇ ।
ਖਾਲਸਾ ਸੋਈ ਜੋ ਪੰਚਾਂ ਕੋ ਮਾਰੇ।
ਖਾਲਸਾ ਸੋਈ ਕਰਮਾਂ ਕੋ ਸਾੜੇ ।
ਖਾਲਸਾ ਸੋਈ ਜੋ ਮਾਨ ਤਿਆਗੇ।
ਖਾਲਸਾ ਸੋਈ ਜੋ ਪਰ ਤ੍ਰਿਯਾ ਤਿਆਗੇ।੨੫।
ਖਾਲਸਾ ਸੋਈ ਜੋ ਪਰ ਦ੍ਰਿਸ਼ਟ ਕਉ ਤਿਆਗੇ।
ਖਾਲਸਾ ਸੋਈ ਜੋ ਨਾਮ ਰਤ ਲਾਗੇ ।
ਖਾਲਸਾ ਸੋਈ ਗੁਰੂਬਾਣੀ ਹਿਤ ਲਾਵੇ।
ਖਾਲਸਾ ਸੋਈ ਸਾਰ ਮੁਹਿ ਖਾਵੇ ।੨੬।
।ਦੋਹਰਾ।
ਖਲਕ ਖਾਲਕ ਕੀ ਜਾਨ ਕੇ ਖਲਕ ਦੁਖਾਵੇ ਨਾਹਿ।
ਖਲਕ ਦੁਖੇ ਨੰਦਲਾਲ ਜੀ ਖਾਲਕ ਕੋਪੇ ਤਾਹਿ।੨੭।
।ਚੌਪਈ।
ਖਾਲਸਾ ਸੋਈ ਨਿਰਧਨ ਕੋ ਪਾਲੇ।
ਖਾਲਸਾ ਸੋਈ ਨਾਮ ਜਪ ਕਰੇ।
ਖਾਲਸਾ ਸੋਈ ਮਲੇਛ ਪਰ ਚੜੈ।੨੮।
ਖਾਲਸਾ ਸੋਈ ਨਾਮ ਸਿਉ ਜੋੜੇ।

ਖਾਲਸਾ ਸੋਈ ਬੰਧਨ ਕੋ ਤੋੜੇ।
ਖਾਲਸਾ ਸੋਈ ਜੁ ਚੜੈ ਤਰੰਗ।
ਖਾਲਸਾ ਸੋਈ ਜੋ ਕਰੇ ਨਿਤ ਜੰਗ।੨੯।
ਖਾਲਸਾ ਸੋਈ ਸ਼ਸ਼ਤਰ ਕਉ ਧਾਰੇ।
ਖਾਲਸਾ ਸੋਈ ਦੁਸਟ ਕਉ ਮਾਰੇ।੩੦।
।ਦੋਹਰਾ।
ਦੋਹੀ ਫਿਰੇ ਅਕਾਲ ਕੀ ਨਿੰਦਾ ਕਰੇ ਨ ਕੋਇ।
ਬਨ ਪਰਬਤ ਸਭ ਭਜਹਿਗੇ ਤਰਹਿ ਜਗਤ ਮੇਂ ਸੋਇ।੩੧।
।ਚੌਪਈ।
ਸੁਣੋ ਲਾਲ ਜੀ ਏਹੋ ਸਾਰ।
ਜਬਹ ਕਰੂੰਗਾ ਆਪਨਿ ਰਾਜਿ।
ਚਾਰ ਬਰਨ ਇਕ ਬਰਨ ਕਰਾਊਂ।
ਵਾਹਿਗੁਰੂ ਕਾ ਜਾਪ ਜਪਾਊਂ।੩੨।
ਸਵਾ ਲਾਖ ਸੇ ਏਕ ਲਰਾਊਂ।
ਚਿੜੀਆਂ ਕੋਲੋਂ ਬਾਜ ਤੁੜਵਾਊਂ।
ਤਬਹਿ ਗੋਬਿੰਦ ਸਿੰਘ ਨਾਮ ਕਹਾਊਂ।
ਚੜਹਿੰ ਸਿੰਘ ਤਿਸੁ ਮੁਕਤ ਕਰਾਊਂ।੩੩।
ਝੁਲਣ ਨੇਜੇ ਹਸਤੀ ਸਾਜੇ।
ਦੁਆਰ ਦੁਆਰ ਪਰ ਨਉਬਤ ਬਾਜੇ।
ਸਵਾ ਲਾਖ ਜਬ ਧੁਖੇ ਪਲੀਤਾ।
ਤਬ ਖਾਲਸਾ ਉਦੇ ਅਸਤ ਲੋ ਜੀਤਾ।੩੪।

।ਦੋਹਰਾ।

ਰਾਜ ਕਰੇ ਗਾ ਖਾਲਸਾ ਆਕੀ ਰਹੇ ਨਾ ਕੋਇ।

ਖਵਾਰ ਹੋਇ ਸਭ ਮਿਲੈਂਗੇ ਬਚੈ ਸਰਨ ਜੋ ਹੋਇ।੩੫।

ਬਚਨ ਹੈ ਸ੍ਰੀ ਗੁਰੂ ਜੀ ਕਿ ਜੋ ਕੋਈ ਸਿਖ ਕਾ ਬੇਟਾ ਹੋਇ ਅਰ ਮੋਨਾ ਹੋਇ ਜਾਵੇ,ਤਿਸ ਕੀ ਜੜ ਸੁਕੀ ਔਰ ਜੋ ਮੋਨਾ ਸਿਖ ਹੋ ਜਾਵੇ ਤਾਂ ਤਿਸ ਕੀ ਜੜ ਹਰੀ ।

Address:-
Gobind Sadan USA,
134,Graves Road,
Central Square,N.Y.13036
Ph:-(315)676-2308 0r (315)668-9155